ਜਿਲਦ: 6,ਅੰਕ:16

16-28 ਫਰਵਰੀ, 2026 (ਮੁਫ਼ਤ)

# ਨਿਊ ਇੰਡੀਆ ਸਮਾਚਾਰ



## ਆਮ ਬਜਟ 2026-2027

# ਵਿਕਸਿਤ ਭਾਰਤ ਵੱਲ ਨਿਰਣਾਇਕ ਕਦਮ

ਰਿਫੌਰਮ ਐਕਸਪ੍ਰੈੱਸ 'ਤੇ ਸਵਾਰ ਭਾਰਤ ਨੂੰ ਆਮ ਬਜਟ 2026-27 ਤੋਂ ਮਿਲੀ ਹੋਰ ਵੱਧ ਨਵੀਂ ਊਰਜਾ, ਨਵੀਂ ਗਤੀ...

ਈ-ਕਾਪੀ ਦੇ ਲਈ QR ਸਕੈਨ ਕਰੋ



# ਜਨਤਕ-ਭਾਗੀਦਾਰੀ ਅਤੇ ਸਮੂਹਿਕਤਾ ਦੀ ਭਾਵਨਾ ਦੇਸ਼ ਦੀ ਸਭ ਤੋਂ ਵੱਡੀ ਤਾਕਤ

ਆਜ਼ਮਗੜ੍ਹ ਹੋਵੇ ਜਾਂ ਅਨੰਤਪੁਰ ਜਾਂ ਫਿਰ ਦੇਸ਼ ਵਿੱਚ ਕੋਈ ਹੋਰ ਥਾਂ, ਲੋਕ ਇਕਜੁੱਟ ਹੋ ਕੇ ਕਰਤੱਵ ਭਾਵ ਨਾਲ ਵੱਡੇ ਸੰਕਲਪ ਸਿੱਧ ਕਰ ਰਹੇ ਹਨ। ਜਨਤਕ-ਭਾਗੀਦਾਰੀ ਅਤੇ ਸਮੂਹਿਕਤਾ ਦੀ ਇਹੀ ਭਾਵਨਾ ਦੇਸ਼ ਦੀ ਸਭ ਤੋਂ ਵੱਡੀ ਤਾਕਤ ਹੈ। ਵਰ੍ਹੇ 2026 ਦੇ ਆਪਣੇ ਪਹਿਲੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲੋਕਤੰਤਰ ਵਿੱਚ ਵੋਟ ਦੇ ਮਹੱਤਵ, ਏਆਈ, ਮਿਲਟਸ, ਭਾਰਤ ਦੇ ਤਿਉਹਾਰ, ਸੱਭਿਆਚਾਰ ਅਤੇ ਸਟਾਰਟਅੱਪ ਸਮੇਤ ਕਈ ਵਿਸ਼ਿਆਂ 'ਤੇ ਕੀਤੀ ਚਰਚਾ। ਪੇਸ਼ ਹਨ ਮੁੱਖ ਅੰਸ਼...

- **ਵੋਟਰ ਬਣਨ ਯੁਵਾ:** ਮੈਂ ਆਪਣੇ ਯੁਵਾ ਸਾਥੀਓ ਨੂੰ ਤਾਕੀਦ ਕਰਾਂਗਾ ਕਿ ਉਹ 18 ਸਾਲ ਦਾ ਹੋਣ 'ਤੇ ਵੋਟਰ ਦੇ ਰੂਪ ਵਿੱਚ ਖੁਦ ਨੂੰ ਜ਼ਰੂਰ ਰਜਿਸਟਰ ਕਰਨ। ਸੰਵਿਧਾਨ ਨੇ ਹਰ ਨਾਗਰਿਕ ਤੋਂ ਜਿਸ ਕਰਤੱਵ ਭਾਵਨਾ ਦੇ ਪਾਲਣ ਦੀ ਉਮੀਦ ਰੱਖੀ ਹੈ ਇਸ ਨਾਲ ਉਹ ਉਮੀਦ ਵੀ ਪੂਰੀ ਹੋਵੇਗੀ ਅਤੇ ਭਾਰਤ ਦਾ ਲੋਕਤੰਤਰ ਵੀ ਮਜ਼ਬੂਤ ਹੋਵੇਗਾ।
- **ਸਟਾਰਟਅੱਪ:** ਭਾਰਤ ਵਿੱਚ ਅੱਜ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟਅੱਪ ਈਕੋਸਿਸਟਮ ਬਣ ਚੁੱਕਿਆ ਹੈ। ਇਹ ਸਟਾਰਟਅੱਪ ਲੀਕ ਤੋਂ ਹਟ ਕੇ ਹਨ। ਅੱਜ ਉਹ ਅਜਿਹੇ ਸੈਕਟਰ ਵਿੱਚ ਕੰਮ ਕਰ ਰਹੇ ਹਨ, ਜਿਨ੍ਹਾਂ ਬਾਰੇ 10 ਸਾਲ ਪਹਿਲਾਂ ਤੱਕ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।
- **ਭਾਰਤੀ ਉਤਪਾਦ ਹੋਵੇ- ਟੌਪ ਕੁਆਲਿਟੀ:** ਸਾਡੇ ਸਾਰਿਆਂ ਦਾ ਇੱਕ ਹੀ ਮੰਤਰ ਹੋਵੇ ਕੁਆਲਿਟੀ, ਕੁਆਲਿਟੀ ਅਤੇ ਸਿਰਫ਼ ਕੁਆਲਿਟੀ। ਕੱਲ੍ਹ ਤੋਂ ਅੱਜ ਬਿਹਤਰ ਕੁਆਲਿਟੀ। ਅਸੀਂ ਜੋ ਵੀ ਨਿਰਮਾਣ ਕਰ ਰਹੇ ਹਾਂ, ਉਸ ਦੀ ਕੁਆਲਿਟੀ ਨੂੰ ਬਿਹਤਰ ਬਣਾਉਣ ਦਾ ਸੰਕਲਪ ਲਈਏ। ਭਾਵੇਂ ਸਾਡੇ ਟੈਕਸਟਾਈਲ ਹੋਣ, ਟੈਕਨੋਲੋਜੀ ਹੋਵੇ ਜਾਂ ਫਿਰ ਇਲੈਕਟ੍ਰੌਨਿਕਸ ਪੈਕੇਜਿੰਗ ਵੀ, ਭਾਰਤੀ ਪ੍ਰੋਡਕਟ ਦਾ ਮਤਲਬ ਹੀ ਬਣ ਜਾਵੇ- ਟੌਪ ਕੁਆਲਿਟੀ।
- **ਜਨਤਕ-ਭਾਗੀਦਾਰੀ:** ਆਜ਼ਮਗੜ੍ਹ ਵਿੱਚ ਲੋਕਾਂ ਨੇ ਤਮਸਾ ਨਦੀ ਨੂੰ ਨਵਾਂ ਜੀਵਨ ਦਿੱਤਾ, ਅਨੰਤਪੁਰ ਵਿੱਚ ਜਨਤਕ-ਭਾਗੀਦਾਰੀ ਤੋਂ 10 ਜਲ ਭੰਡਾਰਾਂ ਨੂੰ ਜੀਵਨਦਾਨ ਮਿਲਿਆ ਹੈ। ਇਹ ਦੇਖ ਕੇ ਖੁਸ਼ੀ ਹੁੰਦੀ ਹੈ ਕਿ ਲੋਕ ਇਕਜੁੱਟ ਹੋ ਕੇ ਕਰਤੱਵ ਭਾਵ ਤੋਂ ਵੱਡੇ ਸੰਕਲਪ ਸਿੱਧ ਕਰ ਰਹੇ ਹਨ। ਜਨਤਕ-ਭਾਗੀਦਾਰੀ ਅਤੇ ਸਮੂਹਿਕਤਾ ਦੀ ਇਹੀ ਭਾਵਨਾ ਸਾਡੇ ਦੇਸ਼ ਦੀ ਸਭ ਤੋਂ ਵੱਡੀ ਤਾਕਤ ਹੈ।
- **ਨੌਜਵਾਨਾਂ ਦੀ ਭਗਤੀ:** ਦੇਸ਼ ਵਿੱਚ ਭਜਨ ਅਤੇ ਕੀਰਤਨ ਸਦੀਆਂ ਤੋਂ ਸਾਡੇ ਸੱਭਿਆਚਾਰ ਦੀ ਆਤਮਾ ਰਿਹਾ ਹੈ। ਅਸੀਂ ਮੰਦਿਰਾਂ ਵਿੱਚ ਭਜਨ ਸੁਣੇ ਹਨ। ਹਰ ਪੀੜ੍ਹੀ ਨੇ ਆਪਣੇ ਤਰੀਕੇ ਨਾਲ ਭਗਤੀ ਦਾ ਅਨੁਭਵ ਕੀਤਾ ਹੈ। ਅੱਜ ਦੀ ਪੀੜ੍ਹੀ ਵੀ ਕੁਝ ਨਵੇਂ ਕਮਾਲ ਕਰ ਰਹੀ ਹੈ। ਅੱਜ ਦੇ ਨੌਜਵਾਨਾਂ ਨੇ ਭਗਤੀ ਨੂੰ ਆਪਣੇ ਅਨੁਭਵ ਅਤੇ ਆਪਣੀ ਜੀਵਨ-ਸ਼ੈਲੀ ਵਿੱਚ ਢਾਲ ਦਿੱਤਾ ਹੈ।
- **ਈਅਰ ਆਫ ਫੈਮਿਲੀ:** ਭਾਰਤ ਦੀ ਪਰਿਵਾਰ ਵਿਵਸਥਾ ਸਾਡੀ ਪਰੰਪਰਾ ਦਾ ਅਨਿੱਖੜਵਾਂ ਹਿੱਸਾ ਹੈ। ਦੁਨੀਆ ਦੇ ਕਈ ਦੇਸ਼ਾਂ ਵਿੱਚ ਇਸ ਨੂੰ ਬਹੁਤ ਦਿਲਚਸਪੀ ਦੇ ਨਾਲ ਦੇਖਿਆ ਜਾਂਦਾ ਹੈ। ਕਈ ਦੇਸ਼ਾਂ ਵਿੱਚ ਅਜਿਹੀ ਪਰਿਵਾਰ ਵਿਵਸਥਾ ਨੂੰ ਲੈ ਕੇ ਬਹੁਤ ਸਨਮਾਨ ਦਾ ਭਾਵ ਹੈ। ਯੂਏਈ ਦੇ ਰਾਸ਼ਟਰਪਤੀ ਮਹਾਮਹਿਮ ਸ਼ੇਖ ਮੁਹੰਮਦ ਬਿਨ ਜਾਇਦ ਅਲ ਨਾਹਯਾਨ ਨੇ ਮੈਨੂੰ ਦੱਸਿਆ ਕਿ ਯੂਏਈ ਸਾਲ 2026 ਨੂੰ ਈਅਰ ਆਫ ਫੈਮਿਲੀ ਦੇ ਰੂਪ ਵਿੱਚ ਮਨਾ ਰਿਹਾ ਹੈ।
- **ਏਕ ਪੇੜ ਮਾਂ ਕੇ ਨਾਮ:** ਦੇਸ਼ ਭਰ ਵਿੱਚ 'ਏਕ ਪੇੜ ਮਾਂ ਕੇ ਨਾਮ' ਅਭਿਆਨ ਚਲਾਇਆ ਜਾ ਰਿਹਾ ਹੈ। ਇਸ ਅਭਿਆਨ ਨਾਲ ਅੱਜ ਕਰੋੜਾਂ ਲੋਕ ਜੁੜ ਚੁੱਕੇ ਹਨ। ਹੁਣ ਤੱਕ ਦੇਸ਼ ਵਿੱਚ 200 ਕਰੋੜ ਤੋਂ ਜ਼ਿਆਦਾ ਰੁੱਖ ਲਗਾਏ ਵੀ ਜਾ ਚੁੱਕੇ ਹਨ। ਇਹ ਦੱਸਦਾ ਹੈ ਕਿ ਵਾਤਾਵਰਣ ਸੰਭਾਲ ਨੂੰ ਲੈ ਕੇ ਹੁਣ ਲੋਕ ਜ਼ਿਆਦਾ ਜਾਗਰੂਕ ਹਨ।
- **ਸ਼੍ਰੀ ਅੰਨ:** ਮੈਨੂੰ ਇਹ ਦੇਖ ਕੇ ਖੁਸ਼ੀ ਹੈ ਕਿ ਸ਼੍ਰੀ ਅੰਨ ਦੇ ਪ੍ਰਤੀ ਦੇਸ਼ ਦੇ ਲੋਕਾਂ ਦਾ ਲਗਾਅ ਨਿਰੰਤਰ ਵਧ ਰਿਹਾ ਹੈ। ਉਂਝ ਤਾਂ ਅਸੀਂ 2023 ਨੂੰ ਮਿਲਟ ਈਅਰ ਐਲਾਨ ਕੀਤਾ ਸੀ। ਪਰ ਅੱਜ ਤਿੰਨ ਵਰ੍ਹਿਆਂ ਬਾਅਦ ਵੀ ਇਸ ਨੂੰ ਲੈ ਕੇ ਦੇਸ਼ ਅਤੇ ਦੁਨੀਆ ਵਿੱਚ ਜੋ ਜਨੂੰਨ ਅਤੇ ਪ੍ਰਤੀਬੱਧਤਾ ਹੈ ਉਹ ਬਹੁਤ ਉਤਸ਼ਾਹਿਤ ਕਰਨ ਵਾਲਾ ਹੈ।
- **ਏਆਈ ਦੀ ਦੁਨੀਆ:** ਫਰਵਰੀ ਮਹੀਨੇ ਵਿੱਚ ਇੰਡੀਆ ਏਆਈ ਇੰਪੈਕਟ ਸਮਿਟ ਹੈ। ਇਸ ਸਮਿਟ ਵਿੱਚ ਦੁਨੀਆ ਭਰ ਤੋਂ, ਖਾਸ ਕਰਕੇ ਟੈਕਨੋਲੋਜੀ ਦੇ ਖੇਤਰ ਨਾਲ ਜੁੜੇ ਐਕਸਪਰਟ ਭਾਰਤ ਆਉਣਗੇ। ਇਹ ਸੰਮੇਲਨ ਏਆਈ ਦੀ ਦੁਨੀਆ ਵਿੱਚ ਭਾਰਤ ਦੀ ਤਰੱਕੀ ਅਤੇ ਉਪਲਬਧੀਆਂ ਨੂੰ ਵੀ ਸਾਹਮਣੇ ਲਿਆਵੇਗਾ। ■

'ਮਨ ਕੀ ਬਾਤ' ਪੂਰੀ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਨਿਊ ਇੰਡੀਆ
# ਸਮਾਚਾਰ
ਜਿਲਦ: 6, ਅੰਕ: 16 | 16-28 ਫਰਵਰੀ, 2026

**ਐਡੀਟਰ ਇਨ ਚੀਫ਼ :**
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ)**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ)**
**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ
**ਫੂਲ ਚੰਦ ਤਿਵਾਰੀ**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**



**13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ:**

https://newindiasamachar.pib.gov.in/news.aspx

**'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ:**

https://newindiasamachar.pib.gov.in/archive.aspx

'ਨਿਊ ਇੰਡੀਆ ਸਮਾਚਾਰ' ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ:- @NISPIBIndia

# ਅੰਦਰਲੇ ਪੰਨਿਆਂ ਉੱਤੇ ...




ਕਵਰ ਸਟੋਰੀ
**ਆਮ ਬਜਟ 2026-2027**

**ਬੀਤੇ 11 ਵਰ੍ਹਿਆਂ ਵਿੱਚ ਕੇਂਦਰ ਸਰਕਾਰ ਨੇ ਵਿਕਸਿਤ ਭਾਰਤ ਦੇ ਸੰਕਲਪ ਨੂੰ ਸਿੱਧ ਕਰਨ ਦਾ ਅਧਾਰ ਥੰਮ੍ਹ ਤਿਆਰ ਕੀਤਾ ਹੈ, ਹੁਣ ਵਰ੍ਹੇ 2026-27 ਦਾ ਬਜਟ ਬਣ ਰਿਹਾ ਹੈ, ਵਿਕਸਿਤ ਭਾਰਤ ਦੇ ਨਿਰਣਾਇਕ ਸੰਕਲਪ ਅਤੇ ਸੰਕਲਪ ਸੇ ਸਿੱਧੀ ਦਾ ਪ੍ਰਤੀਕ। ਅੰਮ੍ਰਿਤ ਯਾਤਰਾ ਵੱਲ ਵਧਦੇ ਕਦਮ ਦੇ ਨਾਲ ਇਹ ਆਮ ਬਜਟ ਵੀ ਬਣ ਗਿਆ ਹੈ ਵਿਕਾਸ, ਵਿਸ਼ਵਾਸ ਅਤੇ ਭਵਿੱਖ ਦੀ ਤ੍ਰਿਵੇਣੀ ਨੂੰ ਸਾਕਾਰ ਕਰਨ ਵਾਲਾ ਆਤਮਨਿਰਭਰ ਭਾਰਤ ਦਾ ਸਸ਼ਕਤ ਬਜਟ...** | 16-36

9ਵਾਂ ਐਡੀਸ਼ਨ
ਪਰੀਕਸ਼ਾ ਪੇ ਚਰਚਾ 2026



ਸੰਵਾਦ ਨਾਲ ਸਫਲਤਾ
**ਪ੍ਰਧਾਨ ਮੰਤਰੀ ਦਾ ਮੰਤਰ ਆਪਣੇ ਤਰੀਕੇ 'ਤੇ ਰੱਖੋ ਪੂਰਾ ਭਰੋਸਾ**

**ਤਣਾਅ 'ਤੇ ਚਰਚਾ ਅਤੇ ਪ੍ਰੀਖਿਆਵਾਂ ਨੂੰ ਤਿਉਹਾਰ ਦੀ ਤਰ੍ਹਾਂ ਮਨਾਉਣ ਦੇ ਉਦੇਸ਼ ਨਾਲ ਸ਼ੁਰੂ 'ਪਰੀਕਸ਼ਾ ਪੇ ਚਰਚਾ' ਪ੍ਰੋਗਰਾਮ ਹਰ ਸਾਲ ਕਰ ਰਿਹਾ ਹੈ ਨਵਾਂ ਆਯਾਮ ਤੈਅ...** 8-11

**ਪਦਮ ਸਨਮਾਨ 2026**



ਪੀਪੁਲਸ ਪਦਮ ਦੀ ਅਸਲ ਭਾਵਨਾ ਦੇ ਅਨੁਸਾਰ ਨਵੀਂ ਪਰੰਪਰਾ

**ਨਿਰਸੁਆਰਥ ਕਰਮਯੋਗੀਆਂ ਨੂੰ ਪਦਮ ਸਨਮਾਨ**

**ਦੇਸ਼ ਵਿੱਚ ਸਕਾਰਾਤਮਕ ਊਰਜਾ ਦਾ ਸੰਚਾਰ ਅਤੇ ਮਨੁੱਖਤਾ ਦੀ ਸੇਵਾ ਕਰਨ ਵਾਲੇ ਗੁੰਮਨਾਮ ਨਾਇਕਾਂ ਨੂੰ ਵੀ ਮਿਲ ਰਹੇ ਹਨ ਹੁਣ ਪਦਮ ਪੁਰਸਕਾਰ...** 37-39

**ਸਮਾਚਾਰ ਸਾਰ** | 4-5

**ਸ਼ਖਸੀਅਤ: ਬੁਧੂ ਭਗਤ**
ਲਰਕਾ ਵਿਦ੍ਰੋਹ ਦੇ ਮਹਾਨਾਇਕ | 6

**ਕੇਂਦਰੀ ਕੈਬਨਿਟ ਦੇ ਫ਼ੈਸਲੇ**
ਅਟਲ ਪੈਨਸ਼ਨ ਯੋਜਨਾ 2030-31 ਤੱਕ ਵਧੀ | 7

**ਰਾਸ਼ਟਰਪਤੀ ਦਾ ਭਾਸ਼ਣ**
ਸੁਸ਼ਾਸਨ ਨੂੰ ਹੋਰ ਮਜ਼ਬੂਤ ਕਰਨ ਦੀ ਸਮੂਹਿਕ ਵਚਨਬੱਧਤਾ | 12-15

**ਕੇਰਲ ਤੋਂ 'ਵਿਕਾਸ ਦੀ, ਰੋਜ਼ਗਾਰ ਨਿਰਮਾਣ ਦੀ' ਨਵੀਂ ਪਹਿਲ**
ਪੀਐੱਮ ਸਵਨਿਧੀ ਕ੍ਰੈਡਿਟ ਕਾਰਡ ਲਾਂਚ ਦੇ ਨਾਲ ਕਈ ਪਹਿਲਕਦਮੀਆਂ | 40-41

**... ਤਾਂ ਜੋ ਸੰਤ ਪਰੰਪਰਾ ਅਤੇ ਵਿਰਾਸਤ ਨਾਲ ਜੁੜੀ ਰਹੇ ਭਵਿੱਖ ਦੀ ਪੀੜ੍ਹੀ**
ਨਾਮਕਰਣ... 'ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡਾ, ਆਦਮਪੁਰ' | 42-43

**ਵਿੰਗਜ਼ ਇੰਡੀਆ 2026**
ਭਾਰਤ ਵਿੱਚ ਹਵਾਈ ਯਾਤਰਾ ਹੁਣ ਚੁਨਿੰਦਾ ਨਹੀਂ, ਆਮ ਲੋਕਾਂ ਤੱਕ | 44-45

**16ਵਾਂ ਰਾਸ਼ਟਰੀ ਮਤਦਾਤਾ ਦਿਵਸ**
ਲੋਕਤੰਤਰ ਦੀ ਆਲਮੀ ਆਵਾਜ਼ | 46-47

**ਰਾਸ਼ਟਰ ਨਿਰਮਾਣ ਦਾ ਸੱਦਾ ਪੱਤਰ**
ਰੁਜ਼ਗਾਰ ਮੇਲੇ ਵਿੱਚ ਸੌਂਪੇ ਗਏ ਸਰਕਾਰੀ ਸੇਵਾ ਦੇ 61 ਹਜ਼ਾਰ ਨਿਯੁਕਤੀ ਪੱਤਰ | 48-49

**ਪਰਾਕ੍ਰਮ ਦਿਵਸ**
ਰਾਸ਼ਟਰੀ ਚੇਤਨਾ ਦਾ ਉਤਸਵ | 50-51

**ਆਤਮਵਿਸ਼ਵਾਸੀ-ਅਨੁਸ਼ਾਸਿਤ ਯੁਵਾ ਸ਼ਕਤੀ**
ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਲਾਨਾ ਐੱਨਸੀਸੀ ਪੀਐੱਮ ਰੈਲੀ ਨੂੰ ਕੀਤਾ ਸੰਬੋਧਨ | 52-53

**ਭਾਰਤ ਊਰਜਾ ਸਪਤਾਹ 2026**
ਸਿਰਫ਼ ਊਰਜਾ ਸੁਰੱਖਿਆ ਨਹੀਂ, ਹੁਣ ਆਤਮ-ਨਿਰਭਰਤਾ ਦਾ ਮਿਸ਼ਨ | 54-55

**ਯੂਏਈ ਦੇ ਰਾਸ਼ਟਰਪਤੀ ਦੀ ਭਾਰਤ ਯਾਤਰਾ**
ਰਣਨੀਤਕ ਸਾਂਝੇਦਾਰੀ ਨਾਲ ਵਿਕਾਸ ਨੂੰ ਰਫ਼ਤਾਰ | 56-57

**ਭਾਰਤ-ਈਯੂ ਮੁਕਤ ਵਪਾਰ ਸਮਝੌਤਾ**
ਭਾਰਤ-ਯੂਰੋਪੀਨ ਯੂਨੀਅਨ ਰਿਸ਼ਤਿਆਂ ਵਿੱਚ ਨਵੇਂ ਯੁੱਗ ਦਾ ਸ਼ੰਖਨਾਦ | 58-60

**ਪ੍ਰਕਾਸ਼ਕ ਅਤੇ ਪ੍ਰਿੰਟਰ: ਕੰਚਨ ਪ੍ਰਸਾਦ,** ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਪ੍ਰਿੰਟਿੰਗ:** ਚੰਦੂ ਪ੍ਰੈੱਸ 469, ਪਟਪੜਗੰਜ ਇੰਡਸਟ੍ਰੀਅਲ ਅਸਟੇਟ, ਦਿੱਲੀ-110092 । **ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ –** responsenis@pib.gov.in ਆਰ.ਐੱਨ.ਆਈ. ਨੰਬਰ DELPUN/2020/78808

# ਸੰਪਾਦਕ ਦੀ ਕਲਮ ਤੋਂ...

# ਕੇਂਦਰੀ ਬਜਟ 2026-27

## ਵਿਕਸਿਤ ਭਾਰਤ ਦੀ ਨੀਂਹ 'ਤੇ ਅਧਾਰਿਤ ਜਨ-ਜਨ ਦਾ ਬਜਟ

ਸਾਦਰ ਨਮਸਕਾਰ।

1 ਫਰਵਰੀ 2026 ਨੂੰ ਪੇਸ਼ ਕੇਂਦਰੀ ਬਜਟ 2026-27 ਵਿਕਸਿਤ ਭਾਰਤ 2047 ਦੀ ਯਾਤਰਾ ਨੂੰ ਗਤੀ ਦੇਣ ਵਾਲਾ ਇੱਕ ਦੂਰਦਰਸ਼ੀ ਅਤੇ ਸਮਾਵੇਸ਼ੀ ਬਜਟ ਹੈ। ਅੱਜ ਭਾਰਤ ਵਿਸ਼ਵ ਦੀ ਸਭ ਤੋਂ ਤੇਜ਼ੀ ਨਾਲ ਵਧਦੀ ਅਰਥਵਿਵਸਥਾ ਹੈ। ਇਹ ਬਜਟ ਭਾਰਤ ਨੂੰ ਵਿਸ਼ਵ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹੈ। ਇਸ ਬਜਟ ਵਿੱਚ ਆਤਮਨਿਰਭਰ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਦੇ ਲਈ ਕਈ ਪ੍ਰਬੰਧ ਕੀਤੇ ਗਏ ਹਨ।

2026-27 ਦੇ ਆਮ ਬਜਟ ਵਿੱਚ ਤਿੰਨ ਕਰਤੱਵਾਂ ਦਾ ਵਰਣਨ ਹੈ ਜਿਸ ਵਿੱਚ ਆਰਥਿਕ ਵਿਕਾਸ ਦੀ ਗਤੀ ਨੂੰ ਤੇਜ਼ ਕਰਨਾ ਪਹਿਲਾ ਕਰਤੱਵ ਦੱਸਿਆ ਗਿਆ ਹੈ। ਇਸ ਦੇ ਤਹਿਤ ਭਾਰਤ ਨੂੰ ਗਲੋਬਲ ਬਾਇਓਫਾਰਮਾ ਮੈਨੂਫੈਕਚਰਿੰਗ ਹੱਬ ਵਜੋਂ ਵਿਕਸਿਤ ਕਰਨਾ ਹੋਵੇ ਜਾਂ ਇੰਡੀਆ ਸੈਮੀਕੰਡਕਟਰ ਮਿਸ਼ਨ 2.0 ਦੀ ਸ਼ੁਰੂਆਤ ਕਰਨਾ, ਭਾਰਤ ਸਰਕਾਰ ਲਗਾਤਾਰ ਦੇਸ਼ ਦੀ ਉਤਪਾਦਨ ਸਮਰੱਥਾ ਨੂੰ ਵਧਾਉਣ ਦੇ ਲਈ ਕੰਮ ਕਰ ਰਹੀ ਹੈ। ਆਮ ਬਜਟ 2026-27 ਵਿੱਚ ਇਲੈਕਟ੍ਰੌਨਿਕ ਕੰਪੋਨੈਂਟ ਮੈਨੂਫੈਕਚਰਿੰਗ ਸਕੀਮ ਨੂੰ ਗਤੀ ਦੇਣ ਦੇ ਲਈ ਬਜਟ ਵਧਾ ਕੇ 40 ਹਜ਼ਾਰ ਕਰੋੜ ਰੁਪਏ ਕਰਨ ਦਾ ਪ੍ਰਸਤਾਵ ਹੈ। ਮਾਈਨਿੰਗ, ਪ੍ਰੋਸੈੱਸਿੰਗ, ਖੋਜ ਅਤੇ ਮੈਨੂਫੈਕਚਰਿੰਗ ਨੂੰ ਪ੍ਰੋਤਸਾਹਨ ਦੇਣ ਦੇ ਲਈ ਸਮਰਪਿਤ ਰੇਅਰ ਅਰਥ ਕੌਰੀਡੋਰ ਦੀ ਸਥਾਪਨਾ ਦਾ ਵੀ ਪ੍ਰਸਤਾਵ ਹੈ। ਰਸਾਇਣ ਜਗਤ ਵਿੱਚ ਆਤਮ-ਨਿਰਭਰਤਾ ਦੇ ਲਈ ਤਿੰਨ ਕੈਮੀਕਲ ਪਾਰਕ ਸਥਾਪਿਤ ਕਰਨ, 5 ਵਰ੍ਹੇ ਦੀ ਮਿਆਦ ਵਿੱਚ ਦਸ ਹਜ਼ਾਰ ਕਰੋੜ ਰੁਪਏ ਦੇ ਬਜਟ ਐਲੋਕੇਸ਼ਨ ਦੇ ਨਾਲ ਕੰਟੇਨਰ ਮੈਨੂਫੈਕਚਰਿੰਗ ਸਕੀਮ ਲਿਆਉਣ ਦਾ ਵੀ ਪ੍ਰਸਤਾਵ ਕੀਤਾ ਗਿਆ ਹੈ।

ਇਸ ਬਜਟ ਵਿੱਚ ਜਨਤਕ-ਅਕਾਂਖਿਆਵਾਂ ਪੂਰੀਆਂ ਕਰਨ ਅਤੇ ਸਮਰੱਥਾ ਵਧਾਉਣ ਨੂੰ ਦੂਜਾ ਕਰਤੱਵ ਦੱਸਿਆ ਗਿਆ ਹੈ। ਇਸ ਵਿੱਚ ਯੁਵਾ ਸ਼ਕਤੀ ਨੂੰ ਕੇਂਦਰ ਵਿੱਚ ਰੱਖ ਕੇ ਰੁਜ਼ਗਾਰ ਸਿਰਜਣ, ਹੁਨਰ ਵਿਕਾਸ ਅਤੇ ਸਮਰੱਥਾ ਨਿਰਮਾਣ 'ਤੇ ਵੀ ਖਾਸ ਜ਼ੋਰ ਦਿੱਤਾ ਗਿਆ ਹੈ। ਬਜਟ ਵਿੱਚ ਭਾਰਤ ਵਿਸਤਾਰ ਏਆਈ ਟੂਲ ਜਿਹੇ ਪ੍ਰਾਵਧਾਨਾਂ ਨਾਲ ਕਿਸਾਨਾਂ ਨੂੰ ਵੀ ਲਾਭਵੰਦ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਨਾਰੀ ਸ਼ਕਤੀ ਦੇ ਸਸ਼ਕਤੀਕਰਣ, ਅਤੇ ਮਹਿਲਾ SHGs ਉਤਪਾਦਾਂ ਨੂੰ ਸੁਗਮ ਬਜ਼ਾਰ ਮਿਲੇ, ਇਸ ਲਈ SHE ਮਾਰਟ ਸਥਾਪਨਾ ਦਾ ਪ੍ਰਸਤਾਵ ਹੈ। ਬਜਟ ਵਿੱਚ ਔਰੇਂਜ ਇਕੋਨੌਮੀ ਅਤੇ ਕੰਟੈਂਟ ਕ੍ਰਿਏਸ਼ਨ ਨੂੰ ਹੁਲਾਰਾ ਦੇਣ ਦੇ ਲਈ 15,000 ਸਕੂਲਾਂ ਅਤੇ 500 ਕਾਲਜਾਂ ਵਿੱਚ AVGC ਕੰਟੈਂਟ ਕ੍ਰਿਏਟਰ ਲੈਬ ਦੀ ਸਥਾਪਨਾ ਦੀ ਗੱਲ ਵੀ ਕੀਤੀ ਗਈ ਹੈ।

ਬਜਟ ਵਿੱਚ ਸਬਕਾ ਸਾਥ-ਸਬਕਾ ਵਿਕਾਸ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ-ਕਿਸਾਨਾਂ ਦੀ ਆਮਦਨ ਵਧਾਉਣ, ਦਿਵਯਾਂਗਜਨਾਂ ਦੇ ਸਸ਼ਕਤੀਕਰਣ, ਮਾਨਸਿਕ ਸਿਹਤ ਅਤੇ ਟ੍ਰੌਮਾ ਕੇਅਰ 'ਤੇ ਧਿਆਨ ਦੇਣ, ਪੂਰਵੋਦਯ ਅਤੇ ਉੱਤਰ-ਪੂਰਬ ਖੇਤਰ ਨੂੰ ਹੋਰ ਖੁਸ਼ਹਾਲ ਬਣਾਉਣਾ ਤੀਜਾ ਕਰਤੱਵ ਦੱਸਿਆ ਗਿਆ ਹੈ। ਬਜਟ 2026-27 ਹੀ ਇਸ ਵਾਰ ਸਾਡੀ ਕਵਰ ਸਟੋਰੀ ਬਣੀ ਹੈ।

ਸ਼ਖਸੀਅਤ ਦੀ ਕੜੀ ਵਿੱਚ ਲਰਕਾ ਵਿਦ੍ਰੋਹ ਦੇ ਮਹਾਨਾਇਕ ਬੁਧੁ ਭਗਤ, ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦਾ ਸੰਸਦ ਵਿੱਚ ਭਾਸ਼ਣ, ਪਦਮ ਸਨਮਾਨ 2026, ਕੇਂਦਰੀ ਕੈਬਨਿਟ ਦੇ ਫ਼ੈਸਲਿਆਂ ਸਮੇਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ। ਨਾਲ ਹੀ, ਪੱਤ੍ਰਿਕਾ ਦੇ ਇਨਸਾਇਡ ਪੇਜ 'ਤੇ ਮਨ ਕੀ ਬਾਤ ਅਤੇ ਬੈਕ ਕਵਰ 'ਤੇ ਬੀਟਿੰਗ ਰੀਟ੍ਰਿਟ ਸਮਾਰੋਹ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
https://newindiasamachar.pib.gov.in/news.aspx

# ਆਪਕੀ ਬਾਤ...






## ਯੋਜਨਾਵਾਂ ਅਤੇ ਉਪਲਬਧੀਆਂ ਦੀ ਮਿਲਦੀ ਹੈ ਭਰੋਸੇਯੋਗ ਜਾਣਕਾਰੀ

ਮੈਂ ਨਿਯਮਿਤ ਤੌਰ ‘ਤੇ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਪੜ੍ਹਦਾ ਹਾਂ। ਇਸ ਵਿੱਚ ਸਾਨੂੰ ਸਰਕਾਰੀ ਯੋਜਨਾਵਾਂ ਅਤੇ ਉਪਲਬਧੀਆਂ ਦੀ ਭਰੋਸੇਯੋਗ ਜਾਣਕਾਰੀ ਮਿਲਦੀ ਹੈ। ਨਾਲ ਹੀ ਇਹ ਕਰੰਟ ਅਫੇਅਰਸ ਜਾਣਨ ਦੇ ਲਈ ਬਹੁਤ ਉਪਯੋਗੀ ਹੈ। ਇਹ ਮੈਗਜ਼ੀਨ ਸਮਾਜ ਦੇ ਵੱਖ-ਵੱਖ ਤਬਕਿਆਂ ਨਾਲ ਜੁੜੇ ਕਈ ਵਿਸ਼ਿਆਂ ‘ਤੇ ਕੰਮ ਦੀ ਜਾਣਕਾਰੀ ਦਿੰਦੀ ਹੈ।

**ਸ਼੍ਰੀਨਿਵਾਸ ਉਰਗੋਂਡਾ**
srinivasuragonda7@gmail.com

## ਡਿਵੈਲਪਮੈਂਟ ਐਕਟੀਵਿਟੀ ਬਾਰੇ ਮਿਲਦੀ ਹੈ ਜਾਣਕਾਰੀ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦੇਸ਼ ਵਿੱਚ ਚਲ ਰਹੀ ਸੈਂਟ੍ਰਲ ਗਵਰਨਮੈਂਟ ਦੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਪਾਉਣ ਦਾ ਇੱਕ ਸ਼ਾਨਦਾਰ ਮਾਧਿਅਮ ਹੈ। ਇਹ ਇੱਕ ਸ਼ਾਨਦਾਰ ਪੱਤ੍ਰਿਕਾ ਹੈ। ਮੇਰੇ ਲਈ ਪੱਤ੍ਰਿਕਾ ਦੇਸ਼ ਵਿੱਚ ਚਲ ਰਹੇ ਵਿਕਾਸ ਕਾਰਜਾਂ ਅਤੇ ਯੋਜਨਾ ਬਾਰੇ ਜਾਣਨ ਦਾ ਮਾਧਿਅਮ ਹੈ।

mhqchoutuppal@gmail.com

## ਸਰਕਾਰੀ ਨੀਤੀ ਅਤੇ ਵਿਕਾਸ ਪਹਿਲ ਦੇ ਵਿਸ਼ੇ ਵਿੱਚ ਸਮਝ ਵਧਦੀ ਹੈ

ਖਾਸ ਅਤੇ ਮਹੱਤਵਪੂਰਨ ਜਾਣਕਾਰੀ ਦੇਣ ਵਾਲੀ ਪੱਤ੍ਰਿਕਾ ਪ੍ਰਕਾਸ਼ਿਤ ਕਰਨ ਦੇ ਲਈ ਨਿਊ ਇੰਡੀਆ ਸਮਾਚਾਰ ਦੀ ਪੂਰੀ ਟੀਮ ਦਾ ਧੰਨਵਾਦ ਕਰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਨਾਗਰਿਕਾਂ ਨੂੰ ਚੰਗੀ ਤਰ੍ਹਾਂ ਨਾਲ ਜਾਣਕਾਰੀ ਦੇਣ ਦੀਆਂ ਕੋਸ਼ਿਸ਼ਾਂ ਵਿੱਚ ਤੁਹਾਨੂੰ ਲਗਾਤਾਰ ਸਫਲਤਾ ਮਿਲੇ। ਪੱਤ੍ਰਿਕਾ ਪੜ੍ਹਨ ਨਾਲ ਨੌਜਵਾਨਾਂ ਵਿੱਚ ਸਰਕਾਰੀ ਨੀਤੀ ਅਤੇ ਦੇਸ਼ ਦੇ ਵਿਕਾਸ ਦੇ ਲਈ ਕੀਤੀ ਜਾ ਰਹੀ ਪਹਿਲ ਦੀ ਸਮਝ ਵਧਦੀ ਹੈ।

thirubjp2020@gmail.com

## ਵੱਖ-ਵੱਖ ਵਿਸ਼ਿਆਂ ‘ਤੇ ਜਾਣਕਾਰੀ ਭਰਪੂਰ ਲੇਖ

ਮੈਂ ਇੱਕ ਪੱਤਰਕਾਰ ਹਾਂ। ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਪੜ੍ਹਨਾ ਮੈਨੂੰ ਬਹੁਤ ਹੀ ਪਸੰਦ ਹੈ। ਇਸ ਪੱਤ੍ਰਿਕਾ ਵਿੱਚ ਵੱਖ-ਵੱਖ ਵਿਸ਼ਿਆਂ ‘ਤੇ ਜਾਣਕਾਰੀ ਭਰਪੂਰ ਲੇਖ ਪ੍ਰਕਾਸ਼ਿਤ ਹੁੰਦੇ ਹਨ। ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਦੇ ਲਈ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਉਪਯੋਗੀ ਹੈ। ਇਹ ਪੱਤ੍ਰਿਕਾ ਬਹੁਤ ਚੰਗੇ ਢੰਗ ਨਾਲ ਡਿਜ਼ਾਈਨ ਕੀਤੀ ਗਈ ਹੈ।

urvaadhvaryu@gmail.com

## ਹਰ ਅੰਕ ਹੁੰਦਾ ਹੈ ਇਕੱਠਾ ਕਰਨ ਯੋਗ

ਮੈਂ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦਾ ਤਮਿਲ ਐਡੀਸ਼ਨ ਦੇਖਿਆ। ਪੜ੍ਹਨ ‘ਤੇ ਇਹ ਆਮ ਜਨਤਾ ਦੇ ਲਈ ਬਹੁਤ ਉਪਯੋਗੀ ਲਗੀ। ਇਹ ਪੱਤ੍ਰਿਕਾ ਅਤਿ ਉੱਤਮ ਜਾਣਕਾਰੀਆਂ ਨਾਲ ਭਰਪੂਰ ਹੈ। ਇਸ ਦਾ ਹਰ ਅੰਕ ਇਕੱਠਾ ਕਰਨ ਯੋਗ ਹੁੰਦਾ ਹੈ।

**ਡੀ. ਥੰਗਾਦੁਰਈ**
thesiyareporter2023@gmail.com


ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003
ਈਮੇਲ– response-nis@pib.gov.in


ਆਕਾਸ਼ਵਾਣੀ ਸਮਾਚਾਰ Akashvani

ਨਿਊ ਇੰਡੀਆ ਸਮਾਚਾਰ ਨੂੰ ਆਕਾਸ਼ਵਾਣੀ ਦੇ ਐੱਫਐੱਮ ਗੋਲਡ ‘ਤੇ ਹਰ ਸ਼ਨੀਵਾਰ-ਐਤਵਾਰ ਨੂੰ ਦੁਪਹਿਰ 3:10 ਵਜੇ ਤੋਂ 3:25 ਵਜੇ ਤੱਕ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਸਮਾਚਾਰ ਸਾਰ

# ਨਵਾਂ ਆਧਾਰ ਐਪ ਲਾਂਚ, ਪੰਜ ਪ੍ਰੋਫਾਈਲ ਜੋੜ ਸਕਣਗੇ

ਭਾਰਤੀ ਵਿਸ਼ਿਸ਼ਟ ਪਹਿਚਾਣ ਅਥਾਰਿਟੀ (ਯੂਆਈਡੀਏਆਈ) ਨੇ ਨਵਾਂ ਮੋਬਾਈਲ ਐਪਲੀਕੇਸ਼ਨ ਲਾਂਚ ਕੀਤਾ ਹੈ। ਇਹ ਐਪ ਆਧਾਰ ਧਾਰਕਾਂ ਨੂੰ ਆਪਣੀ ਡਿਜੀਟਲ ਪਹਿਚਾਣ ਨੂੰ ਸੁਰੱਖਿਅਤ, ਸੁਵਿਧਾਜਨਕ ਅਤੇ ਗੁਪਤ ਤਰੀਕੇ ਨਾਲ ਲੈ ਜਾਣ, ਸਾਂਝਾ ਕਰਨ, ਦਿਖਾਉਣ ਅਤੇ ਤਸਦੀਕ ਕਰਨ ਦੇ ਲਈ ਡਿਜ਼ਾਈਨ ਕੀਤਾ ਗਿਆ ਹੈ। ਐਪ ਦੇ ਮਾਧਿਅਮ ਨਾਲ ਇੱਕ ਹੀ ਮੋਬਾਈਲ ਵਿੱਚ ਵੱਧ ਤੋਂ ਵੱਧ ਪੰਜ ਆਧਾਰ ਪ੍ਰੋਫਾਈਲ ਜੋੜੇ ਜਾ ਸਕਦੇ ਹਨ, ਜਿਸ ਨਾਲ 'ਇੱਕ ਪਰਿਵਾਰ-ਇੱਕ ਐਪ' ਦੀ ਧਾਰਨਾ ਸਾਕਾਰ ਹੋਈ ਹੈ। ਨਵਾਂ ਐਪ ਡੇਟਾ ਦੇ ਘੱਟੋ-ਘੱਟ ਉਪਯੋਗ ਨੂੰ ਹੁਲਾਰਾ ਦੇਣ, ਸੁਰੱਖਿਆ ਵਧਾਉਣ ਦੇ ਨਾਲ ਹੀ ਦੇਵੇਗਾ ਕਈ ਹੋਰ ਸੁਵਿਧਾਵਾਂ:

- ਆਧਾਰ ਨੰਬਰ ਧਾਰਕਾਂ ਵੱਲੋਂ ਚੁਨਿੰਦਾ ਜਾਣਕਾਰੀ ਸਾਂਝੀ ਕਰਨ ਨੂੰ ਪ੍ਰੋਤਸਾਹਿਤ ਕਰੇਗਾ।
- ਐਪ ਵਿੱਚ ਆਫ ਲਾਈਨ ਵੈਰੀਫਿਕੇਸ਼ਨ ਸੀਕਿੰਗ ਐਂਟਿਟੀ ਦੇ ਕਿਊਆਰ ਕੋਡ ਸਕੈਨਿੰਗ ਦੇ ਜ਼ਰੀਏ ਹੋਟਲ ਚੈੱਕ-ਇਨ ਸ਼ਾਮਲ। ਐਪ ਵਿੱਚ ਵਿਕਲਪਿਕ ਚਿਹਰੇ ਦੀ ਤਸਦੀਕ, ਸਿਨੇਮਾ ਟਿਕਟ ਬੁਕਿੰਗ ਦੇ ਲਈ ਉਮਰ ਵੈਰੀਫਿਕੇਸ਼ਨ, ਵਿਜ਼ਿਟਰਾਂ ਅਤੇ ਪਰਿਚਾਰਕਾਂ ਲਈ ਹਸਪਤਾਲ ਵਿੱਚ ਪ੍ਰਵੇਸ਼, ਗਿਗ ਵਰਕਰਸ ਅਤੇ ਸੇਵਾ ਭਾਗੀਦਾਰਾਂ ਦੇ ਵੈਰੀਫਿਕੇਸ਼ਨ ਜਿਹੇ ਉਪਯੋਗ ਨੂੰ ਜੋੜਿਆ ਗਿਆ ਹੈ।
- ਐਪ ਵਿੱਚ ਮੌਜੂਦ ਪ੍ਰਮਾਣ ਦੇ ਲਈ ਚਿਹਰੇ ਦੀ ਪੁਸ਼ਟੀ, ਇੱਕ ਕਲਿੱਕ ਵਿੱਚ ਬਾਇਓਮੈਟ੍ਰਿਕ ਲੌਕ/ਅਨਲੌਕ, ਪ੍ਰਮਾਣੀਕਰਣ ਇਤਿਹਾਸ ਦੇਖਣਾ ਅਤੇ ਸੰਪਰਕ ਵੇਰਵਾ ਸਾਂਝਾ ਕਰਨ ਦੇ ਲਈ ਕਿਊਆਰ-ਕੋਡ ਅਧਾਰਿਤ ਸੁਵਿਧਾਵਾਂ ਵੀ ਸ਼ਾਮਲ ਹਨ।
- ਪਤੇ ਦੇ ਅਪਡੇਟ ਤੋਂ ਇਲਾਵਾ, ਨਿਵਾਸੀ ਹੁਣ ਐਪ ਦੇ ਮਾਧਿਅਮ ਨਾਲ ਆਪਣਾ ਰਜਿਸਟਰਡ ਮੋਬਾਈਲ ਨੰਬਰ ਵੀ ਅਪਡੇਟ ਕਰ ਸਕਦੇ ਹਨ।




## ਮਖਾਨਾ ਬਣਿਆ ਗਲੋਬਲ ਬ੍ਰਾਂਡ
## ਦੁਬਈ ਭੇਜੀ ਗਈ ਪਹਿਲੀ ਸਮੁੰਦਰੀ ਖੇਪ

ਭਾਰਤ ਮਖਾਨਾ ਦਾ ਸਭ ਤੋਂ ਵੱਡਾ ਉਤਪਾਦਕ ਹੈ, ਜੋ ਆਲਮੀ ਉਤਪਾਦਨ ਵਿੱਚ 80% ਦੀ ਹਿੱਸੇਦਾਰੀ ਰੱਖਦਾ ਹੈ। ਇਸ ਵਿੱਚ ਬਿਹਾਰ ਰਾਸ਼ਟਰੀ ਮਖਾਨਾ ਉਤਪਾਦਨ ਵਿੱਚ 85 ਫੀਸਦੀ ਦਾ ਯੋਗਦਾਨ ਦਿੰਦਾ ਹੈ। ਇਸ ਨਾਲ 10 ਲੱਖ ਕਿਸਾਨਾਂ ਦੀ ਆਜੀਵਿਕਾ ਜੁੜੀ ਹੋਈ ਹੈ। ਇਸੇ ਕੜੀ ਵਿੱਚ ਬਿਹਾਰ ਦੇ ਪੂਰਣੀਆ ਤੋਂ ਜੀਆਈ ਟੈਗ ਪ੍ਰਾਪਤ ਮਿਥਿਲਾ ਮਖਾਨਾ ਦੀ ਦੁਬਈ ਦੇ ਲਈ ਪਹਿਲੀ ਸਮੁੰਦਰੀ ਖੇਪ ਭੇਜੀ ਗਈ ਹੈ। ਨਿਰਯਾਤ ਦੇ ਜ਼ਰੀਏ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਐੱਫਪੀਓ ਨੂੰ ਸਸ਼ਕਤ ਕਰਨ ਦੀ ਦਿਸ਼ਾ ਵਿੱਚ ਇਹ ਇੱਕ ਮਹੱਤਵਪੂਰਨ ਕਦਮ ਹੈ। ਮਿਥਿਲਾ ਮਖਾਨਾ ਨੇ ਆਲਮੀ ਮੰਚ 'ਤੇ ਭਾਰਤ ਦੀ ਖੇਤੀਬਾੜੀ ਅਤੇ ਸੱਭਿਆਚਾਰ ਦੀ ਪਹਿਚਾਣ ਨੂੰ ਮਜ਼ਬੂਤ ਕੀਤਾ ਹੈ। ਦਰਭੰਗਾ ਮਖਾਨਾ ਦੇ ਮੁੱਖ ਕੇਂਦਰਾਂ ਵਿੱਚੋਂ ਇੱਕ ਹੈ ਜਿਸ ਨੂੰ ਮਖਾਨਾ ਦੇ ਲਈ 'ਇੱਕ ਜ਼ਿਲ੍ਹਾ, ਇੱਕ ਉਤਪਾਦ' ਪਹਿਲ ਦੇ ਤਹਿਤ ਮਾਨਤਾ ਵੀ ਦਿੱਤੀ ਗਈ ਹੈ। ਮਿਥਿਲਾ ਮਖਾਨਾ ਨੂੰ ਜੀਆਈ ਟੈਗ ਵੀ ਮਿਲਿਆ ਹੈ। ਕੇਂਦਰ ਸਰਕਾਰ ਨੇ ਮਖਾਨਾ ਦੇ ਉਤਪਾਦਨ, ਪ੍ਰੋਸੈੱਸਿੰਗ, ਵੈਲਿਊ ਐਡੀਸ਼ਨ, ਮਾਰਕੀਟਿੰਗ ਅਤੇ ਨਿਰਯਾਤ ਨੂੰ ਪ੍ਰੋਤਸਾਹਨ ਦੇਣ ਦੇ ਲਈ 2025 ਵਿੱਚ ਮਖਾਨਾ ਬੋਰਡ ਦੀ ਸਥਾਪਨਾ ਕੀਤੀ ਹੈ। 476 ਕਰੋੜ ਰੁਪਏ ਦੇ ਖਰਚ ਵਾਲੀ ਮਖਾਨਾ ਵਿਕਾਸ ਦੀ ਕੇਂਦਰੀ ਯੋਜਨਾ ਨੂੰ ਮਨਜ਼ੂਰੀ ਵੀ ਦਿੱਤੀ ਹੈ। ਕੇਂਦਰ ਸਰਕਾਰ ਨੇ ਨਿਰਯਾਤ ਨੂੰ ਹੁਲਾਰਾ ਦੇਣ ਦੇ ਲਈ ਇੱਕ ਅਲੱਗ ਐੱਚਐੱਸਐੱਨ ਕੋਡ ਬਣਾਇਆ ਹੈ।



## ਏਅਰਫੋਰਸ ਸਟੇਸ਼ਨ ਲੇਹ ਵਿੱਚ
## ਸ਼ਹਿਰੀ ਹਵਾਬਾਜ਼ੀ ਇਨਫ੍ਰਾਸਟ੍ਰਕਚਰ ਹੋਵੇਗਾ ਵਿਕਸਿਤ

ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਦੇ ਏਅਰਫੋਰਸ ਸਟੇਸ਼ਨ ਲੇਹ ਵਿੱਚ ਸ਼ਹਿਰੀ ਹਵਾਬਾਜ਼ੀ ਇਨਫ੍ਰਾਸਟ੍ਰਕਚਰ ਨੂੰ ਵਿਕਸਿਤ ਕਰਨ ਦੇ ਲਈ ਉਪ ਰਾਜਪਾਲ ਕਵਿੰਦਰ ਗੁਪਤਾ ਨੇ ਇੱਕ ਪ੍ਰੋਜੈਕਟ ਦਾ ਉਦਘਾਟਨ ਕੀਤਾ। ਬੇਹੱਦ ਚੁਣੌਤੀਪੂਰਨ ਉਚਾਈ ਵਾਲੇ ਖੇਤਰ ਅਤੇ ਪ੍ਰਤੀਕੂਲ ਮੌਸਮ ਦੀ ਸਥਿਤੀ ਦੇ ਬਾਵਜੂਦ ਬੁਨਿਆਦੀ ਢਾਂਚੇ ਦਾ ਰਿਕਾਰਡ ਸਮੇਂ ਸਿਰ ਅੱਪਗ੍ਰੇਡ ਕੀਤੇ ਗਏ ਹਨ। ਵਿਕਸਿਤ ਕੀਤਾ ਗਿਆ ਇਨਫ੍ਰਾਸਟ੍ਰਕਚਰ ਜਹਾਜ਼ਾਂ ਦੀ ਆਵਾਜਾਈ ਨੂੰ ਆਸਾਨ ਬਣਾਉਣ ਦੇ ਨਾਲ-ਨਾਲ ਸ਼ਹਿਰੀ ਉਡਾਣਾਂ ਦੇ ਪ੍ਰਸਥਾਨ ਨੂੰ ਤੇਜ਼ ਕਰੇਗਾ। ਇਨਫ੍ਰਾਸਟ੍ਰਕਚਰ ਦੇ ਇਸ ਪ੍ਰੋਜੈਕਟ ਨਾਲ ਲੇਹ ਵਿੱਚ ਬਿਹਤਰ ਵਾਯੂ ਕਨੈਕਟੀਵਿਟੀ ਟੂਰਿਜ਼ਮ ਨੂੰ ਹੁਲਾਰਾ ਮਿਲੇਗਾ। ਮਨੁੱਖੀ ਸਹਾਇਤਾ ਅਤੇ ਆਫਤ ਰਾਹਤ ਦੀ ਸਥਿਤੀ ਵਿੱਚ ਵੀ ਇਸ ਨਾਲ ਮਜ਼ਬੂਤੀ ਮਿਲੇਗੀ।

# ਸਹਿਕਾਰ ਸੇ ਸਮ੍ਰਿੱਧੀ: "ਭਾਰਤ ਟੈਕਸੀ" ਦੀ ਸ਼ੁਰੂਆਤ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 'ਸਹਿਕਾਰ ਸੇ ਸਮ੍ਰਿੱਧੀ' ਦੇ ਵਿਜ਼ਨ ਦੇ ਅਨੁਸਾਰ ਕੇਂਦਰੀ ਗ੍ਰਿਹ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਪੰਜ ਫਰਵਰੀ 2026 ਨੂੰ ਨਵੀਂ ਦਿੱਲੀ ਵਿੱਚ ਭਾਰਤ ਦੇ ਪਹਿਲੇ ਸਹਿਕਾਰਿਤਾ-ਅਧਾਰਿਤ ਰਾਈਡ-ਹੇਲਿੰਗ ਪਲੈਟਫਾਰਮ "ਭਾਰਤ ਟੈਕਸੀ" ਦੀ ਸ਼ੁਰੂਆਤ ਕੀਤੀ। ਭਾਰਤ ਟੈਕਸੀ ਦੁਨੀਆ ਦਾ ਪਹਿਲਾ ਅਤੇ ਸਭ ਤੋਂ ਵੱਡਾ ਸਹਿਕਾਰਿਤਾ-ਅਧਾਰਿਤ ਰਾਈਡ-ਹੇਲਿੰਗ ਪਲੈਟਫਾਰਮ ਹੈ। ਹੁਣ ਤੱਕ ਕਰੀਬ ਚਾਰ ਲੱਖ ਡ੍ਰਾਈਵਰ ਇਸ ਨਾਲ ਜੁੜ ਚੁੱਕੇ ਹਨ ਅਤੇ ਦਸ ਲੱਖ ਤੋਂ ਵੱਧ ਉਪਯੋਗਕਰਤਾ ਰਜਿਸਟਰਡ ਹੋ ਚੁੱਕੇ ਹਨ। ਲਗਭਗ 10 ਕਰੋੜ ਦੀ ਰਾਸ਼ੀ ਹੁਣ ਤੱਕ ਸਿੱਧਾ ਡ੍ਰਾਈਵਰਾਂ ਵਿੱਚ ਵੰਡੀ ਜਾ ਚੁੱਕੀ ਹੈ। ਭਾਰਤ ਟੈਕਸੀ ਨਾਲ ਹੁਣ ਸਿਰਫ਼ ਸਫਰ ਹੀ ਪੂਰਾ ਨਹੀਂ ਹੋਵੇਗਾ ਸਗੋਂ ਸੁਵਿਧਾ, ਸੁਰੱਖਿਆ ਅਤੇ ਸਸ਼ਕਤੀਕਰਣ ਦਾ ਨਵਾਂ ਅਨੁਭਵ ਵੀ ਪ੍ਰਦਾਨ ਕਰੇਗਾ। ਨਾਲ ਹੀ ਇਸ ਵਿੱਚ ਨੌਨ-ਏਸੀ ਟੈਕਸੀ ਦਾ ਵਿਕਲਪ ਅਤੇ ਮੈਟ੍ਰੋ ਟਿਕਟ ਬੁਕਿੰਗ ਸੁਵਿਧਾ ਵੀ ਹੋਵੇਗੀ। ਇਸ ਦੇ ਇਲਾਵਾ 100% ਕਿਰਾਇਆ ਡ੍ਰਾਈਵਰ ਦੀ ਜੇਬ ਵਿੱਚ ਜਾਵੇਗਾ। ਭਾਰਤ ਟੈਕਸੀ ਸ਼ੁਰੂਆਤ ਦੌਰਾਨ ਸਹਿਕਾਰਿਤਾ-ਅਧਾਰਿਤ ਮੋਬੀਲਿਟੀ ਈਕੋਸਿਸਟਮ ਵਿੱਚ ਸ਼ਾਨਦਾਰ ਯੋਗਦਾਨ ਦੇ ਲਈ ਛੇ ਪ੍ਰਦਰਸ਼ਨ ਕਰਨ ਵਾਲੇ ਸਾਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਕੇਂਦਰੀ ਮੰਤਰੀ ਨੇ ਇਨ੍ਹਾਂ ਸਾਰਥੀਆਂ ਨੂੰ ਸ਼ੇਅਰ ਪ੍ਰਮਾਣ-ਪੱਤਰ ਵੰਡੇ, ਜਿਸ ਨਾਲ "ਸਾਰਥੀ ਹੀ ਮਾਲਕ" ਦੇ ਮੂਲ ਸਿਧਾਂਤ ਨੂੰ ਹੋਰ ਵੱਧ ਮਜ਼ਬੂਤੀ ਮਿਲੇਗੀ। ਹਰੇਕ ਸਾਰਥੀ ਨੂੰ 5 ਲੱਖ ਦਾ ਵਿਅਕਤੀਗਤ ਦੁਰਘਟਨਾ ਬੀਮਾ ਅਤੇ 5 ਲੱਖ ਦਾ ਪਰਿਵਾਰਕ ਸਿਹਤ ਬੀਮਾ ਪ੍ਰਦਾਨ ਕੀਤਾ ਗਿਆ।




## ਪੀਐੱਮਜੀਐੱਸਵਾਈ-IV ਵਿੱਚ


## 10 ਹਜ਼ਾਰ ਕਿਲੋਮੀਟਰ ਦੇ ਸੜਕ ਪ੍ਰੋਜੈਕਟਾਂ ਨੂੰ ਮਨਜ਼ੂਰੀ


ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (ਪੀਐੱਮਜੀਐੱਸਵਾਈ) IV ਵਿੱਚ ਜੰਮੂ-ਕਸ਼ਮੀਰ, ਛੱਤੀਸਗੜ੍ਹ, ਉੱਤਰਾਖੰਡ, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਸਿੱਕਮ ਦੇ ਲਈ 10 ਹਜ਼ਾਰ ਕਿਲੋਮੀਟਰ ਤੋਂ ਵੱਧ ਸੜਕ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਮੁਕੰਮਲ ਹੋਣ 'ਤੇ, ਇਹ ਪ੍ਰੋਜੈਕਟ ਲਗਭਗ 3,270 ਪੁਰਾਣੀਆਂ ਬੰਦ ਬਸਤੀਆਂ ਲਈ ਕਨੈਕਟੀਵਿਟੀ ਅਤੇ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨਗੇ। ਉੱਚੇ ਪਹਾੜੀ ਖੇਤਰ ਤੋਂ ਲੈ ਕੇ ਗ੍ਰਾਮੀਣ ਭਾਈਚਾਰਿਆਂ ਦੇ ਮੱਧ ਤੱਕ ਫੈਲੀਆਂ ਇਹ ਸੜਕਾਂ ਸਿਰਫ਼ ਇਨਫ੍ਰਾਸਟ੍ਰਕਚਰ ਵਿੱਚ ਸੁਧਾਰ ਨਹੀਂ, ਸਗੋਂ ਇਹ ਤਰੱਕੀ ਦੇ ਲਈ ਮਹੱਤਵਪੂਰਨ ਮਾਰਗ ਹਨ। ਇਸ ਯੋਜਨਾ ਦਾ ਉਦੇਸ਼ ਬਸਤੀਆਂ ਨੂੰ 62,500 ਕਿਲੋਮੀਟਰ ਲੰਬੀ, ਹਰ ਮੌਸਮ ਵਿੱਚ ਉਪਯੋਗ ਯੋਗ ਸੜਕਾਂ ਉਪਲਬਧ ਕਰਵਾਉਣਾ ਹੈ ਜੋ ਹੁਣ ਤੱਕ ਆਪਸ ਵਿੱਚ ਜੁੜੀਆਂ ਨਹੀਂ ਹਨ। ਵਿੱਤ ਵਰ੍ਹੇ 2028-29 ਤੱਕ 70,125 ਕਰੋੜ ਰੁਪਏ ਇਨ੍ਹਾਂ ਪ੍ਰੋਜੈਕਟਾਂ 'ਤੇ ਖਰਚ ਹੋਣ ਦਾ ਅਨੁਮਾਨ ਹੈ।

## ਅੰਤਰਰਾਸ਼ਟਰੀ ਰਾਮ ਕਥਾ ਮਿਊਜ਼ੀਅਮ ਵਿੱਚ ਦਿਖੇਗੀ

## 233 ਸਾਲ ਪੁਰਾਣੀ ਵਾਲਮੀਕੀ ਰਾਮਾਇਣ

ਸੈਂਟ੍ਰਲ ਸੰਸਕ੍ਰਿਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਸ੍ਰੀਨਿਵਾਸ ਵਰਖੇੜੀ ਨੇ ਤੀਨ ਮੂਰਤੀ ਸਥਿਤ ਪ੍ਰਧਾਨ ਮੰਤਰੀ ਮਿਊਜ਼ੀਅਮ ਅਤੇ ਲਾਇਬ੍ਰੇਰੀ ਦੀ ਕਾਰਜਕਾਰੀ ਪਰਿਸ਼ਦ ਦੇ ਚੇਅਰਮੈਨ ਨ੍ਰਿਪੇਂਦਰ ਮਿਸ਼ਰਾ ਨੂੰ ਵਾਲਮੀਕੀ ਰਾਮਾਇਣ (ਤਤਵਦੀਪਿਕਾ ਟੀਕਾ ਸਮੇਤ) ਦੀ 233 ਵਰ੍ਹੇ ਪੁਰਾਣੀ ਸੰਸਕ੍ਰਿਤ ਦੀ ਇੱਕ ਦੁਰਲਭ ਪਾਂਡੁਲਿਪੀ ਸੌਂਪੀ। ਇਹ ਪਾਂਡੁਲਿਪੀ ਸੰਸਕ੍ਰਿਤ (ਦੇਵਨਾਗਰੀ ਲਿਪੀ) ਵਿੱਚ ਲਿਖੀ ਗਈ ਹੈ। ਇਹ ਵਿਕ੍ਰਮ ਸੰਵਤ 1849 (1792 ਈ.) ਦੀ ਰਚਨਾ ਹੈ। ਰਾਮਾਇਣ ਦੀ ਇੱਕ ਦੁਰਲਭ ਸੁਰੱਖਿਅਤ ਪਾਠ ਪਰੰਪਰਾ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਪਾਂਡੁਲਿਪੀ ਨੂੰ ਉੱਤਰ ਪ੍ਰਦੇਸ਼ ਦੇ ਅਯੋਧਿਆ ਵਿੱਚ ਅੰਤਰਰਾਸ਼ਟਰੀ ਰਾਮ ਕਥਾ ਮਿਊਜ਼ੀਅਮ ਨੂੰ ਸਥਾਈ ਤੌਰ 'ਤੇ ਉਪਹਾਰ ਵਿੱਚ ਦਿੱਤਾ ਗਿਆ ਹੈ। ਆਮ ਜਨਤਾ ਤੱਕ ਇਸ ਦੀ ਵਿਆਪਕ ਪਹੁੰਚ ਦੇ ਨਾਲ ਇਸ ਦੀ ਸੰਭਾਲ ਯਕੀਨੀ ਹੋਵੇਗੀ। ਨ੍ਰਿਪੇਂਦਰ ਮਿਸ਼ਰਾ ਨੇ ਕਿਹਾ, "ਵਾਲਮੀਕੀ ਰਾਮਾਇਣ ਦੀ ਇਸ ਦੁਰਲਭ ਪਾਂਡੁਲਿਪੀ ਦਾ ਅਯੋਧਿਆ ਸਥਿਤ ਰਾਮ ਕਥਾ ਮਿਊਜ਼ੀਅਮ ਨੂੰ ਦਾਨ, ਰਾਮ ਭਗਤਾਂ ਅਤੇ ਅਯੋਧਿਆ ਸਥਿਤ ਮੰਦਿਰ ਕੰਪਲੈਕਸ ਦੇ ਲਈ ਇੱਕ ਇਤਿਹਾਸਿਕ ਪਲ ਹੈ।"





■ ਜਨਮ: 17 ਫਰਵਰੀ 1792 ■ ਦੇਹਾਂਤ: 13 ਫਰਵਰੀ 1832

# ਲਰਕਾ ਵਿਦ੍ਰੋਹ ਦੇ ਮਹਾਨਾਇਕ

ਲਰਕਾ ਵਿਦ੍ਰੋਹ ਦੇ ਅਗਵਾਈਕਰਤਾ ਲਰਕਾ ਵਿਦ੍ਰੋਹ ਦੇ ਨੇਤਾ ਅਤੇ ਇੱਕ ਦੂਰਦਰਸ਼ੀ ਆਜ਼ਾਦੀ ਘੁਲਾਟੀਏ ਬੁੱਧੁ ਭਗਤ ਨੇ ਆਜ਼ਾਦੀ ਲਈ ਅੰਗ੍ਰੇਜ਼ਾਂ ਅਤੇ ਸ਼ਾਹੂਕਾਰਾਂ ਵਿਰੁੱਧ ਗੁਰੀਲਾ ਯੁੱਧ ਛੇੜਿਆ। ਉਨ੍ਹਾਂ ਨੇ ਚੌਰੇਯਾ, ਪਿਠੌਰੀਆ, ਲੋਹਾਰਦਗਾ ਅਤੇ ਪਲਾਮੂ ਖੇਤਰਾਂ ਦੇ ਲੋਕਾਂ ਨੂੰ ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦੀ ਲਈ ਲੜਨ ਲਈ ਜਗਾਇਆ। ਸ਼ੋਸ਼ਣ ਅਤੇ ਜ਼ੁਲਮ ਵਿਰੁੱਧ ਸੰਘਰਸ਼ ਕੀਤਾ। ਉਨ੍ਹਾਂ ਨੇ ਕਈ ਵਰ੍ਹਿਆਂ ਤੱਕ ਅੰਗ੍ਰੇਜ਼ਾਂ ਨੂੰ ਜੰਗਲਾਂ ਵਿੱਚੋਂ ਭਜਾਇਆ ਅਤੇ ਆਦਿਵਾਸੀ ਲੋਕਾਂ ਨੂੰ ਅਨਿਆਂ ਵਿਰੁੱਧ ਲੜਨਾ ਸਿਖਾਇਆ। ਹਿੰਮਤ ਅਤੇ ਵਿਰੋਧ ਦੇ ਪ੍ਰਤੀਕ ਬੁਧੁ ਭਗਤ ਦੀ ਬਹਾਦਰੀ ਅਤੇ ਕੁਰਬਾਨੀ ਹਮੇਸ਼ਾ ਕਰਦੀ ਰਹੇਗੀ ਪ੍ਰੇਰਿਤ...

ਲਰਕਾ ਵਿਦ੍ਰੋਹ ਦੀ ਚਿੰਗਾਰੀ ਭੜਕਾਉਣ ਨਾਲੇ ਪ੍ਰਸਿੱਧ ਕ੍ਰਾਂਤੀਕਾਰੀ ਬੁਧੁ ਭਗਤ ਅਜਿਹੇ ਕ੍ਰਾਂਤੀਕਾਰੀ ਸਨ ਜਿਨ੍ਹਾਂ ਨੇ ਇੱਕ ਕੁਲਹਾੜੀ ਲੈ ਕੇ ਬ੍ਰਿਟਿਸ਼ ਸਰਕਾਰ ਦੀਆਂ ਤੋਪਾਂ ਅਤੇ ਬੰਦੂਕਾਂ ਦਾ ਮੁਕਾਬਲਾ ਕੀਤਾ। ਝਾਰਖੰਡ ਦੇ ਰਾਂਚੀ ਜ਼ਿਲ੍ਹੇ ਵਿੱਚ ਸਿਲਾਗਾਈ ਪਿੰਡ ਦੇ ਇੱਕ ਓਰਾਂਵ ਪਰਿਵਾਰ ਵਿੱਚ 17 ਫਰਵਰੀ 1792 ਨੂੰ ਜੰਮੇ ਬੁਧੁ ਭਗਤ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਦੈਵੀ ਸ਼ਕਤੀਆਂ ਪ੍ਰਾਪਤ ਸਨ, ਜਿਸ ਦੇ ਪ੍ਰਤੀਕ ਸਰੂਪ ਉਹ ਇੱਕ ਕੁਲਹਾੜੀ ਹਮੇਸ਼ਾ ਆਪਣੇ ਨਾਲ ਰੱਖਦੇ ਸਨ। ਬੁਧੁ ਭਗਤ ਦੀ ਸੰਗਠਨ ਸਮਰੱਥਾ ਨੂੰ ਦੇਖ ਕੇ ਲੋਕ ਉਨ੍ਹਾਂ ਨੂੰ ਦੇਵਤਾ ਦਾ ਅਵਤਾਰ ਸਮਝਦੇ ਸਨ। ਉਨ੍ਹਾਂ ਨੇ ਸਿੱਲੀ. ਚੌਰੇਯਾ, ਪਿਠੌਰੀਆ, ਲੋਹਰਦਗਾ ਅਤੇ ਪਲਾਮੂ ਵਿੱਚ ਵੀ ਸੰਗਠਨ ਦਾ ਕੰਮ ਕੀਤਾ ਸੀ।

ਕੁਸ਼ਲ ਸੰਗਠਨਕਰਤਾ ਦੇ ਨਾਲ-ਨਾਲ ਉਨ੍ਹਾਂ ਨੇ ਆਪਣੇ ਦਸਤੇ ਨੂੰ ਗੁਰੀਲਾ ਯੁੱਧ ਦੇ ਲਈ ਟ੍ਰੇਂਡ ਕੀਤਾ। ਸੰਘਣੇ ਜੰਗਲਾਂ ਅਤੇ ਦੁਰਗਮ ਪਹਾੜੀਆਂ ਦਾ ਫਾਇਦਾ ਚੁੱਕ ਕੇ ਕਈ ਵਾਰ ਅੰਗ੍ਰੇਜ਼ੀ ਸੈਨਾ ਨੂੰ ਉਨ੍ਹਾਂ ਨੇ ਹਰਾਇਆ। ਉਹ ਬਚਪਨ ਤੋਂ ਹੀ ਤਲਵਾਰਬਾਜ਼ੀ ਅਤੇ ਤੀਰਅੰਦਾਜ਼ੀ ਦਾ ਅਭਿਆਸ ਕਰਦੇ ਸਨ। ਉਨ੍ਹਾਂ ਨੇ ਅੰਗ੍ਰੇਜ਼ਾਂ ਦਾ ਚਾਟੂਕਾਰ ਜ਼ਿੰਮੀਦਾਰਾਂ, ਦਲਾਲਾਂ ਦੇ ਵਿਰੁੱਧ ਭੂਮੀ ਅਤੇ ਵਣ ਸੁਰੱਖਿਆ ਦੇ ਲਈ ਵੀ ਜੰਗ ਛੇੜੀ ਸੀ। ਇੰਨਾ ਹੀ ਨਹੀਂ, ਆਪਣੀ ਹਿੰਮਤ ਅਤੇ ਅਗਵਾਈ ਸਮਰੱਥਾ ਦੇ ਦਮ 'ਤੇ ਉਨ੍ਹਾਂ ਨੇ ਆਦਿਵਾਸੀ ਇਲਾਕਿਆਂ ਵਿੱਚ ਅੰਗ੍ਰੇਜ਼ੀ ਹਕੂਮਤ ਦੀ ਬੇਰਹਿਮੀ ਦੇ ਵਿਰੁੱਧ ਲਰਕਾ ਵਿਦ੍ਰੋਹ ਦਾ ਸੂਤਰਪਾਤ ਕਰਕੇ ਹਥਿਆਰਬੰਦ ਵਿਦ੍ਰੋਹ ਦੀ ਅਗਵਾਈ ਵੀ ਕੀਤੀ ਸੀ।

ਕਿਹਾ ਜਾਂਦਾ ਹੈ ਕਿ ਬੁਧੁ ਭਗਤ ਦਾ ਛੋਟਾਨਾਗਪੁਰ ਦੇ ਰਾਂਚੀ ਅਤੇ ਆਲੇ-ਦੁਆਲੇ ਦੇ ਇਲਾਕੇ 'ਤੇ ਜ਼ਬਰਦਸਤ ਅਸਰ ਸੀ। ਲੋਕ ਉਨ੍ਹਾਂ ਦੇ ਇੱਕ ਇਸ਼ਾਰੇ 'ਤੇ ਆਪਣੀ ਜਾਨ ਤੱਕ ਦੇਣ ਦੇ ਲਈ ਤਿਆਰ ਰਹਿੰਦੇ ਸਨ। ਬੁਧੁ ਭਗਤ ਦਾ ਸੈਨਿਕ ਅੱਡਾ ਚੋਗਾਰੀ ਪਹਾੜ ਦੀ ਚੋਟੀ 'ਤੇ ਸੰਘਣੇ ਜੰਗਲਾਂ ਦੇ ਵਿੱਚ ਸੀ ਅਤੇ ਰਣਨੀਤੀ ਬਣਾਉਣ ਦਾ ਕੰਮ ਇੱਥੇ ਹੁੰਦਾ ਸੀ। ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਉਨ੍ਹਾਂ ਦੀ ਬਹਾਦਰੀ ਅਤੇ ਹਿੰਮਤ ਤੋਂ ਤੰਗ ਆ ਕੇ ਅੰਗ੍ਰੇਜ਼ਾਂ ਨੇ ਉਨ੍ਹਾਂ ਨੂੰ ਪਕੜਣ ਦੇ ਲਈ ਇੱਕ ਹਜ਼ਾਰ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਸੀ ਜੋ ਉਸ ਜ਼ਮਾਨੇ ਵਿੱਚ ਬਹੁਤ ਵੱਡੀ ਰਾਸ਼ੀ ਸੀ।

13 ਫਰਵਰੀ, 1832 ਨੂੰ ਬੁਧੁ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕੈਪਟਨ ਇੰਪੇ ਨੇ ਸਿਲਾਗਾਈ ਪਿੰਡ ਵਿੱਚ ਘੇਰ ਲਿਆ। ਬੁਧੁ ਆਤਮਸਮਰਪਣ ਕਰਨਾ ਚਾਹੁੰਦੇ ਸਨ, ਕਿਉਂਕਿ ਅੰਗ੍ਰੇਜ਼ਾਂ ਦੇ ਵੱਲੋਂ ਹੋ ਰਹੀ ਲਗਾਤਾਰ ਗੋਲੀਬਾਰੀ ਵਿੱਚ ਨਿਰਦੋਸ਼ ਗ੍ਰਾਮੀਣ ਨਾ ਮਾਰੇ ਜਾਣ। ਪਰ ਬੁਧੁ ਭਗਤ ਦੇ ਪੈਰੋਕਾਰਾਂ ਨੇ ਉਨ੍ਹਾਂ ਦੀ ਸੁਰੱਖਿਆ ਲਈ ਘੇਰਾ ਬਣਾ ਲਿਆ। ਇਸ ਦਰਮਿਆਨ ਅੰਗ੍ਰੇਜ਼ੀ ਕੈਪਟਨ ਨੇ ਗੋਲੀ ਚਲਾਉਣ ਦਾ ਆਦੇਸ਼ ਦੇ ਦਿੱਤਾ। ਲਗਾਤਾਰ ਗੋਲੀਆਂ ਚਲਣ ਲੱਗੀਆਂ ਅਤੇ ਬਜ਼ੁਰਗ, ਬੱਚੇ, ਮਹਿਲਾਵਾਂ ਅਤੇ ਨੌਜਵਾਨਾਂ ਦੀਆਂ ਭਿਆਨਕ ਚੀਖਾਂ ਨਾਲ ਇਲਾਕਾ ਕੰਬ ਉੱਠਿਆ। ਉਸ ਖੂਨ-ਖਰਾਬੇ ਵਿੱਚ ਲਗਭਗ 300 ਗ੍ਰਾਮੀਣ ਮਾਰੇ ਗਏ। ਅਨਿਆਂ ਦੇ ਵਿਰੁੱਧ ਜਨ ਵਿਦ੍ਰੋਹ ਨੂੰ ਹਥਿਆਰ ਦੇ ਬਲ 'ਤੇ ਜ਼ਬਰਦਸਤੀ ਸ਼ਾਂਤ ਕਰ ਦਿੱਤਾ ਗਿਆ। ਬੁਧੁ ਭਗਤ ਅਤੇ ਉਨ੍ਹਾਂ ਦੇ ਬੇਟੇ ਹਲਧਰ ਅਤੇ ਗਿਰਧਰ ਵੀ ਅੰਗ੍ਰੇਜ਼ਾਂ ਨਾਲ ਲੋਹਾ ਲੈਂਦੇ ਹੋਏ ਵੀਰਗਤੀ ਨੂੰ ਪ੍ਰਾਪਤ ਹੋਏ। ਅੱਜ ਵੀ ਲੋਕ ਆਪਣੀਆਂ ਲੋਕ ਕਥਾਵਾਂ ਅਤੇ ਲੋਕ ਗੀਤਾਂ ਵਿੱਚ ਵੀਰ ਬੁਧੁ ਭਗਤ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਯਾਦ ਕਰਦੇ ਹਨ। ਇਹ ਭਾਰਤੀ ਸੁਤੰਤਰਤਾ ਸੰਗ੍ਰਾਮ ਉਨ੍ਹਾਂ ਦੇ ਯੋਗਦਾਨ ਅਤੇ ਲੋਕਪ੍ਰਿਅਤਾ ਨੂੰ ਦਰਸਾਉਂਦਾ ਹੈ। ■



# ਅਟਲ ਪੈਨਸ਼ਨ ਯੋਜਨਾ 2030-31 ਤੱਕ ਵਧੀ

# ਸਿਡਬੀ ਨੂੰ ਮਿਲਣਗੇ 5,000 ਕਰੋੜ ਰੁਪਏ

ਅਸੰਗਠਿਤ ਖੇਤਰ ਦੇ ਵਰਕਰਾਂ ਦੀ ਭਲਾਈ ਦੇ ਲਈ ਕੇਂਦਰ ਸਰਕਾਰ ਵਚਨਬੱਧ ਹੈ। ਇਸੇ ਕੜੀ ਵਿੱਚ ਕੇਂਦਰੀ ਕੈਬਨਿਟ ਨੇ ਇੱਕ ਮਹੱਤਵਪੂਰਨ ਫੈਸਲਾ ਲੈਂਦੇ ਹੋਏ ਅਟਲ ਪੈਨਸ਼ਨ ਯੋਜਨਾ ਨੂੰ 2030-31 ਤੱਕ ਜਾਰੀ ਰੱਖਣ ਦੀ ਮਨਜ਼ੂਰੀ ਦਿੱਤੀ ਹੈ। ਇਸ ਨਾਲ ਘੱਟ-ਆਮਦਨ ਵਰਗ ਅਤੇ ਅਸੰਗਠਿਤ ਖੇਤਰ ਦੇ ਵਰਕਰਾਂ ਦੇ ਲਈ ਬੁਢਾਪਾ ਅਵਸਥਾ ਆਮਦਨ ਸੁਰੱਖਿਆ ਯਕੀਨੀ ਹੋਵੇਗੀ। ਨਾਲ ਹੀ, ਸਿਡਬੀ ਨੂੰ 5,000 ਕਰੋੜ ਰੁਪਏ ਦੀ ਇਕੁਇਟੀ ਸਹਾਇਤਾ ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ ਹੈ ਜਿਸ ਨਾਲ ਕਈ ਐੱਮਐੱਸਐੱਮਈ ਨੂੰ ਹੋਵੇਗਾ ਫਾਇਦਾ...

**ਫ਼ੈਸਲਾ: ਅਟਲ ਪੈਨਸ਼ਨ ਯੋਜਨਾ (ਏਪੀਵਾਈ) ਨੂੰ ਵਿੱਤ ਵਰ੍ਹੇ 2030-31 ਤੱਕ ਜਾਰੀ ਰੱਖਣ ਦੀ ਮਨਜ਼ੂਰੀ।**

**ਪ੍ਰਭਾਵ:** ਅਟਲ ਪੈਨਸ਼ਨ ਯੋਜਨਾ ਵਿੱਚ 19 ਜਨਵਰੀ, 2026 ਤੱਕ, 8.66 ਕਰੋੜ ਤੋਂ ਵੱਧ ਗ੍ਰਾਹਕ ਨਾਮਜ਼ਦ ਹੋ ਚੁੱਕੇ ਹਨ, ਜਿਸ ਨਾਲ ਇਹ ਯੋਜਨਾ ਭਾਰਤ ਦੇ ਸਮਾਵੇਸ਼ੀ ਸਮਾਜਿਕ ਸੁਰੱਖਿਆ ਢਾਂਚੇ ਦੀ ਇੱਕ ਨੀਂਹ ਬਣ ਗਈ ਹੈ। ਏਪੀਵਾਈ 60 ਵਰ੍ਹੇ ਦੀ ਉਮਰ ਤੋਂ ਸ਼ੁਰੂ ਹੋ ਕੇ, ਅੰਸ਼ਦਾਨ ਦੇ ਅਧਾਰ 'ਤੇ, ਪ੍ਰਤੀ ਮਹੀਨੇ 1,000 ਰੁਪਏ ਤੋਂ 5,000 ਰੁਪਏ ਤੱਕ ਦੀ ਗਰੰਟੀਕ੍ਰਿਤ ਘੱਟੋ-ਘੱਟ ਪੈਨਸ਼ਨ ਪ੍ਰਦਾਨ ਕਰਦਾ ਹੈ। ਅਸੰਗਠਿਤ ਖੇਤਰ ਦੇ ਵਰਕਰਾਂ ਨੂੰ ਬੁਢਾਪਾ ਅਵਸਥਾ ਆਮਦਨ ਸੁਰੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਏਪੀਵਾਈ 9 ਮਈ, 2015 ਨੂੰ ਸ਼ੁਰੂ ਕੀਤੀ ਗਈ ਸੀ।

**ਮੁੱਖ ਪ੍ਰਭਾਵ:**

- ਇਹ ਲੱਖਾਂ ਘੱਟ-ਆਮਦਨ ਵਰਗ ਅਤੇ ਅਸੰਗਠਿਤ ਖੇਤਰ ਦੇ ਵਰਕਰਾਂ ਦੇ ਲਈ ਬੁਢਾਪਾ ਅਵਸਥਾ ਆਮਦਨ ਸੁਰੱਖਿਆ ਯਕੀਨੀ ਬਣਾਉਂਦਾ ਹੈ।
- ਇਹ ਵਿੱਤੀ ਸਮਾਵੇਸ਼ਨ ਨੂੰ ਹੁਲਾਰਾ ਦਿੰਦਾ ਹੈ। ਭਾਰਤ ਦੇ ਪੈਨਸ਼ਨ-ਅਧਾਰਿਤ ਸਮਾਜ ਵਿੱਚ ਪਰਿਵਰਤਨ ਦਾ ਸਮਰਥਨ ਕਰਦਾ ਹੈ।
- ਟਿਕਾਊ ਸਮਾਜਿਕ ਸੁਰੱਖਿਆ ਪ੍ਰਦਾਨ ਕਰਕੇ ਵਿਕਸਿਤ ਭਾਰਤ@2047 ਦੇ ਦ੍ਰਿਸ਼ਟੀਕੋਣ ਨੂੰ ਮਜ਼ਬੂਤ ਬਣਾਉਂਦਾ ਹੈ।

**ਜਾਗਰੂਕਤਾ ਅਤੇ ਸਮਰੱਥਾ ਨਿਰਮਾਣ ਵਿੱਚ ਸਰਕਾਰ ਕਰੇਗੀ ਸਹਿਯੋਗ**

- ਅਸੰਗਠਿਤ ਵਰਕਰਾਂ ਦਰਮਿਆਨ ਪਹੁੰਚ ਵਧਾਉਣ ਦੇ ਲਈ ਪ੍ਰਚਾਰ ਅਤੇ ਵਿਕਾਸਾਤਮਕ ਗਤੀਵਿਧੀਆਂ, ਜਿਨ੍ਹਾਂ ਵਿੱਚ ਜਾਗਰੂਕਤਾ ਅਤੇ ਸਮਰੱਥਾ ਨਿਰਮਾਣ ਸ਼ਾਮਲ ਹਨ।
- ਯੋਜਨਾ ਦੀ ਵਿਵਹਾਰਿਕਤਾ ਸਬੰਧੀ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਉਸ ਦੀ ਸਥਿਰਤਾ ਨੂੰ ਯਕੀਨੀ ਬਣਾਉਣ ਦੇ ਲਈ ਜ਼ਰੂਰੀ ਫੰਡ ਦੀ ਵੰਡ।

ਕੈਬਨਿਟ ਦੇ ਫੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਸਿਡਬੀ sidbi



**ਫ਼ੈਸਲਾ: ਭਾਰਤੀ ਲਘੂ ਉਦਯੋਗ ਵਿਕਾਸ ਬੈਂਕ (ਸਿਡਬੀ) ਨੂੰ 5,000 ਕਰੋੜ ਰੁਪਏ ਦੀ ਇਕੁਇਟੀ ਸਹਾਇਤਾ ਦੀ ਮਨਜ਼ੂਰੀ।**

**ਪ੍ਰਭਾਵ:** 5,000 ਕਰੋੜ ਰੁਪਏ ਦੀ ਇਕੁਇਟੀ ਪੂੰਜੀ ਨਿਵੇਸ਼ ਦੇ ਬਾਅਦ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੇ ਐੱਮਐੱਸਐੱਮਈ ਦੀ ਸੰਖਿਆ ਵਿੱਤ ਵਰ੍ਹੇ 2025 ਦੇ ਅੰਤ ਵਿੱਚ 76.26 ਲੱਖ ਤੋਂ ਵਧ ਕੇ ਵਿੱਤੀ ਵਰ੍ਹੇ 2028 ਦੇ ਅੰਤ ਤੱਕ 1.02 ਕਰੋੜ (ਭਾਵ ਲਗਭਗ 25.74 ਲੱਖ ਨਵੇਂ ਐੱਮਐੱਸਐੱਮਈ ਲਾਭਾਰਥੀ ਜੋੜੇ ਜਾਣਗੇ) ਹੋਣ ਦੀ ਉਮੀਦ ਹੈ।

- ਐੱਮਐੱਸਐੱਮਈ ਮੰਤਰਾਲੇ ਦੀ ਅਧਿਕਾਰਕ ਵੈੱਬਸਾਈਟ ਤੋਂ ਉਪਲਬਧ ਨਵੇਂ ਅੰਕੜਿਆਂ (30.09.2025 ਤੱਕ) ਦੇ ਅਨੁਸਾਰ, 6.90 ਕਰੋੜ ਐੱਮਐੱਸਐੱਮਈ (ਭਾਵ ਪ੍ਰਤੀ ਐੱਮਐੱਸਐੱਮਈ ਔਸਤਨ 4.37 ਵਿਅਕਤੀਆਂ ਦਾ ਰੁਜ਼ਗਾਰ ਸਿਰਜਣ) ਵੱਲੋਂ ਕੁੱਲ 30.16 ਕਰੋੜ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕੀਤਾ ਗਿਆ ਹੈ।
- ਇਸ ਔਸਤ ਨੂੰ ਧਿਆਨ ਵਿੱਚ ਰੱਖਦੇ ਹੋਏ ਵਿੱਤੀ ਵਰ੍ਹੇ 2027-28 ਦੇ ਅੰਤ ਤੱਕ ਅਨੁਮਾਨਿਤ 25.74 ਲੱਖ ਨਵੇਂ ਐੱਮਐੱਸਐੱਮਈ ਲਾਭਾਰਥੀਆਂ ਦੇ ਜੁੜਨ ਨਾਲ ਲਗਭਗ 1.12 ਕਰੋੜ ਨਵੇਂ ਰੁਜ਼ਗਾਰ ਦੇ ਸਿਰਜਣ ਦਾ ਅਨੁਮਾਨ ਹੈ। ■



ਸੰਵਾਦ ਨਾਲ ਸਫਲਤਾ




# ਪ੍ਰਧਾਨ ਮੰਤਰੀ ਦਾ ਮੰਤਰ ਆਪਣੇ ਤਰੀਕੇ 'ਤੇ ਰੱਖੋ ਪੂਰਾ ਭਰੋਸਾ

ਤਣਾਅ 'ਤੇ ਚਰਚਾ ਕਰਨ ਅਤੇ ਪ੍ਰੀਖਿਆਵਾਂ ਨੂੰ ਇੱਕ ਤਿਉਹਾਰ ਦੀ ਤਰ੍ਹਾਂ ਮਨਾਉਣ ਦੇ ਉਦੇਸ਼ ਨਾਲ ਸਾਲ 2018 ਵਿੱਚ ਸ਼ੁਰੂ ਕੀਤਾ ਗਿਆ 'ਪਰੀਕਸ਼ਾ ਪੇ ਚਰਚਾ' ਪ੍ਰੋਗਰਾਮ ਹਰ ਸਾਲ ਨਵਾਂ ਆਯਾਮ ਤੈਅ ਕਰ ਰਿਹਾ ਹੈ। ਇਸ ਸਾਲ ਵੀ ਵਿਦਿਆਰਥੀਆਂ-ਵਿਦਿਆਰਥਣਾਂ ਦੇ ਮਨ ਤੋਂ ਪ੍ਰੀਖਿਆ ਦਾ ਡਰ ਦੂਰ ਕਰਨ ਅਤੇ ਉਨ੍ਹਾਂ ਨੂੰ ਸਫਲਤਾ ਦਾ ਮੰਤਰ ਸਿਖਾਉਣ ਦੇ ਲਈ ਇੱਕ ਵਾਰ ਫਿਰ ਅਨੋਖੇ ਅਤੇ ਵਿਆਪਕ ਅੰਦਾਜ਼ ਵਿੱਚ ਪਰੀਕਸ਼ਾ ਪੇ ਚਰਚਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। 6 ਫਰਵਰੀ ਨੂੰ 'ਪਰੀਕਸ਼ਾ ਪੇ ਚਰਚਾ' ਦੇ 9ਵੇਂ ਐਡੀਸ਼ਨ ਵਿੱਚ ਪੀਐੱਮ ਮੋਦੀ ਨੇ ਵਿਦਿਆਰਥੀਆਂ ਨੂੰ ਦਿੱਤੇ ਮਹੱਤਵਪੂਰਨ ਮੰਤਰ ਅਤੇ ਕਈ ਵਿਸ਼ਿਆਂ 'ਤੇ ਕੀਤੀ ਚਰਚਾ...

## ਵਿਦਿਆਰਥੀਆਂ ਨੂੰ ਗੁਰੂ ਪੀਐੱਮ ਮੋਦੀ ਦਾ ਮੰਤਰ

**ਤਰੀਕੇ 'ਤੇ ਕਰੋ ਭਰੋਸਾ:** ਤੁਸੀਂ ਆਪਣਾ ਜੋ ਤਰੀਕਾ ਹੈ, ਉਸ 'ਤੇ ਪੂਰਾ ਭਰੋਸਾ ਕਰੋ। ਪਰ ਜੋ ਤਰੀਕੇ ਦੇ ਲਈ ਸੁਝਾਅ ਦਿੰਦੇ ਹਨ, ਉਸ ਨੂੰ ਧਿਆਨ ਨਾਲ ਸੁਣੋ, ਸਮਝਣ ਦੀ ਕੋਸ਼ਿਸ਼ ਕਰੋ। ਉਸ ਵਿੱਚ ਤੁਹਾਨੂੰ ਲਗਦਾ ਹੈ ਕਿ ਮੇਰਾ ਤਰੀਕਾ ਤਾਂ ਹੈ ਪਰ ਇਹ ਚੀਜ਼ ਜੇਕਰ ਮੈਂ ਜੋੜ ਦਵਾਂ ਤਾਂ ਚੰਗਾ ਹੋਵੇਗਾ। ਪਰ ਕਿਸੇ ਦੇ ਕਹਿਣ 'ਤੇ ਨਾਲ ਜਾ ਜੋੜੇ, ਆਪਣੇ ਅਨੁਭਵ ਨਾਲ ਜੋੜੇ। ਹੁਣ ਜਿਵੇਂ ਪਰੀਕਸ਼ਾ ਪੇ ਚਰਚਾ ਜਦੋਂ ਮੈਂ ਸ਼ੁਰੂ ਕੀਤੀ, ਤਦ ਇੱਕ ਤਰੀਕਾ ਸੀ। ਹੁਣ ਹੌਲੀ-ਹੌਲੀ ਮੈਂ ਉਸ ਵਿੱਚ ਸੁਧਾਰ ਕਰਦਾ ਜਾ ਰਿਹਾ ਹਾਂ।

**ਦੋ ਤਰ੍ਹਾਂ ਦੇ ਹੁਨਰ:** ਹੁਨਰ ਵਿੱਚ ਵੀ ਦੋ ਪ੍ਰਕਾਰ ਦੇ ਹੁਨਰ ਹਨ। ਇੱਕ ਹੈ, ਜੀਵਨ ਦਾ ਹੁਨਰ। ਦੂਜਾ ਹੈ, ਪੇਸ਼ੇਵਰ ਹੁਨਰ। ਉਸ ਵਿੱਚ ਵੀ ਕੋਈ ਮੈਨੂੰ ਪੁੱਛੇਗਾ ਕਿ ਸਰ ਜੀਵਨ ਦੇ ਹੁਨਰ ਵਿੱਚ ਧਿਆਨ ਦੇਣਾ ਚਾਹੀਦਾ ਹੈ ਕਿ ਪੇਸ਼ੇਵਰ ਹੁਨਰ ਵਿੱਚ? ਮੈਂ ਕਹਾਂਗਾ ਦੋਨਾਂ ਵਿੱਚ ਦੇਣਾ ਚਾਹੀਦਾ ਹੈ। ਤੁਸੀਂ ਮੈਨੂੰ ਦੱਸੋ, ਬਿਨਾ ਅਧਿਐਨ ਕੀਤੇ, ਬਿਨਾ ਨਿਰੀਖਣ ਕੀਤੇ, ਬਿਨਾ ਗਿਆਨ ਨੂੰ ਲਾਗੂ ਕੀਤੇ, ਕੋਈ ਵੀ ਹੁਨਰ ਆ ਸਕਦਾ ਹੈ ਕੀ?

**ਸਿੱਖਿਆ ਇੱਕ ਮਾਧਿਅਮ:** ਸਾਡੀ ਜ਼ਿੰਦਗੀ ਪ੍ਰੀਖਿਆ ਦੇ ਲਈ ਨਹੀਂ, ਸਗੋਂ ਸਿੱਖਿਆ ਸਾਡੇ ਜੀਵਨ ਨੂੰ ਬਣਾਉਣ ਦਾ ਇੱਕ ਮਾਧਿਅਮ ਹੈ। ਸਿੱਖਿਆ ਦੇ ਲਈ ਅਸੀਂ ਵਾਰ-ਵਾਰ ਪ੍ਰੀਖਿਆ ਦਿੰਦੇ ਹਾਂ। ਇਹ ਜੋ ਪ੍ਰੀਖਿਆ ਹੈ, ਉਹ ਸਾਨੂੰ ਆਪਣੇ-ਆਪ ਨੂੰ ਪਰਖਣ ਦੇ ਲਈ ਹੈ। ਅੰਤਿਮ ਟੀਚਾ ਪ੍ਰੀਖਿਆ ਦੇ ਅੰਕ ਨਹੀਂ ਹੋ ਸਕਦੇ ਹਨ। ਅੰਤਿਮ ਟੀਚਾ ਪੂਰੇ ਜੀਵਨ ਦੇ ਵਿਕਾਸ ਦਾ ਹੋਣਾ ਚਾਹੀਦਾ ਹੈ। ਮੇਰੀ ਤਾਂ ਸਾਰੇ ਵਿਦਿਆਰਥੀਆਂ ਨੂੰ ਤਾਕੀਦ ਹੈ ਕਿ ਤੁਸੀਂ ਜ਼ਿੰਦਗੀ ਵਿੱਚ ਸਭ ਤੋਂ ਜ਼ਿਆਦਾ ਉੱਤਮ ਬਣੋ, ਆਪਣਾ ਜੀਵਨ ਸ਼੍ਰੇਸ਼ਠ ਬਣਾਓ, ਤੁਹਾਡਾ ਪੂਰਾ ਜੀਵਨ ਸ਼ਾਨਦਾਰ ਰਹੇ, ਉਸ ਦੇ ਲਈ ਜੀਵਨ ਨੂੰ ਤਿਆਰ ਕਰਨਾ ਹੈ।




## ਅਸਾਮੀ ਗਮੋਛਾ

ਪੀਐੱਮ ਮੋਦੀ ਨੇ ਅਸਾਮੀ ਗਮੋਛਾ ਨਾਲ ਵਿਦਿਆਰਥੀਆਂ ਦਾ ਸੁਆਗਤ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਨੂੰ ਅਸਾਮੀ ਗਮੋਛਾ ਕਹਿੰਦੇ ਹਨ। ਇਹ ਸਭ ਤੋਂ ਵੱਡੀ ਚੀਜ਼ ਹੈ, ਇਹ ਮੇਰੀ ਸਭ ਤੋਂ ਪਿਆਰੀ ਚੀਜ਼ ਹੈ। ਉਸ ਦਾ ਡਿਜ਼ਾਈਨ ਬਹੁਤ ਚੰਗਾ ਲਗਦਾ ਹੈ। ਦੂਜਾ ਹੈ, ਇਹ ਅਸਾਮ ਦਾ ਅਤੇ ਖਾਸ ਤੌਰ 'ਤੇ ਉੱਤਰ-ਪੂਰਬ ਦੀ ਮਹਿਲਾ ਸਸ਼ਕਤੀਕਰਣ ਦਾ ਪ੍ਰਤੀਕ ਹੈ। ਇਹ ਘਰ ਵਿੱਚ ਬਣਾਉਂਦੇ ਹਾਂ। ਸਚਮੁੱਚ ਵਿੱਚ ਉੱਥੇ ਦੀ ਮਾਤ੍ਰਸ਼ਕਤੀ, ਨਾਰੀ ਸ਼ਕਤੀ ਕਿਵੇਂ ਕੰਮ ਕਰਦੀ ਹੈ। ਇੱਕ ਪ੍ਰਕਾਰ ਨਾਲ ਮਨ ਨੂੰ ਬਹੁਤ ਆਦਰ ਹੁੰਦਾ ਹੈ, ਸਨਮਾਨ ਹੁੰਦਾ ਹੈ। ਤਾਂ ਮੇਰਾ ਮਨ ਕਰ ਗਿਆ ਕਿ ਇਨ੍ਹਾਂ ਬੱਚਿਆਂ ਨੂੰ ਮੈਂ ਅੱਜ ਅਸਾਮ ਦਾ ਗਮੋਛਾ ਦਵਾਂਗਾ।

## ਮੈਂ ਬੀਤੇ ਹੋਏ ਨੂੰ ਨਹੀਂ, ਬਚੇ ਹੋਏ ਨੂੰ ਗਿਣਦਾ ਹਾਂ

ਵਿਦਿਆਰਥੀਆਂ ਨਾਲ ਗੱਲਬਾਤ ਵਿੱਚ ਪੀਐੱਮ ਮੋਦੀ ਨੇ ਕਿਹਾ ਕਿ ਮੈਨੂੰ ਹੁਣ ਇੱਕ ਨੇਤਾ ਨੇ ਫੋਨ ਕੀਤਾ ਸੀ। ਮੇਰੇ ਜਨਮਦਿਨ 'ਤੇ 17 ਸਤੰਬਰ ਨੂੰ, ਤਾਂ ਉਸ ਨੇ ਮੈਨੂੰ ਕਿਹਾ ਕਿ ਤੁਸੀਂ 75 ਦੇ ਹੋ ਗਏ। ਮੈਂ ਕਿਹਾ ਕਿ ਹਾਲੇ 25 ਬਾਕੀ ਹਨ। ਤਾਂ ਮੈਂ ਜੋ ਬੀਤਿਆ ਹੈ, ਉਸ ਨੂੰ ਗਿਣਦਾ ਨਹੀਂ ਹਾਂ। ਜੋ ਬਚਿਆ ਹੈ ਉਸ ਨੂੰ ਗਿਣਦਾ ਹਾਂ ਅਤੇ ਇਸ ਲਈ ਜੀਵਨ ਵਿੱਚ ਮੈਂ ਤੁਹਾਨੂੰ ਵੀ ਕਹਿੰਦਾ ਹਾਂ। ਬੀਤਿਆ ਹੈ, ਉਸ ਦੀ ਗਿਣਤੀ ਵਿੱਚ ਸਮਾਂ ਬਰਬਾਦ ਨਾ ਕਰੋ। ਜੋ ਬਚਿਆ ਹੈ, ਉਸ ਨੂੰ ਜਿਉਣ ਦੇ ਲਈ ਸੋਚੋ।

> ਇਸ ਸਾਲ ਦੀ ਪੀਪੀਸੀ ਵਿੱਚ ਪ੍ਰੀਖਿਆਵਾਂ ਨਾਲ ਜੁੜੇ ਬਹੁਤ ਹੀ ਰੌਚਕ ਵਿਸ਼ੇ ਸ਼ਾਮਲ ਹਨ, ਖਾਸ ਤੌਰ 'ਤੇ ਤਣਾਅ ਮੁਕਤ ਰਹਿਣ ਦੀ ਜ਼ਰੂਰਤ, ਸਿੱਖਣ 'ਤੇ ਧਿਆਨ ਕੇਂਦ੍ਰਿਤ ਕਰਨਾ ਹੋਰ ਵੀ ਬਹੁਤ ਕੁਝ। ਇਹ ਇੱਕ ਅਜਿਹਾ ਮੰਚ ਹੈ ਜੋ ਮੈਨੂੰ ਹਮੇਸ਼ਾ ਪਸੰਦ ਆਇਆ ਹੈ, ਕਿਉਂਕਿ ਇਸ ਨਾਲ ਮੈਨੂੰ ਪੂਰੇ ਦੇਸ਼ ਦੇ ਹੋਣਹਾਰ ਵਿਦਿਆਰਥੀਆਂ ਦੇ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਦਾ ਹੈ। **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



**ਬਣੋ ਗੇਮ ਕ੍ਰਿਏਟਰ:** ਭਾਰਤ ਦੇ ਅੰਦਰ ਬਹੁਤ ਸਾਰੀਆਂ ਕਥਾਵਾਂ-ਕਹਾਣੀਆਂ ਹਨ। ਤੁਸੀਂ ਕਦੇ ਸੋਚਿਆ ਹੈ ਕਿ ਪੰਚਤੰਤਰ 'ਤੇ ਮੈਂ ਇੱਕ ਗੇਮ ਬਣਾਵਾਂ, ਮੈਂ ਗੇਮ ਕ੍ਰਿਏਟਰ ਬਣਾਂ। ਤੁਸੀਂ ਵੀ ਆਪਣਾ ਇੱਕ ਸੋਸ਼ਲ ਮੀਡੀਆ ਪ੍ਰੋਫਾਈਲ ਬਣਾਓ ਅਤੇ ਤੁਸੀਂ ਇੱਕ ਜਾਂ ਦੋ ਗੇਮ ਖੁਦ ਤਿਆਰ ਕਰੋ ਅਤੇ ਇਨ੍ਹਾਂ ਗੇਮਾਂ ਨੂੰ ਤੁਸੀਂ ਲਾਂਚ ਕਰੋ। ਤਾਂ ਤੁਹਾਡੇ ਘਰ ਦੇ ਲੋਕਾਂ ਨੂੰ ਲਗੇਗਾ, ਅਰੇ ਦੇਖੋ ਇੰਨਾ ਛੋਟਾ ਹੈ, 10,000 – 20,000 ਇਸ ਦੇ ਫੌਲੋਅਰ ਹਨ। ਤਾਂ ਤੁਹਾਡੇ ਕੋਲ ਨਵੇਂ-ਨਵੇਂ ਵਿਚਾਰ ਆਉਣਗੇ। ਇਸ ਲਈ ਗੇਮਿੰਗ ਵਿੱਚ ਤੁਹਾਡੀ ਦਿਲਚਸਪੀ ਹੈ, ਚੰਗੀ ਚੀਜ਼ ਹੈ। ਤੁਸੀ ਕਦੇ ਵੀ ਸੰਕੋਚ ਨਾ ਕਰਿਓ।

**ਡਾਇਰੀ ਵਿੱਚ ਲਿਖੋ:** ਰਾਤ ਨੂੰ ਤੁਸੀਂ ਜੋ ਸੌਣ ਜਾਓ, ਉਸ ਤੋਂ ਪਹਿਲਾਂ ਡਾਇਰੀ ਵਿੱਚ ਲਿਖੋ ਕਿ ਕੱਲ੍ਹ ਮੈਨੂੰ ਜੋ ਕੰਮ ਬਿਲਕੁਲ ਕਰਨੇ ਹੀ ਕਰਨੇ ਹਨ। ਅਜਿਹੇ ਕਿਹੜੇ ਕੰਮ ਹਨ। ਦੂਜਾ ਫਿਰ ਅੱਜ ਜੋ ਲਿਖਿਆ ਹੈ, ਉਹ ਦੂਜੇ ਦਿਨ ਟੈਲੀ ਕਰੋ




# ਰਿਕਾਰਡ ਵਿਦਿਆਰਥੀਆਂ ਨੇ ਕਰਵਾਇਆ ਰਜਿਸਟ੍ਰੇਸ਼ਨ



**ਪਰੀਕਸ਼ਾ ਪੇ ਚਰਚਾ (ਪੀਪੀਸੀ) ਪ੍ਰੋਗਰਾਮ ਦੇ 9ਵੇਂ ਐਡੀਸ਼ਨ ਵਿੱਚ ਸ਼ਾਨਦਾਰ ਵਾਧਾ ਦੇਖਿਆ ਗਿਆ ਅਤੇ ਇਸ ਦੇ ਲਈ 4.5 ਕਰੋੜ ਤੋਂ ਵੱਧ ਵਿਦਿਆਰਥੀਆਂ, ਅਧਿਆਪਕਾਂ ਅਤੇ ਸਰਪ੍ਰਸਤਾਂ ਨੇ ਮਾਇਗੌਵ ਪੋਰਟਲ ਰਾਹੀਂ ਰਜਿਸਟ੍ਰੇਸ਼ਨ ਕਰਵਾਇਆ। ਇਸ ਵਿੱਚ ਵਿਦਿਆਰਥੀਆਂ ਦੀ ਗਿਣਤੀ 4,19,14,056, ਅਧਿਆਪਕ 24,84,259 ਅਤੇ ਸਰਪ੍ਰਸਤਾਂ ਦੀ ਗਿਣਤੀ 6,15,064 ਰਹੀ।**

## 2018

### ਪਹਿਲੀ ਵਾਰ ਹੋਈ ਗੱਲਬਾਤ

ਪਹਿਲੀ ਵਾਰ ਪਰੀਕਸ਼ਾ ਪੇ ਚਰਚਾ 16 ਫਰਵਰੀ, 2018 ਨੂੰ ਨਵੀਂ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਆਯੋਜਿਤ ਕੀਤੀ ਗਈ। ਇਸ ਪ੍ਰੋਗਰਾਮ ਵਿੱਚ 2500 ਤੋਂ ਵੱਧ ਵਿਦਿਆਰਥੀ ਮੌਜੂਦ ਸਨ। ਦੇਸ਼ ਭਰ ਦੇ 8.5 ਕਰੋੜ ਤੋਂ ਵੱਧ ਵਿਦਿਆਰਥੀਆਂ ਨੇ ਪ੍ਰੋਗਰਾਮ ਦੇਖਿਆ।

## 2019

### ਵਧਦੀ ਪਹੁੰਚ

29 ਜਨਵਰੀ, 2019 ਨੂੰ ਪਰੀਕਸ਼ਾ ਪੇ ਚਰਚਾ ਦਾ ਦੂਜਾ ਐਡੀਸ਼ਨ ਵੀ ਨਵੀਂ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਭਾਗੀਦਾਰੀ ਦਾ ਪੱਧਰ ਹੋਰ ਵੀ ਵਧਿਆ। ਨੱਬੇ ਮਿੰਟ ਤੋਂ ਵੱਧ ਸਮੇਂ ਤੱਕ ਚਲੀ ਇਸ ਗੱਲਬਾਤ ਵਿੱਚ ਵਿਦਿਆਰਥੀ, ਅਧਿਆਪਕ ਅਤੇ ਸਰਪ੍ਰਸਤ ਸ਼ਾਮਲ ਹੋਏ।

## 2020

### ਭਾਗੀਦਾਰੀ ਦਾ ਵਿਸਤਾਰ

20 ਜਨਵਰੀ, 2020 ਨੂੰ ਨਵੀਂ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਆਯੋਜਿਤ ਇਸ ਪ੍ਰੋਗਰਾਮ ਦੇ ਲਈ 2.63 ਲੱਖ ਐਂਟਰੀਆਂ ਪ੍ਰਾਪਤ ਹੋਈਆਂ। ਦੇਸ਼ ਅਤੇ ਵਿਦੇਸ਼ ਵਿੱਚ ਰਹਿਣ ਵਾਲੇ 25 ਦੇਸ਼ਾਂ ਦੇ ਭਾਰਤੀ ਵਿਦਿਆਰਥੀਆਂ ਨੇ ਇਸ ਵਿੱਚ ਹਿੱਸਾ ਲਿਆ।

## 2021

### ਵਰਚੁਅਲ ਸੰਪਰਕ

ਕੋਵਿਡ-19 ਮਹਾਮਾਰੀ ਦੇ ਕਾਰਨ, ਪੀਪੀਸੀ ਦਾ ਚੌਥਾ ਐਡੀਸ਼ਨ 7 ਅਪ੍ਰੈਲ 2021 ਨੂੰ ਔਨਲਾਈਨ ਆਯੋਜਿਤ ਕੀਤਾ ਗਿਆ।

## 2022

### 5ਵੇਂ ਐਡੀਸ਼ਨ ਦਾ ਆਯੋਜਨ

1 ਅਪ੍ਰੈਲ 2022 ਨੂੰ ਤਾਲਕਟੋਰਾ ਸਟੇਡੀਅਮ, ਨਵੀਂ ਦਿੱਲੀ ਵਿੱਚ ਪਰੀਕਸ਼ਾ ਪੇ ਚਰਚਾ ਦੇ 5ਵੇਂ ਐਡੀਸ਼ਨ ਵਿੱਚ ਪੀਐੱਮ ਮੋਦੀ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਰਪ੍ਰਸਤਾਂ ਨਾਲ ਗੱਲਬਾਤ ਕੀਤੀ। 9,69,836 ਵਿਦਿਆਰਥੀਆਂ, 47,200 ਅਧਿਆਪਕਾਂ ਅਤੇ 1,86,517 ਸਰਪ੍ਰਸਤਾਂ ਨੇ ਪਰੀਕਸ਼ਾ ਪੇ ਚਰਚਾ-2022 ਦਾ ਸਿੱਧਾ ਪ੍ਰਸਾਰਣ ਦੇਖਿਆ।

## 2023

### ਸੰਖਿਆ ਵਧੀ

27 ਜਨਵਰੀ 2023 ਨੂੰ ਪਰੀਕਸ਼ਾ ਪੇ ਚਰਚਾ ਦਾ ਛੇਵਾਂ ਐਡੀਸ਼ਨ ਤਾਲਕਟੋਰਾ ਸਟੇਡੀਅਮ ਵਿੱਚ ਆਯੋਜਿਤ ਕੀਤਾ ਗਿਆ। 7,18,110 ਵਿਦਿਆਰਥੀ, 42,337 ਅਧਿਆਪਕਾਂ ਅਤੇ 88,544 ਸਰਪ੍ਰਸਤਾਂ ਨੇ ਸਿੱਧਾ ਪ੍ਰਸਾਰਣ ਦੇਖਿਆ।

## 2024

### ਰਾਸ਼ਟਰਵਿਆਪੀ ਭਾਗੀਦਾਰੀ

29 ਜਨਵਰੀ 2024 ਨੂੰ ਸੱਤਵਾਂ ਐਡੀਸ਼ਨ ਭਾਰਤ ਮੰਡਪਮ ਵਿੱਚ ਆਯੋਜਿਤ। ਪ੍ਰੋਗਰਾਮ ਦੇ ਲਈ **MyGov** ਪੋਰਟਲ 'ਤੇ 2.26 ਕਰੋੜ ਰਜਿਸਟ੍ਰੇਸ਼ਨ। ਇਸ ਵਿੱਚ ਵਿਦਿਆਰਥੀਆਂ, ਅਧਿਆਪਕਾਂ, ਸਰਪ੍ਰਸਤਾਂ ਅਤੇ ਕਲਾ ਉਤਸਵ ਦੇ ਜੇਤੂਆਂ ਸਮੇਤ ਲਗਭਗ 3,000 ਪ੍ਰਤੀਭਾਗੀਆਂ ਨੇ ਹਿੱਸਾ ਲਿਆ।

## 2025

### ਗੱਲਬਾਤ ਵਿੱਚ ਕਈ ਵਿਸ਼ਿਆਂ 'ਤੇ ਚਰਚਾ

10 ਫਰਵਰੀ 2025 ਨੂੰ ਨਵੇਂ ਫੌਰਮੈਟ ਵਿੱਚ ਨਵੀਂ ਦਿੱਲੀ ਦੀ ਸੁੰਦਰ ਨਰਸਰੀ ਵਿੱਚ ਪਰੀਕਸ਼ਾ ਪੇ ਚਰਚਾ ਦਾ 8ਵਾਂ ਐਡੀਸ਼ਨ ਆਯੋਜਿਤ। ਪੀਐੱਮ ਮੋਦੀ ਨੇ ਵਿਦਿਆਰਥੀਆਂ ਦੇ ਨਾਲ ਕਈ ਵਿਸ਼ਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤਿਲ ਨਾਲ ਬਣੀਆਂ ਮਿਠਾਈਆਂ ਵੰਡੀਆਂ।

ਹੋਇਆ ਕਿ ਨਹੀਂ ਹੋਇਆ ਅਤੇ ਟਿੱਕ ਮਾਰਕ ਕਰੋ ਕਿ ਕੱਲ੍ਹ ਮੈਂ ਲਿਖਿਆ ਸੀ ਕਿ ਮੈਂ ਅੱਜ ਪੰਜ ਕੰਮ ਕਰਾਂ, ਪਰ ਤਿੰਨ ਹੀ ਕੀਤੇ ਤਾਂ ਟਿੱਕ ਮਾਰਕ ਕਰੋ, ਦੋ ਰਹਿ ਗਏ। ਫਿਰ ਸੋਚੋ ਇਹ ਦੋ ਕਿਉਂ ਰਹਿ ਗਏ? ਜੀਵਨ ਵਿੱਚ ਜੇਕਰ ਟਾਈਮ ਮੈਨੇਜਮੈਂਟ ਸਿੱਖ ਲਵੋ ਅਤੇ ਸਮੇਂ ਦਾ ਪ੍ਰੋਡਕਟਿਵ ਯੂਜ਼ ਸਿੱਖ ਲਵੋ, ਤਾਂ ਦੇਖੋ ਤੁਹਾਨੂੰ ਕਦੇ ਵੀ ਤਣਾਅ ਨਹੀਂ ਲੱਗੇਗਾ। ਥਕਾਨ ਨਹੀਂ ਲੱਗੇਗੀ। ਹੁਣ ਜਿਵੇਂ ਮੈਂ ਹਾਂ, ਇੰਨੇ ਸਾਰੇ ਕੰਮ ਹੁੰਦੇ ਹਨ ਪਰ ਮੈਨੂੰ ਟੈਂਸ਼ਨ ਨਹੀਂ ਹੈ ਕਿਉਂਕਿ ਮੈਨੂੰ ਬਹੁਤ ਪਹਿਲਾਂ ਤੋਂ ਹੀ ਇੱਕ ਪ੍ਰਕਾਰ ਨਾਲ ਸਮੇਂ ਦਾ ਸਹੀ ਉਪਯੋਗ ਕਰਨ ਦੀ ਆਦਤ ਬਣ ਗਈ।





## ਪਹਿਲੀ ਵਾਰ ਦੇਸ਼ ਦੀਆਂ ਕਈ ਥਾਵਾਂ 'ਤੇ ਆਯੋਜਿਤ ਹੋਇਆ ਪੀਪੀਸੀ

ਪਹਿਲੀ ਵਾਰ, ਪੀਪੀਸੀ 2026 ਦਾ ਆਯੋਜਨ ਦੇਸ਼ ਦੇ ਸਾਰੇ ਹਿੱਸਿਆਂ ਨੂੰ ਕਵਰ ਕਰਦੇ ਹੋਏ ਕਈ ਥਾਵਾਂ 'ਤੇ ਕੀਤਾ ਗਿਆ। ਦਿੱਲੀ ਤੋਂ ਇਲਾਵਾ, ਪੀਪੀਸੀ 2026 ਦਾ ਆਯੋਜਨ ਤਮਿਲ ਨਾਡੂ ਦੇ ਕੋਯੰਬਟੂਰ, ਛੱਤੀਸਗੜ੍ਹ ਦੇ ਰਾਏਪੁਰ, ਗੁਜਰਾਤ ਦੇ ਦੇਵ ਮੋਗਰਾ ਅਤੇ ਅਸਾਮ ਦੇ ਗੁਵਾਹਾਟੀ ਸਮੇਤ ਚਾਰ ਵੱਖ-ਵੱਖ ਥਾਵਾਂ 'ਤੇ ਕੀਤਾ ਗਿਆ, ਜਿਸ ਵਿੱਚ ਦੇਸ਼ ਦੇ ਪੂਰਬ, ਪੱਛਮ, ਉੱਤਰ, ਦੱਖਣ ਅਤੇ ਮੱਧ ਹਿੱਸੇ ਸ਼ਾਮਲ ਸਨ।

## ਦੇਸ਼ ਭਰ ਦੇ ਸਕੂਲਾਂ ਵਿੱਚ ਵਿਦਿਆਰਥੀ-ਕੇਂਦ੍ਰਿਤ ਗਤੀਵਿਧੀਆਂ ਦਾ ਆਯੋਜਨ

ਪਰੀਕਸ਼ਾ ਪੇ ਚਰਚਾ 2026 ਦੇ ਆਯੋਜਨ ਦੀਆਂ ਤਿਆਰੀਆਂ ਦੇ ਤਹਿਤ, ਦੇਸ਼ ਭਰ ਦੇ ਸਕੂਲਾਂ ਵਿੱਚ ਵਿਦਿਆਰਥੀ-ਕੇਂਦ੍ਰਿਤ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ। ਇਨ੍ਹਾਂ ਵਿੱਚ ਆਤਮ-ਨਿਰਭਰਤਾ ਦੀ ਭਾਵਨਾ ਨੂੰ ਹੁਲਾਰਾ ਦੇਣ ਦੇ ਲਈ ਵਿਦਿਆਰਥੀਆਂ ਵੱਲੋਂ ਆਯੋਜਿਤ ਸਵਦੇਸ਼ੀ ਸੰਕਲਪ ਦੌੜ ਅਤੇ ਪਰਾਕ੍ਰਮ ਦਿਵਸ 'ਤੇ ਚੁਣੇ ਕੇਂਦਰੀ ਵਿਦਿਆਲਯਾਂ ਵਿੱਚ ਆਯੋਜਿਤ ਕੁਇਜ਼ ਅਤੇ ਲੇਖਨ ਪ੍ਰਤੀਯੋਗਿਤਾਵਾਂ ਸ਼ਾਮਲ ਸਨ। ਇਨ੍ਹਾਂ ਗਤੀਵਿਧੀਆਂ ਵਿੱਚ ਲਗਭਗ 2.26 ਕਰੋੜ ਵਿਦਿਆਰਥੀਆਂ ਨੇ ਹਿੱਸਾ ਲਿਆ।



## ਦੇਖਣੇ ਹੀ ਚਾਹੀਦੇ ਨੇ ਸੁਪਨੇ

ਵਿਦਿਆਰਥੀਆਂ ਨਾਲ ਮੁਲਾਕਾਤ ਵਿੱਚ ਪੀਐੱਮ ਮੋਦੀ ਨੇ ਕਿਹਾ ਕਿ ਸੁਪਨੇ ਨਾ ਦੇਖਣਾ, ਉਹ ਤਾਂ ਅਪਰਾਧ ਹੈ। ਸੁਪਨੇ ਦੇਖਣੇ ਹੀ ਚਾਹੀਦੇ ਹਨ, ਪਰ ਸੁਪਨਿਆਂ ਨੂੰ ਗੁਣ-ਗੁਣਾਉਂਦੇ ਰਹਿਣਾ ਇਹ ਕਦੇ ਕੰਮ ਨਹੀਂ ਆਉਂਦਾ ਹੈ। ਇਸ ਲਈ ਜੀਵਨ ਵਿੱਚ ਕਰਮ ਨੂੰ ਪ੍ਰਧਾਨਤਾ ਦੇਣੀ ਚਾਹੀਦੀ ਹੈ। ਮੈਂ ਜਿੱਥੇ ਹਾਂ, ਉੱਥੇ ਮੈਨੂੰ ਸਫਲ ਹੋਣਾ ਹੈ, ਤਦ ਮੈਂ ਅੱਗੇ ਆਵਾਂਗਾ। ਸਾਡਾ ਮਨ ਕਰ ਗਿਆ ਕਿ ਮੈਨੂੰ ਪੁਲਾੜ ਯਾਤਰੀ ਹੋਣਾ ਹੈ ਅਤੇ ਮੈਨੂੰ ਚੰਨ 'ਤੇ ਜਾਣਾ ਹੈ, ਤਾਂ ਫਿਰ ਮੈਨੂੰ ਪੜ੍ਹਨਾ ਚਾਹੀਦਾ ਹੈ ਕਿ ਪੁਲਾੜ ਯਾਤਰੀ ਕੌਣ ਹੋਏ। ਉਨ੍ਹਾਂ ਦੀ ਜੀਵਨੀ ਕੀ ਸੀ? ਇਹ ਪੁਲਾੜ ਹੁੰਦਾ ਕੀ ਹੈ? ਹੌਲੀ-ਹੌਲੀ ਉਸ ਵਿੱਚ ਦਿਲਚਸਪੀ ਵਧਾਉਣੀ ਚਾਹੀਦੀ ਹੈ।

## ...ਇੱਕ ਵਿਦਿਆਰਥੀ ਨੇ ਸੁਣਾਈ ਕਵਿਤਾ

ਹਮ ਸਬਕੇ ਅਰਮਾਨ ਹੈਂ ਆਪ। ਭਾਰਤ ਕੇ ਅਭਿਮਾਨ ਹੈਂ ਆਪ।
ਭਾਰਤ ਵਰਸ਼ ਕੇ ਕੇਵਟ ਹੈਂ ਆਪ। ਮਾਨਵਤਾ ਕੇ ਸੇਵਕ ਹੈਂ ਆਪ।
ਮੈਂ ਬੜੀ ਦੂਰ ਸੇ ਆਈ ਹੂੰ। ਕੁਛ ਪ੍ਰਸ਼ਨੋਂ ਕੋ ਅਪਨੇ ਸਾਥ ਭੀ ਲਾਈ ਹੂੰ।
ਪਰੀਕਸ਼ਾ ਪੇ ਚਰਚਾ ਕੀ ਸੌਗਾਤ ਉਠਾਏ ਹੈਂ।
ਫਿਰ ਹਮ ਸਬ ਯਹ ਮੌਕਾ ਪਾਏ ਹੈਂ।
ਆਪ ਮਮਤਾ ਕੀ ਪਰਛਾਈ ਹੈਂ। ਵੰਚਿਤੋਂ ਕੇ ਹਮਰਾਹੀ ਹੈ।
ਦੇਸ਼ ਕੋ ਆਗੇ ਰਖਤੇ ਹੈਂ। ਭਾਰਤ ਮਾਂ ਕੀ ਜੈ ਕਹਤੇ ਹੈਂ।
ਤੋ ਲੋ ਮੈਂ ਭੀ ਯਹ ਕਹਿਤੀ ਹੂੰ, ਮਨ ਕੀ ਬਾਤ ਰਖਤੀ ਹੂੰ।
ਆਪ ਸਾਧਨਾ ਪੁਰਸ਼ ਔਰ ਯੋਗੀ ਹੋ। ਭਾਰਤ ਕੇ ਸਪਨੋਂ ਕੇ ਮੋਦੀ ਹੋ।
ਯਹ ਕਹਿ ਕਰ ਮੈਨੇ ਵਾਣੀ ਕੋ ਵਿਰਾਮ ਦਿਯਾ।
ਫਿਰ ਸੇ ਆਪਕੋ ਪ੍ਰਣਾਮ ਕੀਆ।

### ਪਰੀਕਸ਼ਾ ਪੇ ਚਰਚਾ ਨਾਲ ਮਿਲਦੇ ਹਨ ਮਹੱਤਵਪੂਰਨ ਟਿਪਸ

- ਸਟ੍ਰੈਸ ਮੈਨੇਜਮੈਂਟ ਅਤੇ ਟਾਈਮ ਮੈਨੇਜਮੈਂਟ।
- ਪ੍ਰੀਖਿਆ ਦੌਰਾਨ ਹੋਣ ਵਾਲੀ ਘਬਰਾਹਟ ਨੂੰ ਦੂਰ ਕਰਨ ਦੇ ਉਪਾਅ।
- ਆਖਰੀ ਦਿਨਾਂ ਵਿੱਚ ਰਿਵੀਜ਼ਨ ਦਾ ਸਹੀ ਤਰੀਕਾ।
- ਮਾਤਾ-ਪਿਤਾ, ਬੱਚਿਆਂ ਦੀ ਮਦਦ ਕਿਵੇਂ ਕਰਨ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

**ਜ਼ਿੰਦਗੀ ਜਿਉਣ ਦੇ ਤਰੀਕੇ ਨਾਲ ਜੀਵਨ ਬਣਦਾ ਹੈ:** ਕੁਝ ਲੋਕ ਹੁੰਦੇ ਹਨ ਕਿ ਉਨ੍ਹਾਂ ਨੂੰ ਨੀਂਦ ਨਹੀਂ ਆਉਂਦੀ। ਕਿਉਂ ਨਹੀਂ ਆਉਂਦੀ? ਕਮਰਾ ਅਜਿਹਾ ਹੈ। ਜੇਕਰ ਉਸ ਨੂੰ ਫਾਈਵ ਸਟਾਰ ਹੋਟਲ ਵਿੱਚ ਰੱਖੋਗੇ ਨਾ, ਤਾਂ ਵੀ ਨੀਂਦ ਨਹੀਂ ਆਵੇਗੀ। ਤਾਂ ਇਹ ਜੋ ਸੋਚ ਹੈ ਕਿ ਸੁਵਿਧਾ ਹੋਵੇਗੀ ਤਾਂ ਸਮਰੱਥਾ ਆਵੇਗੀ, ਅਜਿਹਾ ਨਹੀਂ ਹੈ। ਸਾਡੇ ਦੇਸ਼ ਵਿੱਚ ਬੋਰਡ ਦੀ ਪ੍ਰੀਖਿਆ ਵਿੱਚ ਜੋ ਨੰਬਰ ਲਿਆਉਂਦੇ ਹਨ, ਉਹ ਬੱਚੇ ਕੌਣ ਹਨ? ਛੋਟੇ-ਛੋਟੇ ਪਿੰਡਾਂ ਦੇ ਹਨ। ਉੱਥੇ ਤਾਂ ਕੋਈ ਕੰਫਰਟ ਨਹੀਂ ਹੈ। ਕੰਫਰਟ ਜ਼ੋਰ ਹੀ ਜੀਵਨ ਬਣਾਉਂਦਾ ਹੈ, ਇਸ ਵਹਿਮ ਵਿੱਚ ਨਹੀਂ ਰਹਿਣਾ ਚਾਹੀਦਾ ਹੈ। ਜੀਵਨ ਬਣਦਾ ਹੈ ਜ਼ਿੰਦਗੀ ਜਿਉਣ ਦੇ ਤਰੀਕੇ ਨਾਲ। ▪

ਰਾਸ਼ਟਰਪਤੀ ਦਾ ਭਾਸ਼ਣ

# ਸੁਸ਼ਾਸਨ ਨੂੰ ਹੋਰ ਮਜ਼ਬੂਤ ਕਰਨ ਦੀ ਸਮੂਹਿਕ ਵਚਨਬੱਧਤਾ

ਵਰ੍ਹੇ 2026 ਦੇ ਪਹਿਲੇ ਸੰਸਦ ਸੈਸ਼ਨ ਦੀ ਸ਼ੁਰੂਆਤ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦੇ ਸੰਬੋਧਨ ਨਾਲ ਹੋਈ। ਇਹ ਸੰਬੋਧਨ ਜਿੱਥੇ ਹਾਲ ਦੇ ਵਰ੍ਹਿਆਂ ਵਿੱਚ ਭਾਰਤ ਦੀ ਵਿਕਾਸ ਯਾਤਰਾ ਦੀ ਤਸਵੀਰ ਸੀ, ਉੱਥੇ ਹੀ ਭਵਿੱਖ ਦੇ ਲਈ ਮਜ਼ਬੂਤ ਮਾਰਗਦਰਸ਼ਨ ਅਤੇ 140 ਕਰੋੜ ਦੇਸ਼ਵਾਸੀਆਂ ਦੇ ਆਤਮਵਿਸ਼ਵਾਸ ਦਾ ਪ੍ਰਗਟਾਵਾ। ਭਾਸ਼ਣ ਵਿੱਚ ਕਿਸਾਨਾਂ, ਨੌਜਵਾਨਾਂ, ਗ਼ਰੀਬਾਂ ਅਤੇ ਵੰਚਿਤ ਵਰਗਾਂ ਦੇ ਸਸ਼ਕਤੀਕਰਣ ਦੇ ਲਈ ਨਿਰੰਤਰ ਕੀਤੇ ਜਾ ਰਹੇ ਯਤਨਾਂ ਨੂੰ ਰੇਖਾਂਕਿਤ ਕੀਤਾ ਗਿਆ। ਨਾਲ ਹੀ ਰਿਫੌਰਮ ਐਕਸਪ੍ਰੈੱਸ ਨੂੰ ਹੋਰ ਗਤੀ ਦੇਣ, ਇਨੋਵੇਸ਼ਨ ਨੂੰ ਹੁਲਾਰਾ ਦੇਣ ਅਤੇ ਸੁਸ਼ਾਸਨ ਨੂੰ ਹੋਰ ਮਜ਼ਬੂਤ ਕਰਨ ਦੀ ਨਵੇਂ ਭਾਰਤ ਦੀ ਸਮੂਹਿਕ ਵਚਨਬੱਧਤਾ ਨੂੰ ਵੀ ਦੁਹਰਾਇਆ, ਜੋ ਇੱਕ ਸਸ਼ਕਤ, ਆਤਮਨਿਰਭਰ ਅਤੇ ਸਮ੍ਰਿੱਧ ਰਾਸ਼ਟਰ ਦੇ ਸਾਂਝੇ ਸੰਕਲਪ ਨੂੰ ਦਰਸਾਉਂਦਾ ਹੈ। ਪੇਸ਼ ਹੈ ਸੰਬੋਧਨ ਦੇ ਸੰਪਾਦਿਤ ਅੰਸ਼...



**ਅਤੀਤ ਤੋਂ ਪ੍ਰੇਰਣਾ:** ਵੰਦੇ ਮਾਤਰਮ ਦੇ 150 ਵਰ੍ਹੇ ਹੋਣ 'ਤੇ ਪੂਰੇ ਦੇਸ਼ ਵਿੱਚ ਸਮਾਰੋਹ ਆਯੋਜਿਤ ਹੋ ਰਹੇ ਹਨ। ਸਾਰੇ ਦੇਸ਼ਵਾਸੀ ਇਸ ਮਹਾਨ ਪ੍ਰੇਰਣਾ ਦੇ ਲਈ, ਰਿਸ਼ੀ ਬੰਕਿਮ ਚੰਦ੍ਰ ਚੱਟੋਪਾਧਿਆਏ ਜੀ ਨੂੰ ਨਮਨ ਕਰ ਰਹੇ ਹਨ। ਦੇਸ਼ਵਾਸੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਪਰਵ ਪੂਰੀ ਸ਼ਰਧਾ ਨਾਲ ਮਨਾਇਆ। ਭਗਵਾਨ ਬਿਰਸਾ ਮੁੰਡਾ ਦੀ 150ਵੀਂ ਜਨਮ-ਜਯੰਤੀ ਵਰ੍ਹੇ ਦੌਰਾਨ ਦੇਸ਼ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ, ਸਰਦਾਰ ਪਟੇਲ ਦੀ 150ਵੀਂ ਜਨਮ-ਜਯੰਤੀ ਨਾਲ ਜੁੜੇ ਆਯੋਜਨਾਂ ਨੇ ਏਕ ਭਾਰਤ, ਸ਼੍ਰੇਸ਼ਠ ਭਾਰਤ ਦੇ ਭਾਵ ਨੂੰ ਮਜ਼ਬੂਤੀ ਦਿੱਤੀ। ਸਾਰੇ ਦੇਸ਼ਵਾਸੀ ਇਸ ਗੱਲ ਦੇ ਵੀ ਗਵਾਹ ਬਣੇ ਕਿ ਕਿਵੇਂ ਭਾਰਤ ਰਤਨ ਭੂਪੇਨ ਹਜ਼ਾਰਿਕਾ ਦੀ ਜਨਮ-ਸ਼ਤਾਬਦੀ ਦੇ ਸਮਾਰੋਹ, ਸੁਰਾਂ ਅਤੇ ਦੇਸ਼ ਦੀ ਏਕਤਾ ਦੇ ਭਾਵ ਨਾਲ ਭਰੇ ਹੋਏ ਸਨ। ਜਦੋਂ ਦੇਸ਼ਵਾਸੀ ਅਤੀਤ ਦੇ ਅਜਿਹੇ ਮਹਾਨ ਪੜਾਵਾਂ ਅਤੇ ਆਪਣੇ ਬਜ਼ੁਰਗਾਂ ਦੇ ਮਹਾਨ ਯੋਗਦਾਨ ਨੂੰ ਯਾਦ ਕਰਦੇ ਹਨ, ਤਾਂ ਨਵੀਂ ਪੀੜ੍ਹੀ ਨੂੰ ਪ੍ਰੇਰਣਾ ਮਿਲਦੀ ਹੈ।

**ਗ਼ਰੀਬੀ ਵਿੱਚ ਕਮੀ:** ਪਿਛਲੇ ਇੱਕ ਦਹਾਕੇ ਵਿੱਚ 25 ਕਰੋੜ ਦੇਸ਼ਵਾਸੀ ਗ਼ਰੀਬੀ ਨੂੰ ਹਰਾ ਕੇ ਗ਼ਰੀਬੀ ਤੋਂ ਬਾਹਰ ਨਿਕਲੇ ਹਨ। ਸਰਕਾਰ ਦੇ ਤੀਜੇ ਕਾਰਜਕਾਲ ਵਿੱਚ ਗ਼ਰੀਬਾਂ ਨੂੰ ਸਸ਼ਕਤ ਕਰਨ ਦਾ ਅਭਿਆਨ ਹੋਰ ਤੇਜ਼ੀ ਨਾਲ ਅੱਗੇ ਵਧਿਆ ਹੈ।

**ਐੱਲਪੀਜੀ:** ਉੱਜਵਲਾ ਯੋਜਨਾ ਦੇ ਮਾਧਿਅਮ ਨਾਲ ਹੁਣ ਤੱਕ 10 ਕਰੋੜ ਤੋਂ ਜ਼ਿਆਦਾ ਪਰਿਵਾਰਾਂ ਨੂੰ ਐੱਲਪੀਜੀ ਕਨੈਕਸ਼ਨ ਮਿਲੇ ਹਨ। ਇੱਕ ਵਰ੍ਹੇ ਵਿੱਚ ਸਰਕਾਰ ਨੇ ਪੌਣੇ ਸੱਤ ਲੱਖ ਕਰੋੜ ਰੁਪਏ ਤੋਂ ਵੱਧ ਦਾ ਲਾਭ ਡੀਬੀਟੀ ਰਾਹੀਂ ਸਿੱਧਾ ਲਾਭਾਰਥੀਆਂ ਨੂੰ ਪਹੁੰਚਾਇਆ ਹੈ।



**ਪੱਕੇ ਘਰ:** ਪਿਛਲੇ ਇੱਕ ਦਹਾਕੇ ਵਿੱਚ ਗ਼ਰੀਬਾਂ ਦੇ ਚਾਰ ਕਰੋੜ ਪੱਕੇ ਘਰ ਬਣੇ। ਬੀਤੇ ਇੱਕ ਵਰ੍ਹੇ ਵਿੱਚ 32 ਲੱਖ ਨਵੇਂ ਘਰ ਗ਼ਰੀਬਾਂ ਨੂੰ ਮਿਲੇ ਹਨ।

**ਨਲ ਸੇ ਜਲ:** ਜਲ ਜੀਵਨ ਮਿਸ਼ਨ ਦੇ ਪੰਜ ਵਰ੍ਹਿਆਂ ਵਿੱਚ ਸਾਢੇ 12 ਕਰੋੜ ਨਵੇਂ ਪਰਿਵਾਰਾਂ ਤੱਕ ਪਾਈਪ ਤੋਂ ਪਾਣੀ ਪਹੁੰਚਾਇਆ ਗਿਆ। ਬੀਤੇ ਇੱਕ ਵਰ੍ਹੇ ਵਿੱਚ ਕਰੀਬ ਇੱਕ ਕਰੋੜ ਨਵੇਂ ਪਰਿਵਾਰਾਂ ਤੱਕ ਨਲ ਤੋਂ ਜਲ ਦੀ ਸੁਵਿਧਾ ਪਹੁੰਚੀ ਹੈ।

**ਸਮਾਜਿਕ ਸੁਰੱਖਿਆ:** ਵਰ੍ਹੇ 2014 ਦੀ ਸ਼ੁਰੂਆਤ ਵਿੱਚ ਸਿਰਫ਼ 25 ਕਰੋੜ ਨਾਗਰਿਕਾਂ ਤੱਕ ਹੀ ਸੋਸ਼ਲ ਸਕਿਓਰਿਟੀ ਦੀਆਂ ਯੋਜਨਾਵਾਂ ਪਹੁੰਚ ਪਾਉਂਦੀਆਂ ਸਨ। ਸਰਕਾਰ ਦੇ ਯਤਨਾਂ ਵਿੱਚ ਨਿਰੰਤਰਤਾ ਦੀ ਵਜ੍ਹਾ ਨਾਲ ਅੱਜ ਕਰੀਬ 95 ਕਰੋੜ ਭਾਰਤੀਆਂ ਨੂੰ ਸੋਸ਼ਲ ਸਕਿਓਰਿਟੀ ਦਾ ਕਵਚ ਮਿਲਿਆ ਹੈ।

**ਸਿਹਤ:** ਗਰੀਬ ਮਰੀਜ਼ਾਂ ਦੇ ਲਈ ਸ਼ੁਰੂ ਕੀਤੀ ਗਈ ਆਯੁਸ਼ਮਾਨ ਭਾਰਤ ਯੋਜਨਾ ਨਾਲ ਬੀਤੇ ਵਰ੍ਹੇ ਤੱਕ 11 ਕਰੋੜ ਤੋਂ ਵੱਧ ਮਰੀਜ਼ਾਂ ਨੂੰ ਮੁਫ਼ਤ ਇਲਾਜ ਦਿੱਤਾ ਗਿਆ ਹੈ। ਬੀਤੇ ਲਗਭਗ ਡੇਢ ਵਰ੍ਹੇ ਵਿੱਚ ਕਰੀਬ ਇੱਕ ਕਰੋੜ ਬਜ਼ੁਰਗਾਂ ਨੂੰ ਵਯ ਵੰਦਨਾ ਕਾਰਡ ਜਾਰੀ ਕੀਤੇ ਗਏ ਹਨ। ਇਨ੍ਹਾਂ ਦੀ ਮਦਦ ਨਾਲ ਕਰੀਬ 8 ਲੱਖ ਬਜ਼ੁਰਗਾਂ ਨੇ ਹਸਪਤਾਲ ਵਿੱਚ ਭਰਤੀ ਰਹਿੰਦੇ ਹੋਏ ਆਪਣਾ ਮੁਫਤ ਇਲਾਜ ਕਰਵਾਇਆ ਹੈ। ਸਿੱਕਲ ਸੈੱਲ ਅਨੀਮੀਆ ਖਾਤਮੇ ਮਿਸ਼ਨ ਵਿੱਚ ਸਾਢੇ ਛੇ ਕਰੋੜ ਤੋਂ ਵੱਧ ਨਾਗਰਿਕਾਂ ਦੀ ਸਕ੍ਰੀਨਿੰਗ ਕੀਤੀ ਗਈ ਹੈ। ਮਾਣ ਦੀ ਗੱਲ ਹੈ ਕਿ ਵਿਸ਼ਵ ਸਿਹਤ ਸੰਗਠਨ ਨੇ ਭਾਰਤ ਨੂੰ ਅੱਖਾਂ ਦੇ ਸੰਕ੍ਰਮਣ, ਟ੍ਰੈਕੋਮਾ ਤੋਂ ਮੁਕਤ ਐਲਾਨ ਕੀਤਾ ਹੈ।

**ਬੀਮਾ ਸੁਰੱਖਿਆ:** ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਅਤੇ ਪੀਐੱਮ ਸੁਰਕਸ਼ਾ ਬੀਮਾ ਯੋਜਨਾ ਰਾਹੀਂ ਕਰੋੜਾਂ ਜ਼ਰੂਰਤਮੰਦ ਨਾਗਰਿਕਾਂ ਨੂੰ ਬੀਮਾ ਕਵਰੇਜ ਮਿਲਿਆ ਹੈ। ਇਸ ਦੇ ਤਹਿਤ 24 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਕਲੇਮ ਵੀ ਦਿੱਤਾ ਗਿਆ ਹੈ।

**ਕਿਸਾਨ:** ਪਿਛਲੇ ਵਰ੍ਹੇ ਵਿੱਚ ਭਾਰਤ ਨੇ ਰਿਕਾਰਡ ਸਾਢੇ ਤਿੰਨ ਸੌ ਮਿਲੀਅਨ ਟਨ ਤੋਂ ਜ਼ਿਆਦਾ ਅਨਾਜ ਦਾ ਉਤਪਾਦਨ ਕੀਤਾ ਹੈ। 150 ਮਿਲੀਅਨ ਟਨ ਉਤਪਾਦਨ ਦੇ ਨਾਲ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਚੌਲ ਉਤਪਾਦਕ ਦੇਸ਼ ਬਣ ਗਿਆ ਹੈ। ਭਾਰਤ ਵਿਸ਼ਵ ਦਾ ਦੂਸਰਾ ਸਭ ਤੋਂ ਵੱਡਾ ਮੱਛੀ ਉਤਪਾਦਨ ਦੇਸ਼ ਵੀ ਬਣਿਆ ਹੈ। ਦੁੱਧ ਉਤਪਾਦਨ ਦੇ ਖੇਤਰ ਵਿੱਚ ਵੀ, ਭਾਰਤ ਦੁਨੀਆ ਦੇ ਸਭ ਤੋਂ ਸਫ਼ਲ ਦੇਸ਼ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ।

**ਮੋਬਾਈਲ-ਈਵੀ ਮੈਨੂਫੈਕਚਰਿੰਗ:** ਮੋਬਾਈਲ ਮੈਨੂਫੈਕਚਰਿੰਗ ਜਿਹੇ ਫੀਲਡ ਵਿੱਚ ਭਾਰਤ ਹੁਣ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਦੇਸ਼ ਬਣ ਗਿਆ ਹੈ। 2025-26 ਦੇ ਪਹਿਲੇ 5 ਮਹੀਨਿਆਂ ਵਿੱਚ ਭਾਰਤ ਦਾ ਸਮਾਰਟਫੋਨ ਐਕਸਪੋਰਟ 1 ਲੱਖ ਕਰੋੜ ਰੁਪਏ ਦੇ ਪਾਰ ਹੋ ਗਿਆ ਹੈ। ਇਸ ਸਾਲ ਭਾਰਤ ਨੇ ਸੌ ਤੋਂ ਵੱਧ ਦੇਸ਼ਾਂ ਨੂੰ ਇਲੈਕਟ੍ਰਿਕ ਵ੍ਹੀਕਲ ਦਾ ਨਿਰਯਾਤ ਸ਼ੁਰੂ ਕੀਤਾ ਹੈ।

**ਪੀਐੱਮ ਗ੍ਰਾਮੀਣ ਸੜਕ ਯੋਜਨਾ:** ਬੀਤੇ ਇੱਕ ਵਰ੍ਹੇ ਵਿੱਚ ਦੇਸ਼ ਵਿੱਚ ਲਗਭਗ 18 ਹਜ਼ਾਰ ਕਿਲੋਮੀਟਰ ਨਵੀਆਂ ਗ੍ਰਾਮੀਣ ਸੜਕਾਂ ਜੋੜੀਆਂ ਗਈਆਂ ਹਨ। ਹੁਣ ਭਾਰਤ ਦੀ ਕਰੀਬ-ਕਰੀਬ ਪੂਰੀ ਗ੍ਰਾਮੀਣ ਆਬਾਦੀ ਸੜਕ ਨਾਲ ਜੁੜ ਚੁੱਕੀ ਹੈ।

**ਆਇਜ਼ੋਲ ਪਹੁੰਚੀ ਰੇਲ:** ਮਿਜ਼ੋਰਮ ਦੇ ਆਇਜ਼ੋਲ ਅਤੇ ਨਵੀਂ ਦਿੱਲੀ ਨੂੰ ਡਾਇਰੈਕਟ ਰੇਲ ਰੂਟ ਨਾਲ ਜੋੜਿਆ ਗਿਆ ਹੈ। ਬੀਤੇ ਵਰ੍ਹੇ ਜਦੋਂ ਆਇਜ਼ੋਲ ਦੇ ਸਟੇਸ਼ਨ 'ਤੇ ਪਹਿਲੀ ਵਾਰ ਰਾਜਧਾਨੀ ਐਕਸਪ੍ਰੈੱਸ ਦਾ ਆਗਮਨ ਹੋਇਆ, ਤਾਂ ਸਥਾਨਕ ਲੋਕਾਂ ਦੇ ਉਤਸ਼ਾਹ ਨੇ ਸਾਰੇ ਦੇਸ਼ ਨੂੰ ਪ੍ਰਸੰਨਤਾ ਦੇ ਭਾਵ ਨਾਲ ਜੋੜ ਦਿੱਤਾ।

**ਸਭ ਤੋਂ ਉੱਚਾ ਰੇਲਵੇ ਆਰਚ ਬ੍ਰਿਜ:** ਜੰਮੂ-ਕਸ਼ਮੀਰ ਵਿੱਚ ਵਿਸ਼ਵ ਦੇ ਸਭ ਤੋਂ ਉੱਚੇ ਰੇਲਵੇ ਆਰਚ ਚਿਨਾਬ ਬ੍ਰਿਜ ਅਤੇ ਤਮਿਲ ਨਾਡੂ ਵਿੱਚ ਨਵੇਂ ਪੰਬਨ ਬ੍ਰਿਜ ਦਾ ਨਿਰਮਾਣ ਕਰਕੇ ਭਾਰਤ ਨੇ ਇਨਫ੍ਰਾਸਟ੍ਰਕਚਰ ਖੇਤਰ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਸਥਾਪਿਤ ਕੀਤਾ।



ਰਾਸ਼ਟਰਪਤੀ ਦਾ ਭਾਸ਼ਣ ਦੇਖਣ ਦੇ ਲਈ QR ਕੋਡ ਸਕੈਨ ਕਰੋ।

**ਜਲ ਮਾਰਗ:** ਪਹਿਲਾ ਭਾਰਤ ਵਿੱਚ ਰਾਸ਼ਟਰੀ ਜਲ ਮਾਰਗਾਂ ਦੀ ਗਿਣਤੀ 5 ਸੀ, ਜੋ ਹੁਣ 100 ਤੋਂ ਵੱਧ ਹੋ ਚੁੱਕੀ ਹੈ। ਇਸ ਨਾਲ ਉੱਤਰ ਪ੍ਰਦੇਸ਼, ਬੰਗਾਲ, ਬਿਹਾਰ ਸਮੇਤ ਪੂਰਬੀ ਭਾਰਤ ਦੇ ਰਾਜ ਲੌਜਿਸਟਿਕ ਹੱਬ ਬਣ ਕੇ ਉੱਭਰ ਰਹੇ ਹਨ।

**ਪ੍ਰਗਤੀ:** ਯੋਜਨਾਵਾਂ ਦੇ ਲਾਭ ਨੂੰ ਹਰ ਲਾਭਾਰਥੀਆਂ ਤੱਕ ਪਹੁੰਚਾਉਣ ਦੇ ਲਈ ਸਰਕਾਰ ਨੇ 'ਪ੍ਰਗਤੀ' ਨਾਂ ਨਾਲ ਇੱਕ ਨਵੀਂ ਵਿਵਸਥਾ ਸ਼ੁਰੂ ਕੀਤੀ ਸੀ। ਦਸੰਬਰ 2025 ਵਿੱਚ 'ਪ੍ਰਗਤੀ' ਦੀ 50ਵੀਂ ਮੀਟਿੰਗ ਹੋਈ, ਬੀਤੇ ਵਰ੍ਹਿਆਂ ਵਿੱਚ 'ਪ੍ਰਗਤੀ' ਨੇ 85 ਲੱਖ ਕਰੋੜ ਰੁਪਏ ਤੋਂ ਵੱਧ ਦੇ ਪ੍ਰੋਜੈਕਟਾਂ ਨੂੰ ਗਤੀ ਦਿੱਤੀ।

**ਇੱਕ ਲੱਖ ਕਰੋੜ ਰੁਪਏ ਦੀ ਬੱਚਤ:** ਜੀਐੱਸਟੀ ਰਿਫੌਰਮ ਦੇ ਕਾਰਨ ਦੇਸ਼ਵਾਸੀਆਂ ਨੂੰ ਇੱਕ ਲੱਖ ਕਰੋੜ ਦੀ ਬੱਚਤ ਹੋਈ। ਜੀਐੱਸਟੀ ਵਿੱਚ ਕਟੌਤੀ ਦੇ ਬਾਅਦ ਵਰ੍ਹੇ 2025 ਵਿੱਚ ਟੂ ਵ੍ਹੀਲਰ ਦਾ ਰਜਿਸਟ੍ਰੇਸ਼ਨ ਦੋ ਕਰੋੜ ਨੂੰ ਪਾਰ ਕਰ ਗਿਆ ਹੈ।

**ਇਨਕਮ ਟੈਕਸ 'ਤੇ ਰਾਹਤ:** 12 ਲੱਖ ਰੁਪਏ ਤੱਕ ਦੀ ਆਮਦਨ 'ਤੇ ਟੈਕਸ ਜ਼ੀਰੋ ਕਰਨ ਦਾ ਇਤਿਹਾਸਿਕ ਫੈਸਲਾ ਲਿਆ ਗਿਆ ਹੈ। ਅਜਿਹੇ ਰਿਫੌਰਮਸ ਨਾਲ ਗ਼ਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਨੂੰ ਬੇਮਿਸਾਲ ਫਾਇਦਾ ਹੋ ਰਿਹਾ ਹੈ।

**ਨਵਾਂ ਕਿਰਤ ਕਾਨੂੰਨ:** ਦੇਸ਼ ਵਿੱਚ ਨਵਾਂ ਕਿਰਤ ਕਾਨੂੰਨ ਲਾਗੂ ਕੀਤਾ ਗਿਆ ਹੈ। ਇਸ ਨਾਲ ਵਰਕਰਾਂ ਨੂੰ ਉਚਿਤ ਵੇਤਨ-ਭੱਤੇ ਅਤੇ ਹੋਰ ਕਲਿਆਣਕਾਰੀ ਲਾਭ ਮਿਲਣੇ ਅਸਾਨ ਹੋਏ ਹਨ। ਦੇਸ਼ ਦੇ ਨੌਜਵਾਨਾਂ ਅਤੇ ਮਹਿਲਾਵਾਂ ਨੂੰ ਇਸ ਦਾ ਖਾਸ ਤੌਰ 'ਤੇ ਫਾਇਦਾ ਹੋਵੇਗਾ।



## ਮੈਟ੍ਰੋ ਨੈੱਟਵਰਕ

**2025 ਵਿੱਚ ਭਾਰਤ ਦਾ ਕੁੱਲ ਮੈਟ੍ਰੋ ਨੈੱਟਵਰਕ 1,000 ਕਿਲੋਮੀਟਰ ਦੇ ਇਤਿਹਾਸਿਕ ਅੰਕੜੇ ਨੂੰ ਪਾਰ ਕਰ ਗਿਆ ਹੈ। ਭਾਰਤ ਦੁਨੀਆ ਦਾ ਤੀਸਰਾ ਸਭ ਤੋਂ ਵੱਡਾ ਮੈਟ੍ਰੋ ਨੈੱਟਵਰਕ ਵਾਲਾ ਦੇਸ਼ ਬਣ ਗਿਆ ਹੈ।**

**ਸੋਲਰ ਊਰਜਾ:** ਨਿਊਕਲੀਅਰ ਤੋਂ ਇਲਾਵਾ, ਭਾਰਤ ਸੋਲਰ ਪਾਵਰ ਸੈਕਟਰ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਪੀਐੱਮ ਸੂਰਯ ਘਰ ਮੁਫਤ ਬਿਜਲੀ ਯੋਜਨਾ ਨਾਲ ਦੇਸ਼ ਦੇ ਆਮ ਉਪਭੋਗਤਾ ਹੁਣ ਬਿਜਲੀ ਦੇ ਉਤਪਾਦਕ ਬਣ ਰਹੇ ਹਨ। ਹੁਣ ਤੱਕ ਲਗਭਗ 20 ਲੱਖ ਰੂਫ ਟੌਪ ਸੋਲਰ ਸਿਸਟਮ ਲਗਾਏ ਜਾ ਚੁੱਕੇ ਹਨ।

**ਸਰਹੱਦੀ ਇਲਾਕੇ ਤੱਕ ਪਹੁੰਚ ਅਸਾਨ:** ਬੀਤੇ 11 ਵਰ੍ਹਿਆਂ ਵਿੱਚ ਉੱਤਰ-ਪੂਰਬ ਵਿੱਚ 7,200 ਕਿਲੋਮੀਟਰ ਤੋਂ ਜ਼ਿਆਦਾ ਰਾਸ਼ਟਰੀ ਰਾਜਮਾਰਗ ਬਣਾਏ ਗਏ ਹਨ। ਇਸ ਨਾਲ ਦੂਰ-ਦੁਰਾਡੇ, ਪਹਾੜੀ, ਕਬਾਇਲੀ ਅਤੇ ਸਰਹੱਦੀ ਇਲਾਕਿਆਂ ਤੱਕ ਪਹੁੰਚਣਾ ਅਸਾਨ ਹੋਇਆ ਹੈ।





## ਸਵੈ ਸਹਾਇਤਾ ਸਮੂਹ

**ਸਰਕਾਰ ਨੇ 10 ਕਰੋੜ ਮਹਿਲਾਵਾਂ ਨੂੰ ਸਵੈ ਸਹਾਇਤਾ ਸਮੂਹਾਂ ਨਾਲ ਜੋੜਿਆ ਹੈ। ਅੱਜ ਦੇਸ਼ ਵਿੱਚ ਲਖਪਤੀ ਦੀਦੀਆਂ ਦੀ ਸੰਖਿਆ 2 ਕਰੋੜ ਤੋਂ ਜ਼ਿਆਦਾ ਹੋ ਚੁੱਕੀ ਹੈ। ਬੀਤੇ ਇੱਕ ਵਰ੍ਹੇ ਵਿੱਚ ਹੀ 60 ਲੱਖ ਤੋਂ ਜ਼ਿਆਦਾ ਮਹਿਲਾਵਾਂ ਲਖਪਤੀ ਦੀਦੀ ਬਣੀਆਂ ਹਨ। ਮੇਰੀ ਸਰਕਾਰ ਕੁੱਲ 3 ਕਰੋੜ ਮਹਿਲਾਵਾਂ ਨੂੰ ਲਖਪਤੀ ਦੀਦੀ ਬਣਾਉਣ ਦੇ ਟੀਚੇ ਨੂੰ ਜਲਦੀ ਪ੍ਰਾਪਤ ਕਰਨ ਵਾਲੀ ਹੈ।**

**ਪੀਐੱਮ ਜਨਮਨ ਯੋਜਨਾ:** ਯੋਜਨਾ ਦੇ ਤਹਿਤ, ਆਦਿਵਾਸੀਆਂ ਵਿੱਚ ਵੀ ਸਭ ਤੋਂ ਪਿਛੜੀਆਂ ਜਨਜਾਤੀਆਂ ਦੇ 20 ਹਜ਼ਾਰ ਤੋਂ ਜ਼ਿਆਦਾ ਪਿੰਡਾਂ ਨੂੰ ਵਿਕਾਸ ਨਾਲ ਜੋੜਿਆ ਜਾ ਰਿਹਾ ਹੈ। ਇਨ੍ਹਾਂ ਪਿੰਡਾਂ ਵਿੱਚ ਗ਼ਰੀਬਾਂ ਦੇ ਕਰੀਬ ਢਾਈ ਲੱਖ ਘਰ ਇਸੇ ਯੋਜਨਾ ਰਾਹੀਂ ਬਣੇ ਹਨ।

**ਆਦਿਵਾਸੀ ਸਿੱਖਿਆ:** ਪਿਛਲੇ 11 ਵਰ੍ਹਿਆਂ ਵਿੱਚ ਅਨੁਸੂਚਿਤ ਜਾਤੀ ਦੇ ਲੱਖਾਂ ਵਿਦਿਆਰਥੀਆਂ ਨੂੰ 42 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਪੋਸਟ-ਮੈਟ੍ਰਿਕ ਸਕੌਲਰਸ਼ਿਪ ਦਿੱਤੀ ਗਈ ਹੈ। ਕਰੀਬ 5 ਕਰੋੜ ਵਿਦਿਆਰਥੀਆਂ ਨੂੰ ਲਾਭ ਹੋਇਆ ਹੈ। ਆਦਿਵਾਸੀ ਖੇਤਰਾਂ ਵਿੱਚ ਸਰਕਾਰ ਨੇ 400 ਤੋ ਵੱਧ ਏਕਲਵਯ ਮਾਡਲ ਰਿਹਾਇਸ਼ੀ ਸਕੂਲ ਵੀ ਖੋਲ੍ਹੇ ਹਨ।

**ਪੀਐੱਮ ਕਿਸਾਨ ਸਨਮਾਨ ਨਿਧੀ:** ਯੋਜਨਾ ਦੇ ਤਹਿਤ ਹੁਣ ਤੱਕ ਕਿਸਾਨਾਂ ਨੂੰ 4 ਲੱਖ ਕਰੋੜ ਰੁਪਏ ਤੋਂ ਵੱਧ ਰਾਸ਼ੀ ਸਿੱਧਾ ਉਨ੍ਹਾਂ ਦੇ ਖਾਤਿਆਂ ਵਿੱਚ ਭੇਜੀ ਗਈ ਹੈ।

**ਜੀ ਰਾਮ ਜੀ ਕਾਨੂੰਨ:** ਜੀ ਰਾਮ ਜੀ ਕਾਨੂੰਨ ਨਾਲ ਪਿੰਡ ਵਿੱਚ ਇੱਕ ਸੌ ਪੱਚੀ ਦਿਨ ਦੇ ਰੁਜ਼ਗਾਰ ਦੀ ਗਰੰਟੀ ਦਿੱਤੀ ਗਈ। ਨਾਲ ਹੀ ਭ੍ਰਿਸ਼ਟਾਚਾਰ ਅਤੇ ਲੀਕੇਜ ਨੂੰ ਰੋਕਣਾ ਯਕੀਨੀ ਹੋ ਪਾਵੇਗਾ। ਹੁਣ ਇਸ ਯੋਜਨਾ ਨਾਲ ਪਿੰਡਾਂ ਦੇ ਵਿਕਾਸ ਨੂੰ ਨਵੀਂ ਗਤੀ ਮਿਲੇਗੀ।

**ਆਪ੍ਰੇਸ਼ਨ ਸਿੰਦੂਰ:** ਆਪ੍ਰੇਸ਼ਨ ਸਿੰਦੂਰ ਦੌਰਾਨ ਦੁਨੀਆ ਨੇ ਭਾਰਤੀ ਸੈਨਾ ਦੀ ਬਹਾਦਰੀ ਅਤੇ ਹੁਨਰ ਦੇਖਿਆ ਹੈ। ਦੇਸ਼ ਨੇ ਆਪਣੇ ਸੰਸਾਧਨਾਂ ਦੇ ਬਲ 'ਤੇ ਅੱਤਵਾਦੀਆਂ ਦੇ ਅੱਡਿਆਂ ਨੂੰ ਤਬਾਹ ਕੀਤਾ। ਸਰਕਾਰ ਨੇ ਸਖ਼ਤ ਸੰਦੇਸ਼ ਦਿੱਤਾ ਕਿ ਭਾਰਤ 'ਤੇ ਕਿਸੇ ਵੀ ਅੱਤਵਾਦੀ ਹਮਲੇ ਦਾ ਜਵਾਬ ਦ੍ਰਿੜ੍ਹ ਅਤੇ ਨਿਰਣਾਇਕ ਹੋਵੇਗਾ। ਸਿੰਧੂ ਜਲ ਸਮਝੌਤੇ ਨੂੰ ਸਥਗਿਤ ਕੀਤਾ ਜਾਣਾ ਵੀ ਅੱਤਵਾਦ ਦੇ ਵਿਰੁੱਧ ਲੜਾਈ ਦਾ ਹਿੱਸਾ ਹੈ।

**ਮਾਓਵਾਦ ਦਾ ਅੰਤ:** ਮਾਓਵਾਦੀ ਅੱਤਵਾਦ ਦੀ ਚੁਣੌਤੀ 126 ਜ਼ਿਲ੍ਹਿਆਂ ਤੋਂ ਘਟ ਕੇ ਅੱਠ ਜ਼ਿਲ੍ਹਿਆਂ ਤੱਕ ਸਿਮਟ ਗਈ ਹੈ। ਇਨ੍ਹਾਂ ਵਿੱਚੋਂ 3 ਜ਼ਿਲ੍ਹੇ ਹੀ ਅਜਿਹੇ ਹਨ, ਜੋ ਗੰਭੀਰ ਤੌਰ 'ਤੇ ਪ੍ਰਭਾਵਿਤ ਹਨ। ਉਹ ਦਿਨ ਦੂਰ ਨਹੀਂ ਹੈ, ਜਦੋਂ ਦੇਸ਼ ਤੋਂ ਮਾਓਵਾਦੀ ਅੱਤਵਾਦ ਪੂਰੀ ਤਰ੍ਹਾਂ ਨਾਲ ਸਮਾਪਤ ਹੋ ਜਾਵੇਗਾ।

**ਸੈਮੀਕੰਡਕਟਰ:** ਵਰ੍ਹੇ 2025 ਵਿੱਚ ਚਾਰ ਸੈਮੀਕੰਡਕਟਰ ਮੈਨੂਫੈਕਚਰਿੰਗ ਯੂਨਿਟਸ ਨੂੰ ਮਨਜ਼ੂਰੀ ਦਿੱਤੀ ਗਈ ਹੈ। ਭਾਰਤ ਵਿੱਚ 10 ਅਜਿਹੀਆਂ ਫੈਕਟਰੀਆਂ, ਆਉਣ ਵਾਲੇ ਸਮੇਂ ਵਿੱਚ ਆਪਣਾ ਕੰਮ ਸ਼ੁਰੂ ਕਰਨ ਵਾਲੀਆਂ ਹਨ। ਭਾਰਤ ਹੁਣ ਨੈਨੋ ਚਿਪ ਨਿਰਮਾਣ ਦੇ ਲਈ ਵੀ ਵੱਡੇ ਕਦਮ ਚੁੱਕ ਰਿਹਾ ਹੈ।

**ਮੁਦ੍ਰਾ ਯੋਜਨਾ:** ਨੌਜਵਾਨਾਂ ਵਿੱਚ ਉੱਦਮਤਾ ਅਤੇ ਸਵੈਰੁਜ਼ਗਾਰ ਦੀ ਭਾਵਨਾ ਨੂੰ ਹੁਲਾਰਾ ਮਿਲ ਰਿਹਾ ਹੈ। ਸਕੀਮ ਦੇ ਤਹਿਤ, ਹੁਣ ਤੱਕ 38 ਲੱਖ ਕਰੋੜ ਰੁਪਏ ਤੋਂ ਵੱਧ ਦਾ ਫੰਡ, ਛੋਟੇ-ਛੋਟੇ ਉੱਦਮੀਆਂ ਨੂੰ ਮਿਲਿਆ ਹੈ। ਕਰੀਬ 12 ਕਰੋੜ ਤੋਂ ਵੱਧ ਲੋਨ ਪਹਿਲੀ ਵਾਰ ਸਵੈਰੁਜ਼ਗਾਰ ਸ਼ੁਰੂ ਕਰਨ ਦੇ ਲਈ ਦਿੱਤੇ ਗਏ ਹਨ।

**ਸਟਾਰਟਅੱਪ ਇੰਡੀਆ:** ਸਟਾਰਟਅੱਪ ਇੰਡੀਆ ਪ੍ਰੋਗਰਾਮ ਨੇ ਆਪਣੇ 10 ਸਾਲ ਪੂਰੇ ਕੀਤੇ ਹਨ। ਇਨ੍ਹਾਂ 10 ਵਰ੍ਹਿਆਂ ਵਿੱਚ ਭਾਰਤ ਦੁਨੀਆ ਦਾ ਤੀਜਾ ਵੱਡਾ ਸਟਾਰਟਅੱਪ ਈਕੋਸਿਸਟਮ ਬਣ ਗਿਆ ਹੈ। ਇੱਕ ਦਹਾਕੇ ਪਹਿਲਾਂ ਤੱਕ ਦੇਸ਼ ਵਿੱਚ 500 ਤੋਂ ਵੀ ਘੱਟ ਸਟਾਰਟਅੱਪ ਸਨ। ਅੱਜ ਦੇਸ਼ ਵਿੱਚ ਲਗਭਗ 2 ਲੱਖ ਸਟਾਰਟਅੱਪ ਰਜਿਸਟਰਡ ਹੋ ਚੁੱਕੇ ਹਨ।

**ਮੋਬਾਈਲ ਨੈੱਟਵਰਕ:** ਬੀਤੇ ਵਰ੍ਹੇ ਦੇਸ਼ ਵਿੱਚ 1 ਲੱਖ ਤੋਂ ਜ਼ਿਆਦਾ ਮੋਬਾਈਲ ਟਾਵਰਾਂ ਦੇ ਜ਼ਰੀਏ 4G ਅਤੇ 5G ਨੈੱਟਵਰਕ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾਇਆ ਗਿਆ ਹੈ। ਡਿਜੀਟਲ ਇੰਡੀਆ ਦੇ ਵਿਸਤਾਰ ਨੇ ਭਾਰਤ ਨੂੰ ਹਜ਼ਾਰਾਂ ਕਰੋੜ ਦੀ ਕ੍ਰਿਏਟਿਵ ਇਕੋਨੌਮੀ ਦੇ ਇੱਕ ਵੱਡੇ ਗਲੋਬਲ ਸੈਂਟਰ ਦੇ ਰੂਪ ਵਿੱਚ ਪਹਿਚਾਣ ਦਿੱਤੀ ਹੈ। ■

ਵਿਕਸਿਤ ਭਾਰਤ ਸੰਕਲਪ ਦੀ ਅੰਮ੍ਰਿਤ ਯਾਤਰਾ

# ਵਿਕਾਸ, ਵਿਸ਼ਵਾਸ ਅਤੇ ਭਵਿੱਖ ਦੀ ਤ੍ਰਿਵੇਣੀ ਨੂੰ

## ਸਾਕਾਰ ਕਰਦਾ ਬਜਟ




ਆਮ ਬਜਟ 2026-27 ਦੇਖਣ-ਸੁਣਨ ਦੇ ਲਈ QR ਕੋਡ ਸਕੈਨ ਕਰੋ।

# ਆਮ ਬਜਟ
2026-2027

**ਬੀਤੇ 11 ਵਰ੍ਹਿਆਂ ਵਿੱਚ ਕੇਂਦਰ ਸਰਕਾਰ ਨੇ ਵਿਕਸਿਤ ਭਾਰਤ ਦੇ ਸੰਕਲਪ ਨੂੰ ਸਿੱਧ ਕਰਨ ਦਾ ਅਧਾਰ ਥੰਮ੍ਹ ਤਿਆਰ ਕੀਤਾ ਹੈ, ਹੁਣ ਵਰ੍ਹੇ 2026-27 ਦਾ ਬਜਟ ਵੀ ਵਿਕਸਿਤ ਭਾਰਤ ਦੇ ਵਿਰਾਟ ਅਤੇ ਨਿਰਣਾਇਕ ਸੰਕਲਪ ਨੂੰ ਸਾਕਾਰ ਕਰਨ ਦੀ ਨਿਰੰਤਰਤਾ ਦਾ ਪ੍ਰਤੀਕ ਬਣ ਗਿਆ ਹੈ। ਸੰਕਲਪ ਸੇ ਸਿੱਧੀ ਦੇ ਮੰਤਰ ਅਤੇ ਅੰਮ੍ਰਿਤ ਯਾਤਰਾ ਵੱਲ ਵਧਦੇ ਨਿਰਣਾਇਕ ਕਦਮ ਦੇ ਨਾਲ ਇਹ ਆਮ ਬਜਟ ਵੀ ਬਣ ਗਿਆ ਹੈ ਵਿਕਾਸ, ਵਿਸ਼ਵਾਸ ਅਤੇ ਭਵਿੱਖ ਦੀ ਤ੍ਰਿਵੇਣੀ ਨੂੰ ਸਾਕਾਰ ਕਰਨ ਵਾਲਾ ਆਤਮਨਿਰਭਰ ਭਾਰਤ ਦਾ ਸਸ਼ਕਤ ਬਜਟ...**



ਇਹ ਵਿਕਸਿਤ ਭਾਰਤ ਦੇ ਸੰਕਲਪ ਦੀ ਅੰਮ੍ਰਿਤ ਯਾਤਰਾ ਦਾ ਦਿਸ਼ਾ-ਨਿਰਦੇਸ਼ ਬਜਟ ਹੈ। ਬੀਤੇ 11 ਵਰ੍ਹਿਆਂ ਵਿੱਚ ਵਿਕਾਸ ਦੀ ਯਾਤਰਾ ਨਾਲ ਸੁਨਹਿਰੀ ਭਾਰਤ ਦੇ ਅਧਾਰ ਨੂੰ ਸਸ਼ਕਤ ਕਰਨ ਵਾਲਾ ਬਜਟ ਹੈ। ਬਜਟ ਵਿੱਚ ਪਿੰਡ- ਗ਼ਰੀਬ-ਕਿਸਾਨਾਂ ਦੀ ਭਲਾਈ, ਮਾਤ੍ਰਸ਼ਕਤੀ ਦਾ ਦਰਸ਼ਨ, ਤਾਂ ਯੁਵਾ ਭਾਰਤ ਦੀ ਯੁਵਾ ਸੋਚ ਵੀ ਹੈ। ਨੌਜਵਾਨਾਂ ਦੇ ਸੰਕਲਪ, ਸੁਪਨੇ ਅਤੇ ਨੌਜਵਾਨਾਂ ਦੀ ਗਤੀ ਵੀ ਹੈ। ਸਹੀ ਅਰਥਾਂ ਵਿੱਚ ਇਹ ਬਜਟ ਵੀ ਭਾਰਤੀ ਅਰਥਵਿਵਸਥਾ ਦੇ ਗੁਣਾਤਮਕ ਅਤੇ ਮਾਤਰਾਤਮਕ ਪਰਿਵਰਤਨ ਦਾ ਇੱਕ ਸ਼ਾਨਦਾਰ ਸ਼ਾਰਾਂਸ਼ ਹੈ। ਵਿਕਸਿਤ ਭਾਰਤ ਦੇ ਲਈ ਸ਼ੁਰੂ ਹੋਈ ਅੰਮ੍ਰਿਤ ਯਾਤਰਾ ਨੂੰ ਸਚ ਵਿੱਚ ਬਦਲਣ ਵਾਲਾ ਬਜਟ ਹੈ। ਇਹ ਬਜਟ ਸਟੀਕ, ਸਮਰੱਥ, ਸ਼ਕਤੀਸ਼ਾਲੀ ਭਾਰਤ ਦਾ ਬਜਟ ਹੈ। ਬੀਤੇ 11 ਵਰ੍ਹਿਆਂ ਦੀ ਨਿਰੰਤਰਤਾ ਅਤੇ ਦੂਰਦ੍ਰਿਸ਼ਟੀ ਵਾਲੇ ਆਮ ਬਜਟ ਦਾ ਉਦੇਸ਼ ਹਮੇਸ਼ਾ ਇਹੀ ਰਿਹਾ ਹੈ ਕਿ ਕੇਂਦਰ ਸਰਕਾਰ ਦੇ ਹਰੇਕ ਕਦਮ ਦਾ ਲਾਭ ਦੇਸ਼ ਦੇ ਨਾਗਰਿਕਾਂ ਨੂੰ ਮਿਲੇ ਅਤੇ ਰਾਸ਼ਟਰ ਮਜ਼ਬੂਤ ਹੋਵੇ।

ਇਸ ਵਰ੍ਹੇ ਦਾ ਆਮ ਬਜਟ ਖਾਸ ਹੈ ਕਿਉਂਕਿ ਇਹ ਕਰਤਵਯ ਭਵਨ ਵਿੱਚ ਤਿਆਰ ਹੋਇਆ ਦੇਸ਼ ਦਾ ਪਹਿਲਾ ਬਜਟ ਹੈ, ਜੋ ਤਿੰਨ ਕਰਤੱਵਾਂ ਤੋਂ ਪ੍ਰੇਰਿਤ ਹੈ-
ਪਹਿਲਾ- ਆਰਥਿਕ ਵਾਧੇ ਨੂੰ ਤੇਜ਼ ਕਰਨਾ ਅਤੇ ਉਸ ਨੂੰ ਬਣਾਏ ਰੱਖਣਾ।
ਦੂਜਾ- ਨਾਗਰਿਕਾਂ ਦੀਆਂ ਅਕਾਂਖਿਆਵਾਂ ਨੂੰ ਪੂਰਾ ਕਰਨਾ ਅਤੇ ਉਨ੍ਹਾਂ ਦੀ ਸਮਰੱਥਾ ਦਾ ਨਿਰਮਾਣ ਕਰਨਾ।
ਤੀਜਾ- ਸਬਕਾ ਸਾਥ-ਸਬਕਾ ਵਿਕਾਸ।

ਇੱਕ ਸਮਾਂ ਸੀ ਜਦੋਂ ਆਮ ਬਜਟ ਨੂੰ ਸਿਰਫ਼ ਇੱਕ ਵਿੱਤੀ ਦਸਤਾਵੇਜ਼ ਵਜੋਂ ਸਾਲ ਭਰ ਦਾ ਲੇਖਾ-ਜੋਖਾ ਭਰ ਮੰਨਿਆ ਜਾਂਦਾ ਸੀ। ਪਰ 2014 ਦੇ ਬਾਅਦ ਤੋਂ ਇਹ ਵਿੱਤੀ ਵੇਰਵਾ ਪੇਸ਼ ਕਰਨ ਦੀ ਸੰਵਿਧਾਨਕ ਜ਼ਰੂਰਤ ਭਰ ਨਹੀਂ, ਸਗੋਂ ਕੇਂਦਰ ਸਰਕਾਰ ਦੀ ਦੀਰਘਕਾਲੀ ਸੋਚ ਦੇ ਨਾਲ ਇਸ ਨੂੰ ਨਿਰੰਤਰਤਾ ਦਾ ਪ੍ਰਤੀਕ ਵਾਲਾ ਦਸਤਾਵੇਜ਼ ਬਣਾ ਦਿੱਤਾ ਹੈ। ਵਿਕਸਿਤ ਭਾਰਤ ਦੇ ਸੰਕਲਪ ਦੀ ਸਿੱਧੀ, ਇਸੇ ਸੋਚ ਦਾ ਪਰਿਣਾਮ ਹੈ।

# ਆਮ ਬਜਟ
2026-2027



## ਸਰਵ-ਵਿਆਪਕ ਆਮ ਬਜਟ

ਸਰਵ-ਵਿਆਪੀ ਅਤੇ ਸਰਵ-ਸਮਾਵੇਸ਼ੀ ਆਮ ਬਜਟ 2026-27 ਦੇਸ਼ ਦੇ ਹਰ ਵਰਗ ਅਤੇ ਹਰ ਖੇਤਰ ਦੇ ਸਮੁੱਚੇ ਵਿਕਾਸ 'ਤੇ ਕੇਂਦ੍ਰਿਤ ਹੈ। ਨਿਰੰਤਰਤਾ ਦੇ ਨਾਲ ਅੱਗੇ ਵਧਦਾ ਇਹ ਬਜਟ ਆਤਮਨਿਰਭਰ ਅਤੇ ਵਿਕਸਿਤ ਭਾਰਤ ਦੇ ਉਸ ਸੰਕਲਪ ਨੂੰ ਮਜ਼ਬੂਤੀ ਦਿੰਦਾ ਹੈ, ਜੋ ਸਿਰਫ਼ ਨਾਅਰਾ ਨਹੀਂ ਸਗੋਂ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦੀ ਦਿਸ਼ਾ ਵਿੱਚ ਠੋਸ ਯਤਨ ਹੈ। ਇਸ ਬਜਟ ਵਿੱਚ ਨਾ ਸਿਰਫ਼ ਹਰੇਕ ਖੇਤਰ, ਹਰੇਕ ਵਰਗ ਅਤੇ ਹਰੇਕ ਨਾਗਰਿਕ ਨੂੰ ਸਸ਼ਕਤ ਬਣਾਉਣ ਦਾ ਇੱਕ ਸਪਸ਼ਟ ਬਲੂਪ੍ਰਿੰਟ ਹੈ, ਸਗੋਂ ਉਸ ਨੂੰ ਪ੍ਰੋਤਸਾਹਨ ਦੇਣ ਦਾ ਇੱਕ ਜ਼ਮੀਨੀ ਵਿਜ਼ਨ ਵੀ ਹੈ, ਜੋ ਉਸ ਨੂੰ ਹਰ ਕਦਮ 'ਤੇ ਮਦਦ ਕਰੇਗਾ। ਵਿਕਸਿਤ ਭਾਰਤ ਦੇ ਸੰਕਲਪ ਦਾ ਇਹ ਆਮ ਬਜਟ ਇੱਕ ਅਜਿਹੇ ਭਾਰਤ ਦੇ ਨਿਰਮਾਣ ਦਾ ਵਿਜ਼ਨ ਹੈ, ਜੋ ਵਿਸ਼ਵ ਵਿੱਚ ਹਰ ਖੇਤਰ ਵਿੱਚ ਮੋਹਰੀ ਹੋਵੇ। ਨਿਰਮਾਣ ਖੇਤਰ ਤੋਂ ਲੈ ਕੇ ਇਨਫ੍ਰਾਸਟ੍ਰਕਚਰ ਤੱਕ, ਸਿਹਤ ਤੋਂ ਲੈ ਕੇ ਟੂਰਿਜ਼ਮ ਤੱਕ, ਗ੍ਰਾਮੀਣ ਖੇਤਰ ਤੋਂ ਲੈ ਕੇ ਏਆਈ ਤੱਕ, ਖੇਡ ਤੋਂ ਲੈ ਕੇ ਤੀਰਥਾਂ ਦੇ ਵਿਕਾਸ ਤੱਕ, ਹਰੇਕ ਪਿੰਡ, ਹਰੇਕ ਕਸਬੇ ਅਤੇ ਹਰੇਕ ਸ਼ਹਿਰ ਦੇ ਨੌਜਵਾਨਾਂ, ਮਹਿਲਾਵਾਂ ਅਤੇ ਕਿਸਾਨਾਂ ਦੇ ਸੁਪਨਿਆਂ ਨੂੰ ਸ਼ਕਤੀ ਦੇ ਕੇ ਸਮਰਪਿਤ ਭਾਵ ਨਾਲ ਉਨ੍ਹਾਂ ਨੂੰ ਪੂਰਾ ਕਰਨ ਵਾਲਾ ਬਜਟ ਹੈ।

ਇਹ ਆਮ ਬਜਟ ਭਾਰਤ ਨੂੰ ਇੱਕ ਨਵੀਂ ਪਹਿਚਾਣ ਦੇਣ ਵਾਲੇ ਦੇਸ਼ ਦੇ ਰੂਪ ਵਿੱਚ ਪੇਸ਼ ਕਰਦਾ ਹੈ, ਜੋ ਆਪਣੀ ਤਾਕਤ 'ਤੇ ਅਟੱਲ ਭਰੋਸਾ ਰੱਖਦਾ ਹੈ। ਇੱਕ ਮਜ਼ਬੂਤ ਆਰਥਿਕ ਸ਼ਕਤੀ ਕੇਂਦਰ ਦੇ ਰੂਪ ਵਿੱਚ ਉਭਰ ਰਿਹਾ ਹੈ। ਕੋਵਿਡ ਦੇ ਬਾਅਦ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਦੂਰਦਰਸ਼ੀ ਆਰਥਿਕ ਨੀਤੀਆਂ ਨੇ ਭਾਰਤੀ ਅਰਥਵਿਵਸਥਾ ਨੂੰ ਨਵੀਂ ਗਤੀ ਦਿੱਤੀ ਹੈ। ਉਹ ਬਜਟ ਉਸ ਗਤੀ ਨੂੰ ਹੋਰ ਤੇਜ਼ ਕਰਨ ਵਾਲਾ ਹੈ। ਇਹ ਭਾਰਤ ਨੂੰ ਆਲਮੀ ਮੰਚ 'ਤੇ ਸਭ ਤੋਂ ਆਕਰਸ਼ਕ ਨਿਵੇਸ਼ ਕੇਂਦਰ ਦੇ ਰੂਪ ਵਿੱਚ ਸਥਾਪਿਤ ਕਰਨ ਵਿੱਚ ਮਦਦ ਕਰਨ ਵਾਲਾ ਹੈ, ਭਾਵੇਂ ਉਹ ਪਰੰਪਰਾਗਤ ਖੇਤਰ ਹੋਣ ਜਾਂ ਨਵੇਂ ਯੁੱਗ ਦੇ ਉਦਯੋਗ। ਇਸ ਬਜਟ ਵਿੱਚ ਪਸ਼ੂਧਨ ਰਾਹੀਂ ਕਿਸਾਨਾਂ ਦੀ ਆਮਦਨ ਵਧਾਉਣ ਦਾ ਇੱਕ ਦੂਰਦਰਸ਼ੀ ਫੈਸਲਾ ਲਿਆ ਗਿਆ ਹੈ। ਪਸ਼ੂਆਂ ਦੇ ਡਾਕਟਰਾਂ ਦੀ ਸੰਖਿਆ ਵਧਾਉਣ, ਵੇਟਰਨਰੀ ਸੈਂਟਰ ਅਤੇ ਟ੍ਰੇਨਿੰਗ ਸੈਂਟਰ ਦੇ ਵਿਸਥਾਰ ਨਾਲ ਪਸ਼ੂਧਨ ਅਧਾਰਿਤ ਅਰਥਵਿਵਸਥਾ ਨੂੰ ਮਜ਼ਬੂਤੀ ਮਿਲੇਗੀ। ਡੇਅਰੀ ਅਤੇ ਪੋਲਟ੍ਰੀ ਖੇਤਰ ਦੇ ਲਈ ਕ੍ਰੈਡਿਟ ਲਿੰਕਡ ਸਬਸਿਡੀ ਦੇਣ, 500 ਸਰੋਵਰਾਂ ਦੇ ਵਿਕਾਸ ਨਾਲ ਮੱਛੀ ਪਾਲਣ ਨੂੰ ਹੁਲਾਰਾ ਦੇਣ ਅਤੇ ਆਲਮੀ ਬਜ਼ਾਰ ਉਪਲਬਧ ਕਰਵਾਉਣ ਜਿਹੇ ਫੈਸਲਿਆਂ ਨਾਲ ਕਿਸਾਨਾਂ ਦੀ ਆਮਦਨ ਵਧਾਉਣ ਦੇ ਸੰਕਲਪ ਦੀ ਦਿਸ਼ਾ ਵਿੱਚ ਮੀਲ ਪੱਥਰ ਸਿੱਧ ਹੋਣਗੇ। ਮਹਾਤਮਾ ਗਾਂਧੀ ਦੇ ਗ੍ਰਾਮ ਸਵਰਾਜ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ 'ਮਹਾਤਮਾ ਗਾਂਧੀ ਗ੍ਰਾਮ ਸਵਰਾਜ ਯੋਜਨਾ' ਦੀ ਸ਼ੁਰੂਆਤ ਦਾ ਇਤਿਹਾਸਿਕ ਫੈਸਲਾ ਲਿਆ ਗਿਆ ਹੈ। ਇਸ ਨਾਲ ਗ੍ਰਾਮੀਣ ਅਰਥਵਿਵਸਥਾ ਨੂੰ ਮਜ਼ਬੂਤੀ ਮਿਲੇਗੀ ਅਤੇ ਬੁਨਕਰਾਂ, ਕਿਸਾਨਾਂ ਅਤੇ ਹੈਂਡਲੂਮ ਉਦਯੋਗ ਨੂੰ ਨਵਾਂ ਸੰਬਲ ਪ੍ਰਾਪਤ ਹੋਵੇਗਾ। ਤੱਟਵਰਤੀ ਖੇਤਰਾਂ ਵਿੱਚ ਕੋਕੋਨਟ ਪ੍ਰਮੋਸ਼ਨ ਸਕੀਮ ਨਾਲ 3 ਕਰੋੜ ਕਿਸਾਨਾਂ ਨੂੰ ਲਾਭ, ਕਾਜੂ-ਕੋਕੋ ਦੇ ਉਤਪਾਦਨ ਅਤੇ ਨਿਰਯਾਤ ਨੂੰ ਹੁਲਾਰਾ ਅਤੇ ਚੰਦਨ ਸੰਭਾਲ ਦਾ ਫੈਸਲਾ ਇਹ ਦਰਸਾਉਂਦਾ ਹੈ ਕਿ ਨਵਾਂ ਭਾਰਤ ਕਿਸਾਨਾਂ ਦੀ ਖੁਸ਼ਹਾਲੀ ਅਤੇ ਖੇਤੀਬਾੜੀ ਨੂੰ ਲਾਭ ਦਾ ਪ੍ਰਾਵਧਾਨ ਬਣਾਉਣ ਦੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਬਜਟ ਭਾਰਤ ਵਿੱਚ ਕਨੈਕਟੀਵਿਟੀ ਨੂੰ ਨਵੀਂ ਉਚਾਈ ਦੇਵੇਗਾ। ਆਮ ਬਜਟ ਵਿੱਚ ਸੱਤ ਹਾਈ-ਸਪੀਡ ਰੇਲ ਕੌਰੀਡੋਰ ਦਾ ਐਲਾਨ ਕੀਤਾ ਗਿਆ ਹੈ, ਜੋ ਮੁੱਖ ਆਰਥਿਕ ਅਤੇ ਜਨ ਸੰਖਿਆ ਕੇਂਦਰਾਂ ਦਰਮਿਆਨ ਯਾਤਰਾ ਸਮਾਂ ਘੱਟ ਕਰਕੇ ਸ਼ਹਿਰਾਂ ਨੂੰ ਤੇਜ਼ੀ ਨਾਲ ਜੋੜਨਗੇ।

## ਭਵਿੱਖ ਦੇ ਭਾਰਤ ਦਾ ਦਰਸ਼ਨ

ਬਜਟ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨੀਤੀਗਤ ਇਮਾਨਦਾਰੀ ਦਾ ਵੀ ਸਬੂਤ ਹੈ ਕਿਉਂਕਿ ਆਮ ਤੌਰ 'ਤੇ ਚੋਣਾਂ ਤੋਂ ਪਹਿਲਾਂ ਪੇਸ਼ ਹੋਣ ਵਾਲੇ ਬਜਟ ਵਿੱਚ ਲੋਕ-ਲੁਭਾਵਨ ਐਲਾਨ ਇੱਕ ਪਰੰਪਰਾ ਜਿਹੀ ਬਣ ਗਈ ਸੀ। ਪਰ ਇਸ ਬਜਟ ਵਿੱਚ ਕੋਈ ਲੋਕ-ਲੁਭਾਵਨ ਐਲਾਨ ਕਰਨ ਦੀ ਥਾਂ ਦੀਰਘਕਾਲੀ ਦ੍ਰਿਸ਼ਟੀਕੋਣ ਦੇ ਨਾਲ 'ਰਾਸ਼ਟਰ ਪ੍ਰਥਮ' ਦੀ ਸੋਚ




ਨੂੰ ਸਭ ਤੋਂ ਉੱਪਰ ਰੱਖਿਆ ਗਿਆ ਹੈ। ਨਵੇਂ ਭਾਰਤ ਦੀ ਨਵੀਂ ਰੀਤੀ-ਨੀਤੀ ਦਾ ਹੀ ਪਰਿਣਾਮ ਹੈ ਕਿ ਕੇਂਦਰ ਸਰਕਾਰ ਨੇ ਪਿਛਲੇ 11 ਵਰ੍ਹਿਆਂ ਵਿੱਚ ਲਗਭਗ 25 ਕਰੋੜ ਲੋਕਾਂ ਨੂੰ ਗ਼ਰੀਬੀ ਰੇਖਾ ਤੋਂ ਬਾਹਰ ਕੱਢਿਆ ਹੈ ਤਾਂ ਦੂਸਰੀ ਤਰਫ ਅਰਥਵਿਵਸਥਾ ਤੇਜ਼ ਗਤੀ ਨਾਲ ਅੱਗੇ ਵਧ ਰਹੀ ਹੈ। ਅਜਿਹੇ ਵਿੱਚ ਇਹ ਬਜਟ ਵੀ ਕੇਂਦਰ ਸਰਕਾਰ ਦੀ ਵਿਕਾਸ ਅਤੇ ਤਰੱਕੀ ਨੂੰ ਵਿੱਤੀ ਅਨੁਸ਼ਾਸਨ ਦੇ ਨਾਲ ਅੱਗੇ ਵਧਾਉਣ ਦੀ ਵਚਨਬੱਧਤਾ ਨੂੰ ਮਜ਼ਬੂਤੀ ਨਾਲ ਦਰਸਾਉਂਦਾ ਹੈ। ਬਜਟ ਦੇ ਵਿੱਤੀ ਘਾਟੇ ਨੂੰ 4.5% ਤੋਂ ਹੇਠਾਂ ਰੱਖਣ ਦਾ ਟੀਚਾ ਪੂਰਾ ਕੀਤਾ ਹੈ। ਬਜਟ ਵਿੱਚ ਰਾਸ਼ਟਰ ਪ੍ਰਥਮ ਦੀ ਸੋਚ ਅਤੇ "ਫਿਊਚਰ ਰੈਡੀ ਭਾਰਤ" ਦਾ ਵਿਜ਼ਨ ਹੈ, ਜਿੱਥੇ ਵਿਕਾਸ ਸਿਰਫ਼ ਵੱਡੇ ਸ਼ਹਿਰਾਂ ਤੱਕ ਸੀਮਤ ਨਹੀਂ ਰਹੇਗਾ। ਇਨਫ੍ਰਾਸਟ੍ਰਕਚਰ ਦੇ ਲਈ 12.2 ਲੱਖ ਕਰੋੜ ਰੁਪਏ ਪੂੰਜੀਗਤ ਖਰਚ ਦੇ ਰੂਪ ਵਿੱਚ ਅਲਾਟ ਕੀਤੇ ਗਏ ਹਨ। ਨਵੇਂ ਰੇਲ ਕੌਰੀਡੋਰ, ਰਾਸ਼ਟਰੀ ਜਲ ਮਾਰਗ ਅਤੇ ਬਿਹਤਰ ਕਨੈਕਟੀਵਿਟੀ ਰਾਹੀਂ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਤੱਕ ਪਹੁੰਚ ਬਣਾਉਣਾ ਰੁਜ਼ਗਾਰ ਨੂੰ ਹੁਲਾਰਾ ਦੇਵੇਗਾ ਅਤੇ ਭਾਰਤ ਦੀਆਂ ਇੱਛਾਵਾਂ ਨੂੰ ਨਵੀਂ ਉਚਾਈ ਤੱਕ ਲੈ ਜਾਵੇਗਾ। ਇਹ ਬਜਟ ਪੀਐੱਮ ਮੋਦੀ ਦੇ ਉਸ ਵਿਜ਼ਨ ਨੂੰ ਸਾਕਾਰ ਕਰਦਾ ਹੈ, ਜਿਸ ਵਿੱਚ ਐੱਮਐੱਸਐੱਮਈ ਨੂੰ ਭਾਰਤ ਦੇ ਵਿਕਾਸ ਦੀ ਕਹਾਣੀ ਦਾ ਮੁੱਖ ਥੰਮ੍ਹ ਯਾਨੀ ਰੀੜ੍ਹ ਦੀ ਹੱਡੀ ਬਣਾਇਆ ਗਿਆ ਹੈ। ਐੱਮਐੱਸਐੱਮਈ ਸੈਕਟਰ ਨੂੰ ਗਲੋਬਲ ਬਣਾਉਣ ਦੇ ਲਈ ਸਰਕਾਰ ਨੇ ਜੋ ਫ਼ੈਸਲੇ ਲਏ ਹਨ, ਉਹ ਆਤਮਨਿਰਭਰ ਭਾਰਤ ਦੇ ਟੀਚੇ ਨੂੰ ਸਾਕਾਰ ਕਰਨ ਵਿੱਚ ਸਹਾਇਕ ਸਿੱਧ ਹੋਣਗੇ। ਬਜਟ ਵਿੱਚ ਟੂਰਿਜ਼ਮ 'ਤੇ ਵੀ ਬਹੁਤ ਧਿਆਨ ਦਿੱਤਾ ਗਿਆ ਹੈ। ਬਜਟ ਕਿਸਾਨਾਂ, ਮੱਧ ਵਰਗ, ਮਹਿਲਾਵਾਂ ਤੋਂ ਲੈ ਕੇ ਸਾਰੇ ਵਰਗਾਂ ਨੂੰ ਉੱਜਵਲ ਭਵਿੱਖ ਵੱਲ ਲੈ ਜਾਵੇਗਾ। ਐੱਮਐੱਸਐੱਮਈ ਦੇ ਲਈ 10,000 ਕਰੋੜ ਰੁਪਏ ਦਾ ਗ੍ਰੋਥ ਫੰਡ ਰੱਖਿਆ ਗਿਆ ਹੈ। ਇਹ ਫੰਡ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਦੇ ਐੱਮਐੱਸਐੱਮਈ ਨੂੰ ਮਜ਼ਬੂਤੀ ਦਿੰਦੇ ਹੋਏ ਟੀਚਾ ਹਾਸਲ ਕਰਨ ਵਿੱਚ ਮਦਦ ਕਰੇਗਾ। ਆਮ ਬਜਟ 2026-27, ਸਿੱਖਿਆ ਤੋਂ ਸਵੈ-ਰੁਜ਼ਗਾਰ ਤੱਕ ਪ੍ਰਧਾਨ ਮੰਤਰੀ ਮੋਦੀ ਦੇ ਵਿਜ਼ਨ ਦਾ ਸਸ਼ਕਤ ਪ੍ਰਤੀਬਿੰਬ ਹੈ। ਵੱਡੇ ਉਦਯੋਗਿਕ ਅਤੇ ਲੌਜਿਸਟਿਕਸ ਕੌਰੀਡੋਰ ਦੇ ਆਲੇ-ਦੁਆਲੇ 5 ਯੂਨੀਵਰਸਿਟੀ ਟਾਊਨਸ਼ਿਪ ਦੇ ਵਿਕਾਸ ਨਾਲ ਸਿੱਖਿਆ-ਉਦਯੋਗ ਦੇ ਤਾਲਮੇਲ ਨੂੰ ਹੁਲਾਰਾ ਮਿਲੇਗਾ। ਨਾਲ ਹੀ, ਚਾਰ ਟੈਲੀਸਕੋਪ ਇਨਫ੍ਰਾਸਟ੍ਰਕਚਰ ਸੁਵਿਧਾਵਾਂ ਦੇ ਨਿਰਮਾਣ ਅਤੇ ਅੱਪਗ੍ਰੇਡੇਸ਼ਨ ਨਾਲ ਖੋਜ ਨੂੰ ਨਵੀਂ ਗਤੀ ਮਿਲੇਗੀ। ਨੈਸ਼ਨਲ ਡਿਜ਼ਾਈਨ ਇੰਸਟੀਟਿਊਟ, 15,000 ਸੈਕੰਡਰੀ ਸਕੂਲਾਂ ਅਤੇ 500 ਕਾਲਜਾਂ ਵਿੱਚ ਏਵੀਜੀਸੀ ਲੈਬ ਦੀ ਸਥਾਪਨਾ ਅਤੇ 'ਐਜੂਕੇਸ਼ਨ ਟੂ ਐਂਪਲੌਇਮੈਂਟ ਐਂਡ ਐਂਟਰਪ੍ਰਾਇਜ਼' ਹਾਈ-ਪਾਵਰਡ ਕਮੇਟੀ ਦਾ ਗਠਨ ਨਵੀਂ ਪੀੜ੍ਹੀ ਨੂੰ ਕੌਸ਼ਲ-ਸੰਪੰਨ ਬਣਾ ਕੇ ਹਰ ਖੇਤਰ ਵਿੱਚ ਮੋਹਰੀ ਭਾਰਤ ਦੇ ਨਿਰਮਾਣ ਦੇ ਸੰਕਲਪ ਨੂੰ ਦਰਸਾਉਂਦਾ ਹੈ।

## ਵਿਕਾਸ ਭੀ, ਵਿਰਾਸਤ ਭੀ

ਵਿਕਾਸ ਅਤੇ ਵਿਰਾਸਤ, ਵਰਤਮਾਨ ਕੇਂਦਰ ਸਰਕਾਰ ਦੀ ਸੋਚ ਦਾ ਮਹੱਤਵਪੂਰਨ ਪਹਿਲੂ ਹੈ। ਇਸ ਬਜਟ ਵਿੱਚ ਕੇਂਦਰ ਸਰਕਾਰ ਵੱਲੋਂ ਧੋਲਾਵੀਰਾ ਸਮੇਤ 15 ਪੁਰਾਤੱਤਵ ਸਥਲਾਂ ਨੂੰ ਸੱਭਿਆਚਾਰ ਡੈਸਟੀਨੇਸ਼ਨ ਦੇ ਰੂਪ ਵਿੱਚ ਵਿਕਸਿਤ ਕਰਨ ਦਾ ਫੈਸਲਾ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਨੂੰ ਆਲਮੀ ਮੰਚ 'ਤੇ ਸਥਾਪਿਤ ਕਰੇਗਾ। ਉੱਤਰ-ਪੂਰਬ ਦੇ 5 ਰਾਜਾਂ ਵਿੱਚ ਬੌਧ ਸਰਕਿਟ ਦੇ ਨਿਰਮਾਣ, ਹਿਮਾਚਲ, ਉੱਤਰਾਖੰਡ, ਜੰਮੂ-ਕਸ਼ਮੀਰ ਅਤੇ ਅਰਾਕੂ ਘਾਟੀ ਵਿੱਚ ਆਉਟੇਨ ਟ੍ਰੇਲਸ ਅਤੇ ਓਡੀਸ਼ਾ, ਕਰਨਾਟਕ ਅਤੇ ਕੇਰਲ ਵਿੱਚ ਟਰਟਲ ਟ੍ਰੇਲਸ ਵਿਕਸਿਤ ਕਰਨ ਨਾਲ ਇਨ੍ਹਾਂ ਖੇਤਰਾਂ ਵਿੱਚ ਵਿਕਾਸ ਨੂੰ ਨਵੀਂ ਗਤੀ ਮਿਲੇਗੀ। ਈਕੋ-ਟੂਰਿਜ਼ਮ ਨੂੰ ਪ੍ਰੋਤਸਾਹਨ ਮਿਲੇਗਾ। ਨਾਲ ਹੀ, ਨੈਸ਼ਨਲ ਇੰਸਟੀਚਿਊਟ ਆਫ ਹੌਸਪੀਟੈਲਿਟੀ ਦੀ ਸਥਾਪਨਾ ਨਾਲ ਨੌਜਵਾਨਾਂ ਨੂੰ ਹੁਨਰ ਅਤੇ ਰੁਜ਼ਗਾਰ ਦੇ ਅਵਸਰ ਮਿਲਣਗੇ ਅਤੇ ਟੂਰਿਜ਼ਮ ਖੇਤਰ ਨੂੰ ਵੀ ਨਵੀਂ ਮਜ਼ਬੂਤੀ ਮਿਲੇਗੀ।

> ਬਜਟ ਇਤਿਹਾਸਿਕ ਹੈ, ਇਸ ਵਿੱਚ ਦੇਸ਼ ਦੀ ਨਾਰੀਸ਼ਕਤੀ ਦਾ ਸਸ਼ਕਤ ਪ੍ਰਤੀਬਿੰਬ ਝਲਕਦਾ ਹੈ। ਮਹਿਲਾ ਵਿੱਤ ਮੰਤਰੀ ਦੇ ਰੂਪ ਵਿੱਚ ਨਿਰਮਲਾ ਸੀਤਾਰਮਣ ਨੇ ਲਗਾਤਾਰ 9ਵੀਂ ਵਾਰ ਦੇਸ਼ ਦਾ ਬਜਟ ਪੇਸ਼ ਕਰਕੇ ਨਵਾਂ ਰਿਕਾਰਡ ਬਣਾਇਆ ਹੈ। ਇਹ ਬਜਟ ਅਪਾਰ ਅਵਸਰਾਂ ਦਾ ਰਾਜਮਾਰਗ ਹੈ। ਇਹ ਬਜਟ 2047 ਦੇ ਵਿਕਸਿਤ ਭਾਰਤ ਦੀ ਸਾਡੀ ਉੱਚੀ ਉਡਾਣ ਦਾ ਮਜ਼ਬੂਤ ਅਧਾਰ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**


ਯਕੀਨੀ ਤੌਰ 'ਤੇ ਰਿਫੌਰਮ ਐਕਸਪ੍ਰੈੱਸ 'ਤੇ ਸਵਾਰ ਨਵੇਂ ਭਾਰਤ ਦੇ ਸੰਕਲਪ ਨੂੰ ਇਸ ਆਮ ਬਜਟ ਨਾਲ ਨਵੀਂ ਊਰਜਾ, ਨਵੀਂ ਗਤੀ ਮਿਲਣ ਵਾਲੀ ਹੈ ਜੋ 2047 ਤੱਕ ਰਾਸ਼ਟਰ ਨੂੰ ਵਿਕਸਿਤ ਬਣਾਉਣ ਦਾ ਅਧਾਰ ਬਣਿਆ ਹੈ।

**ਆਓ 11 ਖੇਤਰਾਂ ਦੇ ਮਾਧਿਅਮ ਨਾਲ ਸਮਝਦੇ ਹਾਂ ਕਿ ਆਪਣੇ ਕਾਰਜਕਾਲ ਦੇ 12ਵੇਂ ਵਰ੍ਹੇ ਵਿੱਚ ਅੱਗੇ ਵਧ ਰਹੀ ਕੇਂਦਰ ਸਰਕਾਰ ਨੇ ਆਮ ਬਜਟ ਨਾਲ ਕਿਸ ਤਰ੍ਹਾਂ ਨਵੇਂ ਭਾਰਤ ਦੀ ਦਿਸ਼ਾ ਨਿਰਧਾਰਿਤ ਕੀਤੀ ਹੈ...**


ਕਵਰ ਸਟੋਰੀ

# ਆਮ ਬਜਟ
2026-2027

## ਪੈਸਾ ਕਿੱਥੋਂ ਆਉਂਦਾ ਹੈ




## ਕਿੱਥੇ ਖਰਚ ਹੁੰਦਾ ਹੈ




## ਬਜਟ ਅਨੁਮਾਨ 2026-2027

- **53.5** ਲੱਖ ਕਰੋੜ ਰੁਪਏ ਦਾ ਬਜਟ ਅਨੁਮਾਨ।
- ₹36.5 ਲੱਖ ਕਰੋੜ ਰੁਪਏ ਨੌਨ-ਡੈਬਿਟ ਪ੍ਰਾਪਤੀਆਂ
- ₹28.7 ਲੱਖ ਕਰੋੜ ਰੁਪਏ ਕੇਂਦਰ ਦੀਆਂ ਨੈੱਟ ਟੈਕਸ ਪ੍ਰਾਪਤੀਆਂ ਦਾ ਅਨੁਮਾਨ।
- ₹17.2 ਲੱਖ ਕਰੋੜ ਰੁਪਏ ਕੁੱਲ ਬਜ਼ਾਰ ਉਧਾਰੀ ਦਾ ਅਨੁਮਾਨ।
- 4.3% ਜੀਡੀਪੀ ਦਾ ਵਿੱਤੀ ਘਾਟਾ ਹੋਣ ਦਾ ਅਨੁਮਾਨ।

## ਪ੍ਰਮੁੱਖ ਮੰਤਰਾਲਿਆਂ ਦਾ ਬਜਟ



| | |
|---|---|
| 1,06,530.42 | ਸਿਹਤ ਅਤੇ ਪਰਿਵਾਰ ਭਲਾਈ |
| 1,39,289.48 | ਸਿੱਖਿਆ |
| 8,84,678.28 | ਰੱਖਿਆ |
| 1,40,528.78 | ਖੇਤੀਬਾੜੀ ਅਤੇ ਕਿਸਾਨ ਭਲਾਈ |
| 2,81,377.32 | ਰੇਲ ਮੰਤਰਾਲਾ |
| 85,522.39 | ਸ਼ਹਿਰੀ ਵਿਕਾਸ |
| 3,09,875.30 | ਸੜਕ ਆਵਾਜਾਈ ਰਾਜਮਾਰਗ ਮੰਤਰਾਲਾ |
| 1,97,023.14 | ਪੇਂਡੂ ਵਿਕਾਸ |
| 94,807.84 | ਜਲ ਸ਼ਕਤੀ |
| 2,55,233.53 | ਗ੍ਰਹਿ ਮੰਤਰਾਲਾ |

*ਅੰਕੜੇ ਕਰੋੜ ਰੁਪਏ ਵਿੱਚ

# ਐੱਮਐੱਸਐੱਮਈ
## ਉਦਮ ਤੋਂ ਰੁਜ਼ਗਾਰ ਤੱਕ



ਦੇਸ਼ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਮੰਨੇ ਜਾਣ ਵਾਲੇ ਸੂਖ਼ਮ, ਲਘੂ ਅਤੇ ਦਰਮਿਆਨੇ ਉਦਯੋਗ (ਐੱਮਐੱਸਐੱਮਈ) ਖੇਤਰ ਨੂੰ ਇਸ ਵਰ੍ਹੇ ਦੇ ਬਜਟ ਵਿੱਚ ਨਵੀਂ ਊਰਜਾ ਦੇਣ ਦਾ ਯਤਨ ਕੀਤਾ ਗਿਆ ਹੈ। ਰੁਜ਼ਗਾਰ ਸਿਰਜਣ, ਇਨੋਵੇਸ਼ਨ ਅਤੇ ਆਤਮਨਿਰਭਰ ਭਾਰਤ ਦੇ ਟੀਚੇ ਨੂੰ ਮਜ਼ਬੂਤੀ ਦੇਣ ਵਾਲੇ ਇਸ ਖੇਤਰ ਨੂੰ ਸਰਕਾਰੀ ਸਮਰਥਨ ਮਿਲਣ ਨਾਲ ਲੋਕਲ ਤੋਂ ਗਲੋਬਲ ਬਣਨ ਦੀ ਮਿਲੇਗੀ ਨਵੀਂ ਤਾਕਤ ...

ਸੂਖ਼ਮ, ਲਘੂ ਅਤੇ ਮੱਧਮ ਉਦਯੋਗ (ਐੱਮਐੱਸਐੱਮਈ) ਦੇ ਵਿੱਤ ਵਰ੍ਹੇ 2026-27 ਦਾ ਬਜਟ

**24,566.27** ਕਰੋੜ ਰੁਪਏ

## ਵਧੇਗਾ ਐੱਮਐੱਸਐੱਮਈ ਦਾ ਦਾਇਰਾ

- ਉੱਦਮਾਂ ਦੇ ਵਿਕਾਸ ਦੇ ਲਈ 10,000 ਕਰੋੜ ਰੁਪਏ ਦੇ ਸਮਰਪਿਤ ਐੱਮਐੱਸਐੱਮਈ ਫੰਡ ਬਣਾਉਣ ਦਾ ਐਲਾਨ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਬਜਟ ਵਿੱਚ ਕੀਤਾ ਹੈ।
- ਮੈਨੂਫੈਕਚਰਿੰਗ ਵਿੱਚ ਐੱਮਐੱਸਐੱਮਈ ਦੀ ਹਿੱਸੇਦਾਰੀ 35.4 ਪ੍ਰਤੀਸ਼ਤ, ਨਿਰਯਾਤ ਵਿੱਚ 48.58 ਪ੍ਰਤੀਸ਼ਤ ਅਤੇ ਜੀਡੀਪੀ ਵਿੱਚ 31.1 ਪ੍ਰਤੀਸ਼ਤ ਹੈ।
- ਟੀਅਰ-ਟੂ ਅਤੇ ਟੀਅਰ-ਥ੍ਰੀ ਸ਼ਹਿਰਾਂ ਵਿੱਚ ਕਾਰਪੋਰੇਟ ਮਿਤ੍ਰ ਕਾਰਡਰ ਵਿਕਸਿਤ ਕਰਨ ਦੇ ਲਈ ਆਈ.ਸੀ.ਏ.ਆਈ, ਆਈ.ਸੀ.ਐੱਸ.ਆਈ, ਆਈ.ਸੀ.ਐੱਮ.ਏ ਆਈ ਵਰਗੀਆਂ ਕਾਰੋਬਾਰੀ ਵਿਦਿਅਕ ਸੰਸਥਾਵਾਂ ਨੂੰ ਸੁਵਿਧਾਵਾਂ ਉਪਲਬਧ ਕਰਵਾਈਆਂ ਜਾਣਗੀਆਂ। ਇਹ ਪ੍ਰਮਾਣਿਤ ਸੈਮੀ-ਪ੍ਰੋਫੈਸ਼ਨਲ ਐੱਮਐੱਸਐੱਮਈ ਨੂੰ ਕਿਫਾਇਤੀ ਲਾਗਤ 'ਤੇ ਪਾਲਣਾ ਉਮੀਦਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਨਗੇ।

**ਨਕਦੀ ਸਹਾਇਤਾ: ਟ੍ਰੇਡਜ਼ ਦੇ ਨਾਲ-ਨਾਲ ਐੱਮਐੱਸਐੱਮਈ ਨੂੰ 7 ਲੱਖ ਕਰੋੜ ਰੁਪਏ ਤੋਂ ਵੱਧ ਉਪਲਬਧ ਕਰਵਾਏ ਗਏ ਹਨ। ਇਸ ਦੀ ਪੂਰੀ ਸਮਰੱਥਾ ਦਾ ਲਾਭ ਉਠਾਉਣ ਲਈ ਪ੍ਰਸਤਾਵਿਤ ਉਪਾਅ...**

- ਕੇਂਦਰੀ ਜਨਤਕ ਉਪਕਰਮਾਂ ਨੂੰ ਐੱਮਐੱਸਐੱਮਈ ਤੋਂ ਸਾਰੀਆਂ ਖਰੀਦਾਂ ਲਈ ਟ੍ਰੇਡਜ਼ ਨੂੰ ਲਾਜ਼ਮੀ ਭੁਗਤਾਨ ਪਲੈਟਫਾਰਮ ਬਣਾਉਣਾ ਚਾਹੀਦਾ ਹੈ।
- ਟ੍ਰੇਡਜ਼ ਪਲੈਟਫਾਰਮ 'ਤੇ ਸੀਜੀਟੀਐੱਮਐੱਸਈ ਦੇ ਮਾਧਿਅਮ ਨਾਲ ਲੋਨ ਗਰੰਟੀ ਸਹਾਇਤਾ ਵਿਧੀ।
- ਐੱਮਐੱਸਐੱਮਈ ਤੋਂ ਸਰਕਾਰੀ ਖਰੀਦ 'ਤੇ ਵਿੱਤ ਪ੍ਰੋਵਾਈਡਰਾਂ ਨੂੰ ਸੂਚਨਾ ਦੇਣ ਦੇ ਲਈ ਜੈੱਮ ਨੂੰ ਟ੍ਰੇਡਜ਼ ਨਾਲ ਜੋੜਨਾ।
- ਟ੍ਰੇਡਜ਼ ਦੀਆਂ ਪ੍ਰਾਪਤੀਆਂ ਨੂੰ ਅਸੈੱਟ-ਬੈਕਡ ਪ੍ਰਤੀਭੂਤੀਆਂ ਦੇ ਰੂਪ ਵਿੱਚ ਸ਼ੁਰੂ ਕੀਤਾ ਜਾਵੇਗਾ, ਜਿਸ ਨਾਲ ਦੂਸਰਾ ਵਿੱਤੀ ਬਜ਼ਾਰ ਵਧੇਗਾ ਅਤੇ ਨਕਦੀ ਅਤੇ ਭੁਗਤਾਨ ਨਿਪਟਾਰਾ ਹੋਰ ਬਿਹਤਰ ਹੋਵੇਗਾ।

## ਆਰਥਿਕ ਵਿਕਾਸ ਵਿੱਚ ਤੇਜ਼ੀ ਲਈ ਛੇ ਪ੍ਰਸਤਾਵ

**ਆਰਥਿਕ ਵਿਕਾਸ ਵਿੱਚ ਤੇਜ਼ੀ ਲਿਆਉਣ ਅਤੇ ਇਸਨੂੰ ਬਣਾਈ ਰੱਖਣ ਲਈ ਛੇ ਖੇਤਰਾਂ ਵਿੱਚ ਪਹਿਲਕਦਮੀਆਂ ਦਾ ਪ੍ਰਸਤਾਵ...**

- 7 ਰਣਨੀਤਕ ਅਤੇ ਮੋਹਰੀ ਖੇਤਰਾਂ ਵਿੱਚ ਮੈਨੂਫੈਕਚਰਿੰਗ ਨੂੰ ਤੇਜ਼ ਕਰਨਾ।
- ਵਿਰਾਸਤ ਦੇ ਉਦਯੋਗਿਕ ਖੇਤਰਾਂ ਦਾ ਕਾਇਆਕਲਪ ਕਰਨਾ।
- "ਚੈਂਪੀਅਨ ਐੱਮਐੱਸਐੱਮਈ" ਦਾ ਨਿਰਮਾਣ ਕਰਨਾ।
- ਇਨਫ੍ਰਾਸਟ੍ਰਕਚਰ ਨੂੰ ਪ੍ਰੋਤਸਾਹਨ ਦੇਣਾ।
- ਦੀਰਘਕਾਲੀ ਊਰਜਾ ਸੁਰੱਖਿਆ ਅਤੇ ਸਥਿਰਤਾ ਨੂੰ ਯਕੀਨੀ ਬਣਾਉਣਾ।
- ਸ਼ਹਿਰੀ ਆਰਥਿਕ ਖੇਤਰ ਵਿਕਸਿਤ ਕਰਨਾ।

**ਐੱਮਐੱਸਐੱਮਈ ਨੂੰ ਚੈਂਪੀਅਨ ਬਣਾਉਣ ਲਈ ਤਿੰਨ ਪੱਧਰੀ ਰਣਨੀਤੀ ਇਕੁਵਿਟੀ ਸਪੋਰਟ**

- 10 ਹਜ਼ਾਰ ਕਰੋੜ ਰੁਪਏ ਦੇ ਐੱਸਐੱਮਈ ਗ੍ਰੋਥ ਫੰਡ, ਆਤਮਨਿਰਭਰ ਭਾਰਤ ਫੰਡ ਨੂੰ ਟੌਪ-ਅੱਪ।
- ਲਿਕੁਵਿਡਿਟੀ ਸਪੋਰਟ: TReDS ਰਾਹੀਂ 7 ਲੱਖ ਕਰੋੜ ਰੁਪਏ ਤੋਂ ਵੱਧ ਲਿਕੁਵਿਡਿਟੀ
- ਪ੍ਰੋਫੈਸ਼ਨਲ ਸਪੋਰਟ: "ਕਾਰਪੋਰੇਟ ਮਿੱਤਰ" ਅਤੇ ਅਸਾਨ ਅਨੁਪਾਲਣ।

ਆਰਥਿਕ ਸੁਧਾਰ

# 'ਸੁਧਾਰ ਐਕਸਪ੍ਰੈੱਸ' ਨਾਲ ਭਾਰਤ ਬਣ ਰਿਹਾ ਹੋਰ ਵੱਡੀ ਅਰਥਵਿਵਸਥਾ



ਭਾਰਤ ਦੁਨੀਆ ਦੀ ਇੱਕ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੀ ਦਿਸ਼ਾ ਵਿੱਚ ਆਰਥਿਕ, ਵਪਾਰਕ ਅਤੇ ਜੀਵਨ ਜੀਉਣ ਦੀ ਸੁਗਮਤਾ ਦੇ ਨਾਲ ਸੁਧਾਰ ਐਕਸਪ੍ਰੈੱਸ 'ਤੇ ਤੇਜ਼ੀ ਨਾਲ ਦੌੜ ਰਿਹਾ ਹੈ। ਪਿਛਲੇ 11 ਵਰ੍ਹਿਆਂ ਵਿੱਚ ਸਰਕਾਰ ਨੇ ਕਾਰਵਾਈ, ਸੁਧਾਰ ਅਤੇ ਜਨਤਕ ਹਿਤ ਨੂੰ ਪ੍ਰਾਥਮਿਕਤਾ ਦਿੱਤੀ ਹੈ। ਹੁਣ ਵਿੱਤ ਵਰ੍ਹੇ 2026-27 ਦੇ ਬਜਟ ਵਿੱਚ ਇਸ ਨੂੰ ਹੋਰ ਦਿੱਤੀ ਗਈ ਹੈ ਗਤੀ ...

**ਸਰਕਾਰ ਦਾ 'ਸੰਕਲਪ' ਗ਼ਰੀਬ, ਸ਼ੋਸ਼ਿਤ ਅਤੇ ਵੰਚਿਤਾਂ 'ਤੇ ਧਿਆਨ ਦੇਣ ਲਈ ਤਿੰਨ ਪੱਖੀ ਦ੍ਰਿਸ਼ਟੀਕੋਣ...**

1. ਢਾਂਚਾਗਤ ਸੁਧਾਰ ਦੀ ਗਤੀ ਨੂੰ ਨਿਰੰਤਰ, ਅਨੁਕੂਲ ਅਤੇ ਪ੍ਰਗਤੀਸ਼ੀਲ ਬਣਾਏ ਰੱਖਣਾ ਹੋਵੇਗਾ।
2. ਇੱਕ ਮਜ਼ਬੂਤ ਅਤੇ ਲਚਕਦਾਰ ਵਿੱਤੀ ਖੇਤਰ ਬੱਚਤ ਜੁਟਾਉਣ, ਪੂੰਜੀ ਦਾ ਸਹੀ ਉਪਯੋਗ ਕਰਨ ਅਤੇ ਜੋਖਮਾਂ ਦੇ ਪ੍ਰਬੰਧਨ ਦਾ ਅਧਾਰ ਹੈ।
3. ਆਰਟੀਫਿਸ਼ੀਅਲ ਇੰਟੈਲੀਜੈਂਸ ਐਪਲੀਕੇਸ਼ਨ ਸਮੇਤ ਉੱਚ-ਉੱਨਤ ਟੈਕਨੋਲੋਜੀਆਂ ਸੁਸ਼ਾਸਨ ਵਿੱਚ ਸਹਾਇਕ ਬਣ ਸਕਦੀਆਂ ਹਨ।

ਕੇਂਦਰ ਸਰਕਾਰ ਨੇ ਰੁਜ਼ਗਾਰ ਦੇ ਸਿਰਜਣ, ਉਤਪਾਦਕਤਾ ਨੂੰ ਵਧਾਉਣ ਅਤੇ ਵਿਕਾਸ ਵਿੱਚ ਤੇਜ਼ੀ ਲਿਆਉਣ ਦੀ ਦਿਸ਼ਾ ਵਿੱਚ ਬਹੁਤ ਸਾਰੇ ਆਰਥਿਕ ਸੁਧਾਰ ਕੀਤੇ ਹਨ। ਵਰ੍ਹੇ 2025 ਵਿੱਚ ਸੁਤੰਤਰਤਾ ਦਿਵਸ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੁਧਾਰਾਂ ਦੇ ਐਲਾਨ ਕੀਤੇ ਸਨ, ਉਸ ਤੋਂ ਬਾਅਦ 350 ਤੋਂ ਵੱਧ ਸੁਧਾਰਾਂ ਨੂੰ ਸ਼ੁਰੂ ਕੀਤਾ ਗਿਆ ਹੈ।

## ਵਿਕਸਿਤ ਭਾਰਤ ਦੇ ਲਈ ਤਿਆਰ ਹੋਵੇਗੀ ਬੈਂਕਿੰਗ

ਅੱਜ ਭਾਰਤ ਦਾ ਬੈਂਕਿੰਗ ਖੇਤਰ ਪਹਿਲਾਂ ਤੋਂ ਕਿਤੇ ਵੱਧ ਮਜ਼ਬੂਤ ਹੈ। ਬਿਹਤਰ ਵਿੱਤੀ ਸਥਿਤੀ, ਇਤਿਹਾਸਕ ਲਾਭ, ਕਰਜ਼ਾ ਗੁਣਵੱਤਾ ਵਿੱਚ ਸੁਧਾਰ ਅਤੇ 98% ਤੋਂ ਵੱਧ ਪਿੰਡਾਂ ਤੱਕ ਬੈਂਕਿੰਗ ਸੇਵਾਵਾਂ ਦੀ ਪਹੁੰਚ ਹੈ। ਇਸ ਖੇਤਰ ਦੀ ਪ੍ਰਗਤੀ ਨੂੰ ਹੋਰ ਵਧਾਉਣ ਅਤੇ ਭਾਰਤ ਦੀਆਂ ਅਗਲੀਆਂ ਵਿਕਾਸ ਜ਼ਰੂਰਤਾਂ ਦੇ ਅਨੁਸਾਰ ਇਸ ਖੇਤਰ ਦੀ ਸਮੁੱਚੀ ਸਮੀਖਿਆ ਦੇ ਲਈ 'ਵਿਕਸਿਤ ਭਾਰਤ ਦੇ ਲਈ ਬੈਂਕਿੰਗ 'ਤੇ ਉੱਚ ਪੱਧਰੀ ਕਮੇਟੀ' ਗਠਿਤ ਕੀਤੀ ਜਾਵੇਗੀ।



## ਸ਼ੇਅਰ ਦੇ ਬਾਇਬੈਕ ਨੂੰ ਮੰਨਿਆ ਜਾਵੇਗਾ ਕੈਪੀਟਲ ਗੇਨ

ਸ਼ੇਅਰ ਬਾਇਬੈਕ ਤੋਂ ਮਿਲਣ ਵਾਲੀ ਰਕਮ ਨੂੰ ਹੁਣ ਡਿਵਿਡੈਂਡ ਨਹੀਂ, ਸਗੋਂ ਪੂੰਜੀਗਤ ਲਾਭ ਮੰਨਿਆ ਜਾਵੇਗਾ। ਨਾਲ ਹੀ, ਬਾਇਬੈਕ 'ਤੇ ਪ੍ਰੋਮੋਟਰਾਂ ਲਈ ਟੈਕਸ ਦੀਆਂ ਦਰਾਂ ਵੱਖ-ਵੱਖ ਹੋਣਗੀਆਂ। ਇਸ ਵਿੱਚ ਘਰੇਲੂ ਕੰਪਨੀਆਂ ਦੇ ਪ੍ਰਮੋਟਰਾਂ 'ਤੇ 22% ਅਤੇ ਹੋਰ ਕੰਪਨੀਆਂ 'ਤੇ 30% ਟੈਕਸ ਲਾਗੂ ਹੋਵੇਗਾ। ਸ਼ੇਅਰ ਬਜ਼ਾਰ ਵਿੱਚ ਫਿਊਚਰ ਅਤੇ ਓਪਸ਼ਨ ਟ੍ਰੇਡਿੰਗ ਨੂੰ ਸਟੌਕ ਮਾਰਕਿਟ ਦੀ ਤਰ੍ਹਾਂ ਫਟਾਫਟ ਪੈਸਾ ਬਣਾਉਣ ਖਾਤਰ ਉਤਰਣ ਵਾਲਿਆਂ ਨੂੰ ਕੁਝ ਹੱਦ ਤੱਕ ਰੋਕਣ ਦੇ ਲਈ ਸਰਕਾਰ ਨੇ ਫਿਊਚਰ ਟ੍ਰੇਡਿੰਗ 'ਤੇ ਮੌਜੂਦਾ ਸਕਿਓਰਿਟੀ ਟ੍ਰਾਂਸਫਰ ਡਿਊਟੀ (ਐੱਸਟੀਟੀ) ਨੂੰ 0.02% ਤੋਂ ਵਧਾ ਕੇ 0.05% ਕਰਨ ਦਾ ਪ੍ਰਸਤਾਵ ਦਿੱਤਾ ਹੈ। ਉੱਥੇ ਹੀ ਓਪਸ਼ਨ ਪ੍ਰੀਮੀਅਮ ਅਤੇ ਓਪਸ਼ਨ ਟ੍ਰੇਡਿੰਗ 'ਤੇ ਲੱਗਣ ਵਾਲੇ 0.1% ਅਤੇ 0.125% ਐੱਸਟੀਟੀ ਨੂੰ ਵਧਾ ਕੇ 0.15% ਕਰਨ ਦਾ ਵੀ ਪ੍ਰਸਤਾਵ ਹੈ।

## ਈਜ਼ ਆਫ਼ ਲੀਵਿੰਗ

### ਕਾਨੂੰਨੀ ਉਲਝਣਾਂ ਘਟਾਈਆਂ ਗਈਆਂ... 1 ਅਪ੍ਰੈਲ ਤੋਂ ਨਵਾਂ ਇਨਕਮ ਟੈਕਸ ਕਾਨੂੰਨ ਲਾਗੂ ਹੋਵੇਗਾ

ਇਨਕਮ ਟੈਕਸ ਦੀ ਸਲੈਬ ਜਾਂ ਛੋਟ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਨਹੀਂ ਕੀਤੀ ਗਈ ਹੈ। 1ਅਪ੍ਰੈਲ, 2026 ਤੋਂ ਇਨਕਮ ਟੈਕਸ ਐਕਟ, 2025 ਲਾਗੂ ਹੋਵੇਗਾ।

ਸਰਲੀਕ੍ਰਿਤ ਇਨਕਮ ਟੈਕਸ ਨਿਯਮ ਅਤੇ ਫਾਰਮ ਜਲਦੀ ਹੀ ਕੀਤੇ ਜਾਣਗੇ ਅਧਿਸੂਚਿਤ। ਨਵੇਂ ਫਾਰਮ ਆਮ ਨਾਗਰਿਕਾਂ ਦੇ ਅਸਾਨ ਅਨੁਪਾਲਣ ਦੇ ਹਿਸਾਬ ਨਾਲ ਮੁੜ ਡਿਜ਼ਾਈਨ ਕੀਤੇ ਗਏ ਹਨ।

ਮੋਟਰ ਐਕਸੀਡੈਂਟ ਕਲੇਮਜ਼ ਟ੍ਰਿਬਿਊਨਲ (MACT) ਨੇ ਜੋ ਵਿਆਜ ਤੈਅ ਕੀਤੇ ਉਸ 'ਤੇ ਆਮ ਵਿਅਕਤੀ ਨੂੰ ਇਨਕਮ ਟੈਕਸ ਨਹੀਂ ਦੇਣਾ ਹੋਵੇਗਾ। ਇਸ 'ਤੇ ਕੋਈ ਟੀਡੀਐੱਸ ਵੀ ਨਹੀਂ ਕੱਟਿਆ ਜਾਵੇਗਾ।

ਵਿਦੇਸ਼ ਯਾਤਰਾ ਪੈਕੇਜ ਦੀ ਵਿਕਰੀ 'ਤੇ ਵਸੂਲ ਕੀਤੀ ਜਾਣ ਵਾਲੀ ਟੀਸੀਐੱਸ ਦੀ ਦਰ ਨੂੰ ਕਿਸੇ ਵੀ ਰਕਮ ਦੀ ਸੀਮਾ ਤੋਂ ਬਿਨਾ , ਮੌਜੂਦਾ 5% ਅਤੇ 20% ਤੋਂ ਘਟਾ ਕੇ 2% ਕਰਨ ਦਾ ਪ੍ਰਸਤਾਵ ਹੈ।

ਸਿੱਖਿਆ ਅਤੇ ਮੈਡੀਕਲ ਦੇ ਲਈ ਉਦਾਰੀਕਰਣ ਕੀਤੀ ਗਈ ਰੈਮਿਟੈਂਸ ਸਕੀਮ (ਐੱਲਆਰਐੱਸ) ਦੇ ਤਹਿਤ ਟੀਸੀਐੱਸ ਦੀ ਦਰ ਨੂੰ 5% ਤੋਂ ਘਟਾ ਕੇ 2% ਕਰਨ ਦਾ ਪ੍ਰਸਤਾਵ।

ਟੀਡੀਐੱਸ ਨੂੰ ਲੈ ਕੇ ਭੁਲੇਖੇ ਦੂਰ ਕਰਨ ਦੇ ਲਈ ਕਾਰਜਬਲ ਸੇਵਾਵਾਂ ਦੀ ਸਪਲਾਈ ਨੂੰ ਖਾਸ ਤੌਰ 'ਤੇ ਸੰਵਿਦਾਕਾਰਾਂ ਨੂੰ ਕੀਤੇ ਭੁਗਤਾਨ ਦੀ ਸ਼੍ਰੇਣੀ ਵਿੱਚ ਲਿਆਉਣ ਦਾ ਪ੍ਰਸਤਾਵ ਹੈ। ਇਨ੍ਹਾਂ ਸੇਵਾਵਾਂ 'ਤੇ ਟੀਡੀਐੱਸ ਦੀ ਦਰ ਸਿਰਫ਼ 1% ਜਾਂ 2% ਹੋਵੇਗੀ।

ਛੋਟੇ ਟੈਕਸਪੇਅਰਸ ਲਈ ਇਕ ਨਵੀਂ ਯੋਜਨਾ ਜਿਸ ਵਿੱਚ ਨਿਯਮਾਂ 'ਤੇ ਅਧਾਰਿਤ ਵੈਰੀਫਿਕੇਸ਼ਨ ਪ੍ਰਕਿਰਿਆ ਦੇ ਜ਼ਰੀਏ, ਟੈਕਸ ਨਿਰਧਾਰਣ ਅਧਿਕਾਰੀ ਕੋਲ ਅਪਲਾਈ ਕੀਤੇ ਬਿਨਾ ਘੱਟ ਜਾਂ ਜ਼ੀਰੋ ਕਟੌਤੀ ਦਾ ਪ੍ਰਮਾਣ-ਪੱਤਰ ਮਿਲ ਸਕੇਗਾ।

ਇਕ ਮਾਮੂਲੀ ਫੀਸ ਦੇ ਕੇ ਰਿਟਰਨ ਵਿੱਚ ਸੋਧ ਕਰਨ ਦੀ ਸਮਾਂ-ਸੀਮਾ ਨੂੰ 31 ਦਸੰਬਰ ਤੋਂ ਵਧਾ ਕੇ 31 ਮਾਰਚ ਕਰਨ ਦਾ ਪ੍ਰਸਤਾਵ।

ਟੈਕਸ ਰਿਟਰਨ ਫਾਈਲ ਕਰਨ ਦੀ ਵੱਖ-ਵੱਖ ਸਮਾਂ-ਸੀਮਾ ਰਹੇਗੀ। ਆਈਟੀਆਰ-1 ਅਤੇ ਆਈਟੀਆਰ-2 ਭਰਨ ਵਾਲੇ ਪਹਿਲਾਂ ਦੀ ਤਰ੍ਹਾਂ 31 ਜੁਲਾਈ ਤੱਕ ਰਿਟਰਨ ਭਰਨਗੇ। ਜਦਕਿ ਨੌਨ-ਆਡਿਟ ਵਾਲੇ ਵਪਾਰਕ ਮਾਮਲਿਆਂ ਅਤੇ ਤਨਖਾਹਦਾਰ ਵਰਗ ਨੂੰ 31 ਅਗਸਤ ਤੱਕ ਦਾ ਸਮਾਂ ਦਿੱਤਾ ਜਾਵੇਗਾ।

ਕਿਸੇ ਗੈਰ-ਨਿਵਾਸੀ ਵੱਲੋਂ ਅਚੱਲ ਸੰਪਤੀ ਵੇਚਣ 'ਤੇ ਟੀਡੀਐੱਸ ਕੱਟਣ ਦੇ ਲਈ ਟੈਨ (Tan) ਲੈਣ ਦੀ ਜ਼ਰੂਰਤ ਨਹੀਂ ਹੋਵੇਗੀ। ਨਿਵਾਸੀ ਖਰੀਦਦਾਰ ਆਪਣੇ ਪੈਨ ਦੇ ਅਧਾਰ 'ਤੇ ਚਾਲਾਨ ਦੇ ਜ਼ਰੀਏ ਟੀਡੀਐੱਸ ਜਮ੍ਹਾਂ ਕਰ ਸਕੇਗਾ।

ਵਿਦਿਆਰਥੀਆਂ, ਯੁਵਾ ਪੇਸ਼ੇਵਰਾਂ, ਤਕਨੀਕੀ ਕਰਮਚਾਰੀਆਂ, ਵਿਦੇਸ਼ ਵਿੱਚ ਰਹਿ ਰਹੇ ਗੈਰ-ਨਿਵਾਸੀ ਭਾਰਤੀਆਂ ਅਤੇ ਹੋਰ ਛੋਟੇ ਟੈਕਸਪੇਅਰਸ ਲਈ, ਇਕ ਨਵੀਂ ਯੋਜਨਾ ਦਾ ਪ੍ਰਸਤਾਵ। ਵਿਦੇਸ਼ ਸੰਪਤੀ ਦੇ ਨਿਪਟਾਰੇ ਦੇ ਲਈ 6 ਮਹੀਨੇ ਦਾ ਸਮਾਂ ਦਿੱਤਾ ਜਾਵੇਗਾ।

## ਸਜ਼ਾ ਅਤੇ ਮੁਕੱਦਮੇ ਨੂੰ ਸਰਲ ਬਣਾਉਣਾ

- ਟੈਕਸ ਨਿਰਧਾਰਣ ਅਤੇ ਸਜ਼ਾ ਦੀ ਕਾਰਵਾਈ ਨੂੰ ਇੱਕ ਹੀ ਆਮ ਆਦੇਸ਼ ਨਾਲ ਜੋੜਨ ਦਾ ਪ੍ਰਸਤਾਵ। ਪਹਿਲੀ ਅਪੀਲ ਦੀ ਮਿਆਦ ਦੇ ਦੌਰਾਨ ਸਜ਼ਾ ਦੀ ਰਕਮ 'ਤੇ ਟੈਕਸਪੇਅਰਸ ਤੋਂ ਕੋਈ ਵੀ ਵਿਆਜ ਨਹੀਂ ਲਿਆ ਜਾਵੇਗਾ। ਪਹਿਲਾਂ ਜਮ੍ਹਾਂ ਕੀਤੀ ਜਾਣ ਵਾਲੀ ਰਕਮ ਨੂੰ 20% ਤੋਂ ਘਟਾ ਕੇ 10% ਕੀਤਾ ਜਾ ਰਿਹਾ ਹੈ।




- ਟੈਕਸਪੇਅਰ, ਪੁਨਰਨਿਰਧਾਰਣ ਦੀ ਕਾਰਵਾਈ ਤੋਂ ਬਾਅਦ ਵੀ, ਸਬੰਧਿਤ ਵਰ੍ਹੇ ਦੀ ਦਰ ਤੋਂ ਇਲਾਵਾ 10% ਵਾਧੂ ਟੈਕਸ ਦੇ ਕੇ ਆਪਣੀ ਰਿਟਰਨ ਅਪਡੇਟ ਕਰ ਸਕੇਗਾ।
- ਘੱਟ ਆਮਦਨ ਦਿਖਾਉਣ ਦੇ ਮਾਮਲਿਆਂ ਵਿੱਚ ਸਜ਼ਾ ਅਤੇ ਮੁਕੱਦਮੇ ਤੋਂ ਰਾਹਤ ਨੂੰ ਹੁਣ ਗਲਤ ਜਾਣਕਾਰੀ ਦੇਣ ਦੇ ਮਾਮਲਿਆਂ ਵਿੱਚ ਵੀ ਲਾਗੂ ਕੀਤਾ ਜਾਵੇਗਾ। ਹਾਲਾਂਕਿ, ਅਜਿਹੇ ਮਾਮਲਿਆਂ ਵਿੱਚ ਟੈਕਸਪੇਅਰਸ ਨੂੰ ਵਾਧੂ ਇਨਕਮ ਟੈਕਸ ਦੇ ਰੂਪ ਵਿੱਚ ਟੈਕਸ ਦੀ 100% ਰਕਮ ਵੀ ਚੁਕਾਉਣੀ ਹੋਵੇਗੀ।
- ਖਾਤੇ-ਕਿਤਾਬ ਜਾਂ ਦਸਤਾਵੇਜ਼ ਨਾ ਦੇਣ ਅਤੇ ਵਸਤੂ ਦੇ ਰੂਪ ਵਿੱਚ ਭੁਗਤਾਨ 'ਤੇ ਟੀਡੀਐੱਸ ਨਾ ਚੁਕਾਉਣ ਨੂੰ ਅਪਰਾਧ ਨਹੀਂ ਮੰਨਿਆ ਜਾਵੇਗਾ। ਛੋਟੇ ਮਾਮਲਿਆਂ ਵਿੱਚ ਸਿਰਫ਼ ਜੁਰਮਾਨਾ ਲੱਗੇਗਾ।

ਕਵਰ ਸਟੋਰੀ

ਆਮ ਬਜਟ 2026-2027

## ਸਿਹਤ

# ਸਮਾਜਿਕ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਬਣਦਾ ਸਿਹਤ ਬਜਟ

ਸਿਹਤ ਬਜਟ ਨਾ ਸਿਰਫ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਕੇਂਦ੍ਰਿਤ ਹੈ ਸਗੋਂ ਪਹੁੰਚਯੋਗ, ਸਸਤੀ ਅਤੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਨੂੰ ਅੰਤਿਮ ਵਿਅਕਤੀ ਤੱਕ ਪਹੁੰਚਾਉਣ ਦਾ ਵੀ ਹੈ ਸੰਕਲਪ...



ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦਾ ਬਜਟ | **1,06,530.42** ਕਰੋੜ ਰੁਪਏ

**194%** | ਤੋਂ ਵੱਧ ਦਾ ਕੁੱਲ ਵਾਧਾ ਦਰਜ ਕੀਤਾ ਗਿਆ ਪਿਛਲੇ 12 ਵਰ੍ਹਿਆਂ ਵਿੱਚ ਸਿਹਤ ਬਜਟ ਵਿੱਚ।

### ਕੈਂਸਰ ਦੀਆਂ ਦਵਾਈਆਂ ਸਸਤੀਆਂ

ਕੈਂਸਰ ਮਰੀਜ਼ਾਂ ਦੀਆਂ 17 ਜੀਵਨ ਰੱਖਿਅਕ ਦਵਾਈਆਂ 'ਤੇ ਬੁਨਿਆਦੀ ਕਸਟਮ ਡਿਊਟੀ ਤੋਂ ਪੂਰਨ ਛੋਟ ਦਾ ਪ੍ਰਸਤਾਵ ਹੈ। ਇਸ ਤੋਂ ਇਲਾਵਾ, ਵਿਸ਼ੇਸ਼ ਚਿਕਿਤਸਾ ਉਦੇਸ਼ਾਂ ਲਈ ਦਵਾਈਆਂ, ਔਸ਼ਧੀਆਂ ਅਤੇ ਖਾਦ ਪਦਾਰਥਾਂ ਦੇ ਨਿਜੀ ਤੌਰ 'ਤੇ ਮੰਗਣ 'ਤੇ ਆਯਾਤ ਡਿਊਟੀ ਤੋਂ ਛੋਟ ਦੇ ਨਾਲ-ਨਾਲ ਇਸ ਵਿੱਚ 7 ਵਾਧੂ ਦੁਰਲਭ ਬਿਮਾਰੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

### ਮਾਨਸਿਕ ਸਿਹਤ ਅਤੇ ਟ੍ਰੌਮਾ ਕੇਅਰ

ਮਾਨਸਿਕ ਸਿਹਤ ਦੇ ਲਈ ਨਿਮਹਾਂਸ-2 ਦੀ ਸਥਾਪਨਾ ਹੋਵੇਗੀ। ਨਾਲ ਹੀ ਰਾਂਚੀ ਅਤੇ ਤੇਜਪੁਰ ਵਿੱਚ ਰਾਸ਼ਟਰੀ ਮਾਨਸਿਕ ਸਿਹਤ ਸੰਸਥਾਨਾਂ ਦਾ ਖੇਤਰੀ ਟੌਪ ਸੰਸਥਾਨਾਂ ਦੇ ਰੂਪ ਵਿੱਚ ਵੀ ਅਪਗ੍ਰੇਡ ਕੀਤਾ ਜਾਵੇਗਾ।



### ਖੋਜ

ਬਜਟ 2026-27 ਤੋਂ ਮੈਡੀਕਲ ਰਿਸਰਚ ਨੂੰ ਹੁਲਾਰਾ ਦੇਣ ਦੇ ਲਈ 24% ਦਾ ਵਾਧਾ ਕਰਦੇ ਹੋਏ 4,821 ਕਰੋੜ ਰੁਪਏ ਤੋਂ ਵੱਧ ਦੇ ਬਜਟ ਦਾ ਪ੍ਰਾਵਧਾਨ ਕੀਤਾ ਗਿਆ ਹੈ।

### ਬਜ਼ੁਰਗਾਂ ਦੀ ਚਿਕਿਤਸਾ

ਬਜ਼ੁਰਗਾਂ ਦੀ ਚਿਕਿਤਸਾ ਅਤੇ ਸਬੰਧਿਤ ਸੇਵਾਵਾਂ ਲਈ ਆਉਣ ਵਾਲੇ ਪੰਜ ਵਰ੍ਹਿਆਂ ਵਿੱਚ 1.5 ਲੱਖ ਹੈਲਥ ਕੇਅਰ ਸਰਵਿਸ ਪ੍ਰੋਵਾਈਡਰਸ ਨੂੰ ਟ੍ਰੇਂਡ ਕੀਤਾ ਜਾਵੇਗਾ।

### ਮੈਡੀਕਲ ਟੂਰਿਜ਼ਮ ਸਰਵਿਸ ਹੱਬਸ

ਭਾਰਤ ਨੂੰ ਮੈਡੀਕਲ ਟੂਰਿਜ਼ਮ ਸਰਵਿਸ ਹੱਬ ਦੇ ਰੂਪ ਵਿੱਚ ਵਿਕਸਿਤ ਕਰਨ ਦੇ ਲਈ ਨਿਜੀ ਖੇਤਰ ਦੀ ਸਾਂਝੇਦਾਰੀ ਵਿੱਚ ਪੰਜ ਖੇਤਰੀ ਮੈਡੀਕਲ ਹੱਬਸ ਦੀ ਸਥਾਪਨਾ ਵਿੱਚ ਰਾਜਾਂ ਨੂੰ ਸਹਾਇਤਾ ਦਿੱਤੀ ਜਾਵੇਗੀ। ਇਸ ਵਿੱਚ ਮੈਡੀਕਲ, ਐਜੂਕੇਸ਼ਨਲ ਅਤੇ ਰਿਸਰਚ ਸੁਵਿਧਾਵਾਂ ਹੋਣਗੀਆਂ।

### ਜ਼ਿਲ੍ਹਾ ਹਸਪਤਾਲ

50% ਜ਼ਿਲ੍ਹਾ ਹਸਪਤਾਲਾਂ ਵਿੱਚ ਐਮਰਜੈਂਸੀ ਅਤੇ ਟ੍ਰੌਮਾ ਕੇਅਰ ਸੈਂਟਰ ਦੀ ਸਥਾਪਨਾ ਕਰਕੇ ਇਨ੍ਹਾਂ ਦੀਆਂ ਸਮਰੱਥਾਵਾਂ ਨੂੰ ਮਜ਼ਬੂਤ ਕੀਤਾ ਜਾਵੇਗਾ।

## ਏਐੱਚਪੀ ਸੰਸਥਾਨ ਦੀ ਸਥਾਪਨਾ




ਸਿਹਤ ਸੇਵਾ ਪੇਸ਼ੇਵਰਾਂ (ਏਐੱਚਪੀ) ਦੇ ਲਈ ਮੌਜੂਦਾ ਸੰਸਥਾਨਾਂ ਨੂੰ ਅਪਗ੍ਰੇਡ ਕੀਤਾ ਜਾਵੇਗਾ। ਨਾਲ ਹੀ, ਨਿਜੀ ਅਤੇ ਸਰਕਾਰੀ ਖੇਤਰਾਂ ਵਿੱਚ ਨਵੇਂ ਏਐੱਚਪੀ ਸੰਸਥਾਨਾਂ ਦੀ ਸਥਾਪਨਾ ਕੀਤੀ ਜਾਵੇਗੀ। ਇਸ ਵਿੱਚ ਆਪਟੋਮੈਟ੍ਰੀ, ਰੇਡੀਓਲੌਜੀ,ਐਨਾਸਥੀਸੀਆ ਓਟੀ ਟੈਕਨੋਲੋਜੀ,ਅਪਲਾਈਡ ਸਾਈਕੋਲੌਜੀ ਅਤੇ ਵਿਵਹਾਰ ਸਬੰਧੀ ਸਿਹਤ ਸਮੇਤ 10 ਚੁਣੇ ਹੋਏ ਵਿਸ਼ਾ ਖੇਤਰਾਂ ਨੂੰ ਸ਼ਾਮਲ ਕੀਤਾ ਜਾਵੇਗਾ। ਅਗਲੇ 5 ਵਰ੍ਹਿਆਂ ਵਿੱਚ 1 ਲੱਖ ਏਐੱਚਪੀ ਜੋੜੇ ਜਾਣਗੇ।

## ਪਸ਼ੂ ਚਿਕਿਤਸਕ



ਪਸ਼ੂ ਚਿਕਿਤਸਾ ਪੇਸ਼ੇਵਰਾਂ ਦੀ ਸੰਖਿਆ 20,000 ਤੋਂ ਵੱਧ ਕਰਨ ਲਈ ਲੋਨ ਨਾਲ ਜੁੜੀ ਪੂੰਜੀਗਤ ਸਬਸਿਡੀ ਦਾ ਪ੍ਰਸਤਾਵ ਕੀਤਾ ਗਿਆ ਹੈ। ਇਸ ਦਾ ਉਦੇਸ਼ ਨਿਜੀ ਖੇਤਰ ਵਿੱਚ ਪਸ਼ੂ ਚਿਕਿਤਸਾ ਅਤੇ ਪ੍ਰਾਈਵੇਟ ਕਾਲਜਾਂ, ਪਸ਼ੂ ਹਸਪਤਾਲਾਂ, ਜਾਂਚ ਪ੍ਰਯੋਗਸ਼ਾਲਾਵਾਂ ਅਤੇ ਪ੍ਰਜਨਨ ਸੁਵਿਧਾਵਾਂ ਦੀ ਸਥਾਪਨਾ ਵਿੱਚ ਸਮਰਥਨ ਦੇਣਾ ਹੈ।



## ਬਾਇਓਫਾਰਮਾ ਸ਼ਕਤੀ (ਗਿਆਨ, ਟੈਕਨੋਲੋਜੀ ਅਤੇ ਨਵੀਨਤਾ ਦੇ ਮਾਧਿਅਮ ਨਾਲ ਸਿਹਤ ਸੇਵਾ ਦੇ ਲਈ ਰਣਨੀਤੀ)

ਸ਼ੂਗਰ, ਕੈਂਸਰ ਅਤੇ ਆਟੋਇਮਿਊਨ ਡਿਸਆਰਡਰ ਜਿਹੀਆਂ ਗੈਰ-ਸੰਕ੍ਰਾਮਕ ਬਿਮਾਰੀਆਂ ਦੇਸ਼ ਵਿੱਚ ਤੇਜ਼ੀ ਨਾਲ ਵਧ ਰਹੀਆਂ ਹਨ। ਲਿਹਾਜਾ ਭਾਰਤ ਨੂੰ ਇੱਕ ਵਿਸ਼ਵਵਿਆਪੀ ਬਾਇਓਫਾਰਮਾ ਮੈਨੂਫੈਕਚਰਿੰਗ ਹੱਬ ਦੇ ਰੂਪ ਵਿੱਚ ਵਿਕਸਿਤ ਕਰਨ ਦੇ ਲਈ ਅਗਲੇ 5 ਵਰ੍ਹਿਆਂ ਵਿੱਚ 10,000 ਕਰੋੜ ਰੁਪਏ ਦੇ ਖਰਚੇ ਨਾਲ ਬਾਇਓ ਫਾਰਮਾ ਸ਼ਕਤੀ ਦਾ ਪ੍ਰਸਤਾਵ ਕੀਤਾ ਗਿਆ ਹੈ। ਇਸ ਨਾਲ 3 ਨਵੇਂ ਰਾਸ਼ਟਰੀ ਫਾਰਮਾਸਿਊਟੀਕਲ ਸਿੱਖਿਆ ਅਤੇ ਖੋਜ ਸੰਸਥਾਨਾਂ ਅਤੇ 7 ਮੌਜੂਦਾ ਸੰਸਥਾਨਾਂ ਦੇ ਅਪਗ੍ਰੇਡ ਦੇ ਨਾਲ ਬਾਇਓ ਫਾਰਮਾ ਕੇਂਦ੍ਰਿਤ ਨੈੱਟਵਰਕ ਸ਼ਾਮਲ ਹੋਵੇਗਾ। ਇਸ ਨਾਲ 1,000 ਤੋਂ ਵੱਧ ਮਾਨਤਾ ਪ੍ਰਾਪਤ ਇੰਡੀਆ ਕਲੀਨਿਕਲ ਟ੍ਰਾਇਲ ਸਾਈਟਾਂ ਦਾ ਇੱਕ ਨੈੱਟਵਰਕ ਵੀ ਤਿਆਰ ਹੋਵੇਗਾ।

## ਆਯੁਸ਼

### ਬਣਨਗੇ ਤਿੰਨ ਨਵੇਂ ਏਮਸ

- ਪਰੰਪਰਾਗਤ ਮੈਡੀਸਨਸ ਸਿਸਟਮ ਨਾਲ ਮਰੀਜ਼ਾਂ ਦੇ ਲਈ ਤਿੰਨ ਨਵੇਂ ਆਲ ਇੰਡੀਆ ਇੰਸਟੀਟਿਊਟ ਆਫ਼ ਆਯੁਰਵੇਦ ਦੀ ਸਥਾਪਨਾ ਕੀਤੀ ਜਾਵੇਗੀ।
- ਆਯੁਸ਼ ਫਾਰਮੇਸੀ, ਔਸ਼ਧੀ ਟੈਸਟਿੰਗ ਲੈਬਸ, ਸਬੂਤ ਅਧਾਰਿਤ ਖੋਜ ਦੇ ਨਾਲ-ਨਾਲ ਜਾਮਨਗਰ ਵਿੱਚ ਡਬਲਿਊਐੱਚਓ ਵਿਸ਼ਵਵਿਆਪੀ ਰਵਾਇਤੀ ਚਿਕਿਤਸਾ ਕੇਂਦਰ ਦਾ ਅਪਗ੍ਰੇਡ ਵੀ ਕੀਤਾ ਜਾਵੇਗਾ।

**ਆਯੁਸ਼ ਮੰਤਰਾਲੇ ਦਾ ਬਜਟ**

**4,408.93** ਕਰੋੜ ਰੁਪਏ



“

ਮੈਡੀਕਲ ਹੱਬਸ ਦੇ ਨਿਰਮਾਣ ਨਾਲ, ਅਲਾਈਡ ਹੈਲਥ ਪ੍ਰੋਫੈਸ਼ਨਲਜ਼ ਦੇ ਮਾਧਿਅਮ ਨਾਲ, ਔਰੇਂਜ ਇਕੌਨੋਮੀ ਯਾਨੀ ਆਡੀਓ ਵਿਜ਼ੁਅਲਸ, ਗੇਮਿੰਗ ਨੂੰ ਉਤਸ਼ਾਹਿਤ ਕਰਕੇ, ਟੂਰਿਜ਼ਮ ਨੂੰ ਪ੍ਰੋਤਸਾਹਨ ਦੇ ਕੇ ਅਤੇ ਖੇਲੋ ਇੰਡੀਆ ਮਿਸ਼ਨ ਦੇ ਮਾਧਿਅਮ ਨਾਲ, ਨੌਜਵਾਨਾਂ ਲਈ ਨਵੇਂ ਅਵਸਰਾਂ ਦੇ ਦਰਵਾਜ਼ੇ ਖੁੱਲ੍ਹਣਗੇ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਆਤਮ-ਨਿਰਭਰ ਭਾਰਤ

# ਟੈਕਸਟਾਈਲ ਉਦਯੋਗ ‘ਤੇ ਮਜ਼ਬੂਤ ਜ਼ੋਰ



ਕੇਂਦਰੀ ਬਜਟ ਵਿੱਚ ਟੈਕਸਟਾਈਲ ਖੇਤਰ ਨੂੰ ਰੁਜ਼ਗਾਰ ਸਿਰਜਣ, ਨਿਰੰਤਰ ਵਾਧੇ ਅਤੇ ਆਤਮਨਿਰਭਰ ਭਾਰਤ ਦੇ ਟੀਚੇ ਨਾਲ ਜੋੜਦੇ ਹੋਏ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਪਰੰਪਰਾਗਤ ਹੈਂਡਲੂਮ ਤੋਂ ਲੈ ਕੇ ਆਧੁਨਿਕ ਮੈਨ-ਮੇਡ ਫਾਈਬਰ ਅਤੇ ਤਕਨੀਕ-ਅਧਾਰਿਤ ਟੈਕਸਟਾਈਲ ਨਿਰਮਾਣ ਤੱਕ, ਪੂਰੀ ਵੈਲਿਊ ਚੇਨ ਨੂੰ ਸਸ਼ਕਤ ਕਰਨ ‘ਤੇ ਸਰਕਾਰ ਦਾ ਸਪਸ਼ਟ ਤੌਰ ‘ਤੇ ਦਿਖਦਾ ਹੈ ਫੋਕਸ...

**ਕਪੜਾ ਮੰਤਰਾਲੇ ਦਾ ਵਿੱਤ ਵਰ੍ਹੇ 2026-27 ਵਿੱਚ ਬਜਟ** | **5729.01 ਕਰੋੜ ਰੁਪਏ**

**ਸਰਕਾਰ ਨੇ ਮੁਕਾਬਲੇਬਾਜ਼ੀ, ਆਤਮ-ਨਿਰਭਰਤਾ ਅਤੇ ਰੁਜ਼ਗਾਰ ਨੂੰ ਹੁਲਾਰਾ ਦੇਣ ਦੇ ਲਈ ਟੈਕਸਟਾਈਲ ਖੇਤਰ ਦੇ ਲਈ ਇੱਕ ਏਕੀਕ੍ਰਿਤ ਪ੍ਰੋਗਰਾਮ ਦਾ ਪ੍ਰਸਤਾਵ ਦਿੱਤਾ ਹੈ, ਜਿਸ ਵਿੱਚ ਪੰਜ ਸਬ-ਕੰਪੋਨੈਂਟਸ ਸ਼ਾਮਲ ਹਨ:**

- **ਨੈਸ਼ਨਲ ਫਾਈਬਰ ਸਕੀਮ:** ਫਾਈਬਰ ਖੇਤਰ ਵਿੱਚ ਆਤਮ-ਨਿਰਭਰਤਾ ਹਾਸਲ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਇਹ ਯੋਜਨਾ ਰੇਸ਼ਮ, ਉਨ ਅਤੇ ਜੂਟ ਵਰਗੇ ਕੁਦਰਤੀ ਫਾਈਬਰਸ, ਮਨੁੱਖ ਦੁਆਰਾ ਬਣਾਏ ਗਏ ਫਾਈਬਰਸ ਅਤੇ ਆਧੁਨਿਕ ਯੁੱਗ ਦੇ ਫਾਈਬਰਸ ਨੂੰ ਸਮਰਥਨ ਪ੍ਰਦਾਨ ਕਰੇਗੀ।
- **ਟੈਕਸਟਾਈਲ ਵਿਸਤਾਰ ਅਤੇ ਰੁਜ਼ਗਾਰ ਯੋਜਨਾ:** ਇਸ ਕੰਪੋਨੈਂਟ ਦਾ ਉਦੇਸ਼ ਮਸ਼ੀਨਰੀ, ਤਕਨਾਲੋਜੀ ਅਪਗ੍ਰੇਡ ਅਤੇ ਸਾਂਝੀ ਟੈਸਟਿੰਗ ਅਤੇ ਪ੍ਰਮਾਣੀਕਰਣ ਕੇਂਦਰਾਂ ਦੀ ਸਥਾਪਨਾ ਲਈ ਪੂੰਜੀਗਤ ਸਹਾਇਤਾ ਦੇ ਮਾਧਿਅਮ ਨਾਲ ਰਵਾਇਤੀ ਟੈਕਸਟਾਈਲ ਸਮੂਹਾਂ ਦਾ ਆਧੁਨਿਕੀਕਰਣ ਕਰਨਾ ਹੈ।
- **ਨੈਸ਼ਨਲ ਹੈਂਡਲੂਮ ਅਤੇ ਹੈਂਡੀਕ੍ਰਾਫਟ ਪ੍ਰੋਗਰਾਮ:** ਹੈਂਡਲੂਮ ਅਤੇ ਹੈਂਡੀਕ੍ਰਾਫਟ ਲਈ ਮੌਜੂਦਾ ਯੋਜਨਾਵਾਂ ਨੂੰ ਇਕਜੁੱਟ ਕੀਤਾ ਜਾਵੇਗਾ ਅਤੇ ਇੱਕ ਏਕੀਕ੍ਰਿਤ ਰਾਸ਼ਟਰੀ ਪ੍ਰੋਗਰਾਮ ਦੇ ਤਹਿਤ ਮਜ਼ਬੂਤ ਕੀਤਾ ਜਾਵੇਗਾ। ਇਸ ਨਾਲ ਬੁਣਕਰਾਂ ਅਤੇ ਕਾਰੀਗਰਾਂ ਨੂੰ ਟੀਚਾਬੱਧ ਅਤੇ ਪ੍ਰਭਾਵਸ਼ਾਲੀ ਸਹਾਇਤਾ ਯਕੀਨੀ ਬਣਾਈ ਜਾ ਸਕੇਗੀ।
- **ਟੈਕਸ-ਈਕੋ ਪਹਿਲ:** ਇਸ ਪਹਿਲ ਦਾ ਉਦੇਸ਼ ਵਿਸ਼ਵਵਿਆਪੀ ਪੱਧਰ ’ਤੇ ਮੁਕਾਬਲੇਬਾਜ਼ੀ ਅਤੇ ਵਾਤਾਵਰਣ ਦੀ ਦ੍ਰਿਸ਼ਟੀ ਨਾਲ ਟਿਕਾਊ ਟੈਕਸਟਾਈਲ ਅਤੇ ਲਿਬਾਸ ਨਿਰਮਾਣ ਨੂੰ ਉਤਸ਼ਾਹਿਤ ਕਰਨਾ ਹੈ।

“

ਇਸ ਬਜਟ ਵਿੱਚ ਮੇਕ ਇਨ ਇੰਡੀਆ ਅਤੇ ਆਤਮ-ਨਿਰਭਰ ਭਾਰਤ ਅਭਿਆਨ ਨੂੰ ਨਵੀਂ ਰਫ਼ਤਾਰ ਲਈ ਮਹੱਤਵਕਾਂਖੀ ਰੋਡਮੈਪ ਪੇਸ਼ ਕੀਤਾ ਗਿਆ ਹੈ। ਇਸ ਬਜਟ ਵਿੱਚ ਨਵੀਆਂ ਉਭਰਦੀਆਂ ਇੰਡਸਟ੍ਰੀਜ਼, ਯਾਨੀ ਸਨਰਾਈਜ਼ ਸੈਕਟਰਾਂ ਨੂੰ ਜਿਸ ਮਜ਼ਬੂਤੀ ਨਾਲ ਸਮਰਥਨ ਦਿੱਤਾ ਗਿਆ ਹੈ, ਉਹ ਬੇਮਿਸਾਲ ਹੈ।

**-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

### ਵਪਾਰ ਕਰਨ ਦੀ ਸੁਵਿਧਾ

ਭਾਰਤ ਤੋਂ ਬਾਹਰ ਰਹਿਣ ਵਾਲੇ ਨਿਜੀ ਨਿਵੇਸ਼ਕਾਂ (PROI) ਨੂੰ ਸੂਚੀਬੱਧ ਭਾਰਤੀ ਕੰਪਨੀਆਂ ਦੇ ਸ਼ੇਅਰਾਂ ਵਿੱਚ ਨਿਵੇਸ਼ ਦੀ ਮਨਜ਼ੂਰੀ ਦਿੱਤੀ ਜਾਵੇਗੀ। ਕੁੱਲ ਨਿਵੇਸ਼ ਦੀ ਸੀਮਾ 10% ਤੋਂ ਵਧਾ ਕੇ 24% ਅਤੇ ਕਿਸੇ ਇੱਕ ਨਿਵੇਸ਼ਕ ਦੀ ਸੀਮਾ 5% ਤੋਂ ਵਧਾ ਕੇ 10% ਕੀਤੀ ਜਾਵੇਗੀ।







### ਸਮਰੱਥ 2.0
ਉੱਨਤ ਕੌਸ਼ਲ ਪ੍ਰੋਗਰਾਮ ਉਦਯੋਗ ਅਤੇ ਵਿਦਿਅਕ ਸੰਸਥਾਨਾਂ ਦੇ ਨਾਲ ਡੂੰਘੇ ਸਹਿਯੋਗ ਦੇ ਮਾਧਿਅਮ ਨਾਲ ਟੈਕਸਟਾਈਲ ਕੌਸ਼ਲ ਵਿਧੀ ਦਾ ਆਧੁਨਿਕੀਕਰਣ ਕਰੇਗਾ।

### ਮਹਾਤਮਾ ਗਾਂਧੀ ਗ੍ਰਾਮ ਸਵਰਾਜ ਯੋਜਨਾ
ਖਾਦੀ, ਹੈਂਡਲੂਮ ਅਤੇ ਹੈਂਡੀਕ੍ਰਾਫਟ ਨੂੰ ਮਜ਼ਬੂਤ ਬਣਾਉਣ ਦੇ ਲਈ ਮਹਾਤਮਾ ਗਾਂਧੀ ਗ੍ਰਾਮ ਸਵਰਾਜ ਯੋਜਨਾ ਦੀ ਸ਼ੁਰੂਆਤ ਹੋਵੇਗੀ। ਇਸ ਨਾਲ ਵਿਸ਼ਵਵਿਆਪੀ ਬਜ਼ਾਰ ਤੱਕ ਪਹੁੰਚ ਅਤੇ ਬ੍ਰਾਂਡਿੰਗ ਵਿੱਚ ਸਹਾਇਤਾ ਮਿਲੇਗੀ। ਇਹ ਟ੍ਰੇਨਿੰਗ, ਕੌਸ਼ਲ, ਪ੍ਰਕਿਰਿਆ ਅਤੇ ਉਤਪਾਦਨ ਗੁਣਵੱਤਾ ਨੂੰ ਸੁਚਾਰੂ ਬਣਾਏਗੀ ਅਤੇ ਸਹਾਇਤਾ ਪ੍ਰਦਾਨ ਕਰੇਗੀ।

### ਰੇਅਰ ਅਰਥ
ਨਵੰਬਰ, 2025 ਵਿੱਚ ਰੇਅਰ ਅਰਥ ਪਰਮਾਨੈਂਟ ਸਕੀਮ ਸ਼ੁਰੂ ਕੀਤੀ ਗਈ ਸੀ। ਹੁਣ ਬਜਟ ਵਿੱਚ ਮਾਈਨਿੰਗ, ਪ੍ਰੋਸੈੱਸਿੰਗ, ਖੋਜ ਅਤੇ ਮੈਨੂਫੈਕਚਰਿੰਗ ਨੂੰ ਹੁਲਾਰਾ ਦੇਣ ਲਈ ਦੁਰਲਭ ਖਣਿਜ ਕੌਰੀਡੋਰ ਸਥਾਪਿਤ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਕੌਰੀਡੋਰ ਖਣਿਜ ਸੰਪੰਨ ਰਾਜਾਂ- ਓਡੀਸ਼ਾ, ਕੇਰਲ, ਆਂਧਰ ਪ੍ਰਦੇਸ਼ ਅਤੇ ਤਮਿਲ ਨਾਡੂ ਨੂੰ ਸਹਾਇਤਾ ਪ੍ਰਦਾਨ ਕਰੇਗਾ।

### ਕੰਟੇਨਰ ਮੈਨੂਫੈਕਚਰਿੰਗ
10,000 ਕਰੋੜ ਰੁਪਏ ਦੇ ਬਜਟ ਅਲਾਟ ਨਾਲ 5 ਵਰ੍ਹਿਆਂ ਦੀ ਮਿਆਦ ਲਈ ਕੰਟੇਨਰ ਮੈਨੂਫੈਕਚਰਿੰਗ ਯੋਜਨਾ ਸ਼ੁਰੂ ਕੀਤੀ ਜਾਵੇਗੀ।

> ਅਸੀਂ ਗ੍ਰੋਥ ਦੀ ਗਤੀ ਬਣਾਈ ਰੱਖਣ ਲਈ ਰਸਤਾ ਬਣਾ ਰਹੇ ਹਾਂ। ਉਸ ਗ੍ਰੋਥ ਦੀ ਗਤੀ ਜਾਂ ਲਗਾਤਾਰ ਆਰਥਿਕ ਵਿਕਾਸ ਨੂੰ ਅਸੀਂ ਯਕੀਨੀ ਬਣਾਉਣਾ ਚਾਹੁੰਦੇ ਹਾਂ। ਮੁੱਖ ਤੌਰ 'ਤੇ, ਅਸੀਂ ਢਾਂਚਾਗਤ ਸੁਧਾਰਾਂ ਨਾਲ ਈਕੋਸਿਸਟਮ ਬਣਾਉਣ 'ਤੇ ਧਿਆਨ ਦੇ ਰਹੇ ਹਾਂ। ਸੁਧਾਰ ਗਤੀਵਿਧੀਆਂ ਇਸ ਟੀਚੇ ਨਾਲ ਜਾਰੀ ਰਹਿਣਗੀਆਂ, ਤਾਂ ਜੋ ਅਸੀਂ ਪ੍ਰੋਡਕਟੀਵਿਟੀ ਵਿੱਚ ਸੁਧਾਰ ਅਤੇ ਰੁਜ਼ਗਾਰ ਪੈਦਾ ਕਰਨ ਲਈ ਉਚਿਤ ਮਾਹੌਲ ਬਣਾਈਏ।
>
> **-ਨਿਰਮਲਾ ਸੀਤਾਰਾਮਣ, ਕੇਂਦਰੀ ਵਿੱਤ ਮੰਤਰੀ**

### ਵਿਆਪਕ ਅਤੇ ਏਕੀਕ੍ਰਿਤ ਨੀਤੀਗਤ ਢਾਂਚੇ ਦਾ ਐਲਾਨ
ਬਜਟ 2026–27 ਵਿੱਚ ਕਿਰਤ ਪ੍ਰਧਾਨ ਟੈਕਸਟਾਈਲ ਖੇਤਰ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ, ਕਿਉਂਕਿ ਇਸ ਵਿੱਚ ਰੁਜ਼ਗਾਰ ਸਿਰਜਣ, ਨਿਰਯਾਤ, ਗ੍ਰਾਮੀਣ ਆਜੀਵਿਕਾ ਅਤੇ ਟਿਕਾਊ ਮੈਨੂਫੈਕਚਰਿੰਗ ਵਿੱਚ ਇਸ ਦੀ ਮਹੱਤਵਪੂਰਨ ਭੂਮਿਕਾ ਹੈ। ਫਾਈਬਰ ਤੋਂ ਲੈ ਕੇ ਫੈਸ਼ਨ ਤੱਕ, ਗ੍ਰਾਮੀਣ ਉਦਯੋਗਾਂ ਤੋਂ ਲੈ ਕੇ ਗਲੋਬਲ ਮਾਰਕਿਟਸ ਤੱਕ, ਸੰਪੂਰਨ ਟੈਕਸਟਾਈਲ ਵੈਲਿਊ ਚੇਨ ਨੂੰ ਮਜ਼ਬੂਤ ਕਰਨ ਲਈ ਇੱਕ ਵਿਆਪਕ ਅਤੇ ਏਕੀਕ੍ਰਿਤ ਨੀਤੀਗਤ ਢਾਂਚੇ ਦਾ ਐਲਾਨ ਕੀਤਾ ਗਿਆ ਹੈ।

### ਮੈਗਾ ਟੈਕਸਟਾਈਲ ਪਾਰਕ
ਸਰਕਾਰ ਨੇ ਮੈਗਾ ਟੈਕਸਟਾਈਲ ਪਾਰਕ ਸਥਾਪਿਤ ਕਰਨ ਦਾ ਐਲਾਨ ਕੀਤਾ ਹੈ। ਇਹ ਪਾਰਕ ਤਕਨੀਕੀ ਟੈਕਸਟਾਈਲਜ਼ ਦੇ ਵਿਕਾਸ ਨੂੰ ਵੀ ਪ੍ਰੋਤਸਾਹਨ ਦੇਵੇਗਾ।

### ਵਪਾਰ ਪ੍ਰਾਪਤ ਛੋਟ ਪ੍ਰਣਾਲੀ
ਟੈਕਸਟਾਈਲ ਉਦਯੋਗ ਦੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਨਕਦੀ ਪਹੁੰਚ ਸੁਗਮ ਅਤੇ ਮਜ਼ਬੂਤ ਕਰਨ ਦੇ ਲਈ ਸਰਕਾਰ ਨੇ ਵਪਾਰ ਪ੍ਰਾਪਤ ਛੋਟ ਪ੍ਰਣਾਲੀ (ਟੀਆਰਈਡੀਐੱਸ) ਦੀ ਪ੍ਰਭਾਵਸ਼ੀਲਤਾ ਵਧਾਉਣ ਲਈ ਪ੍ਰਮੁੱਖ ਉਪਾਵਾਂ ਦਾ ਐਲਾਨ ਕੀਤਾ ਹੈ।

### ਟੈਕਸਟਾਈਲ, ਲੈਦਰ ਅਤੇ ਸਮੁੰਦਰੀ ਉਤਪਾਦਾਂ ਦੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਲਈ ਮਹੱਤਵਪੂਰਨ ਐਲਾਨ
- ਡਿਊਟੀ ਫ੍ਰੀ ਆਯਾਤ ਕੀਤੇ ਗਏ ਕੱਚੇ ਮਾਲ ਦੀ ਵਰਤੋਂ ਕਰਕੇ ਬਣੇ ਹੋਏ ਕੱਪੜੇ, ਚਮੜੇ ਦੇ ਕਪੜੇ, ਚਮੜੇ ਜਾਂ ਸਿੰਥੈਟਿਕ ਜੁੱਤੇ ਅਤੇ ਹੋਰ ਚਮੜੇ ਦੇ ਉਤਪਾਦਾਂ ਦੇ ਨਿਰਯਾਤਕਾਂ ਲਈ ਨਿਰਯਾਤ ਜ਼ਿੰਮੇਵਾਰੀ ਮਿਆਦ ਵਧਾ ਕੇ 12 ਮਹੀਨੇ ਕਰ ਦਿੱਤੀ ਗਈ ਹੈ।
- ਇਸ ਉਪਾਅ ਨਾਲ ਨਿਰਯਾਤਕਾਂ ਨੂੰ ਸੰਚਾਲਨ ਵਿੱਚ ਵਧੇਰੇ ਲਚਕਤਾ, ਪਾਲਣਾ ਵਿੱਚ ਅਸਾਨੀ ਅਤੇ ਕਾਰਜਸ਼ੀਲ ਪੂੰਜੀ ਪ੍ਰਬੰਧਨ ਵਿੱਚ ਸੁਧਾਰ ਹੋਵੇਗਾ।
- ਟੀਆਰਈਡੀਐੱਸ ਦੇ ਮਾਧਿਅਮ ਨਾਲ ਟੈਕਸਟਾਈਲ ਉਦਯੋਗ ਦੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਨਕਦ ਸਹਾਇਤਾ ਦੀ ਵਿਵਸਥਾ।

## ਮਹਿਲਾ

# ਸਮ੍ਰਿੱਧ ਬਣਾਉਣ ਦੀ ਦਿਸ਼ਾ ਵਿੱਚ ਨਿਰੰਤਰ ਵਧਦੇ ਕਦਮ



ਕੇਂਦਰ ਸਰਕਾਰ ਮਹਿਲਾਵਾਂ ਨੂੰ ਟ੍ਰੇਂਡ, ਸਮ੍ਰਿੱਧ ਬਣਾ ਕੇ ਸਸ਼ਕਤ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ। ਇਸੇ ਕੜੀ ਵਿੱਚ ਵਿੱਤ ਮੰਤਰੀ ਨਿਰਮਲਾ ਸੀਤਾਰਾਮਣ ਨੇ ਬਜਟ ਵਿੱਚ ਮਹਿਲਾਵਾਂ ਨਾਲ ਜੁੜੇ ਕਈ ਐਲਾਨ ਕੀਤੇ ਹਨ। ਇਸ ਦਾ ਸਿੱਧਾ ਲਾਭ ਦੇਸ਼ ਦੀ ਅੱਧੀ ਆਬਾਦੀ ਨੂੰ ਹੋਵੇਗਾ। ਇਸ ਵਰ੍ਹੇ ਦਾ ਬਜਟ ਮਹਿਲਾਵਾਂ ਦੁਆਰਾ ਤਿਆਰ ਅਤੇ ਸੰਚਾਲਿਤ ਸਵੈ-ਸਹਾਇਤਾ ਸਮੂਹਾਂ ਦੇ ਇੱਕ ਆਧੁਨਿਕ ਪ੍ਰਣਾਲੀ ਨੂੰ ਤਰਜੀਹ ਦਿੰਦਾ ਹੈ, ਜਿਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਹਰੇਕ ਘਰ ਤੱਕ ਪਹੁੰਚੇ ਸਮ੍ਰਿੱਧੀ...


### ਮਹਿਲਾ ਹੋਸਟਲ

**ਕੇਂਦਰ ਸਰਕਾਰ ਨੇ ਦੇਸ਼ ਦੇ ਹਰ ਜ਼ਿਲ੍ਹੇ ਵਿੱਚ ਮਹਿਲਾ ਹੋਸਟਲ ਦੇ ਨਿਰਮਾਣ ਦਾ ਫ਼ੈਸਲਾ ਲਿਆ ਹੈ। ਇਹ ਪਹਿਲ ਸਿੱਖਿਆ ਦੇ ਖੇਤਰ ਵਿੱਚ ਜੈਂਡਰ ਸਮਾਨਤਾ, ਸੁਰੱਖਿਆ ਅਤੇ ਸਸ਼ਕਤੀਕਰਣ ਨੂੰ ਮਜ਼ਬੂਤ ਕਰਨ ਵਾਲਾ ਇੱਕ ਮਹੱਤਵਪੂਰਨ ਮੀਲ ਪੱਥਰ ਹੈ।**

### ਸੈਲਫ਼ ਹੈਲਪ ਐਂਟਰਪ੍ਰਿਨਿਊਰ 'SHE ਮਾਰਟ' ਦੀ ਵਿਵਸਥਾ

- ਲਖਪਤੀ ਦੀਦੀ ਯੋਜਨਾ ਦੀ ਸਫ਼ਲਤਾ ਨੂੰ ਅੱਗੇ ਵਧਾਉਂਦੇ ਹੋਏ ਬਜਟ ਵਿੱਚ ਸੈਲਫ਼ ਹੈਲਪ ਐਂਟਰਪ੍ਰਿਨਿਊਰ 'SHE ਮਾਰਟ' ਦੀ ਵਿਵਸਥਾ ਕੀਤੀ ਗਈ ਹੈ।
- ਪਸ਼ੂਪਾਲਣ, ਖੇਤੀਬਾੜੀ ਨਾਲ ਜੁੜੀਆਂ ਗਤੀਵਿਧੀਆਂ ਅਤੇ ਹੋਰ ਕਾਰਜਾਂ ਵਿੱਚ ਲਗੀਆਂ ਭੈਣਾਂ ਹੁਣ ਸਿਰਫ਼ ਆਜੀਵਿਕਾ ਤੱਕ ਸੀਮਿਤ ਨਾ ਰਹਿ ਕੇ ਉੱਦਮੀ ਦੇ ਰੂਪ ਵਿੱਚ ਅੱਗੇ ਵਧ ਸਕਣਗੀਆਂ, ਇਹੀ ਇਸ ਪਹਿਲ ਦਾ ਮੁੱਖ ਉਦੇਸ਼ ਹੈ।
- ਹਰ ਜ਼ਿਲ੍ਹੇ ਵਿੱਚ ਮਹਿਲਾਵਾਂ ਦੇ ਉਤਪਾਦਾਂ ਨੂੰ ਵੇਚਣ ਲਈ ਇੱਕ ਪਲੈਟਫ਼ਾਰਮ ਦੇ ਤੌਰ 'ਤੇ ਕਮਿਊਨਿਟੀ ਰਿਟੇਲ ਆਉਟਲੇਟ ਸਥਾਪਿਤ ਹੋਣਗੇ, ਜਿੱਥੇ ਸਵੈ-ਸਹਾਇਤਾ ਸਮੂਹਾਂ ਅਤੇ ਗ੍ਰਾਮੀਣ ਭੈਣਾਂ ਵੱਲੋਂ ਤਿਆਰ ਕੀਤੇ ਗਏ ਉਤਪਾਦਾਂ ਨੂੰ ਨਵਾਂ ਬਜ਼ਾਰ ਮਿਲੇਗਾ।
- ਨਾਲ ਹੀ She-Mark ਬੈਂਜ ਦੀ ਲਾਂਚਿੰਗ ਨਾਲ ਮਹਿਲਾਵਾਂ ਨੂੰ ਅਸਾਨ ਫਾਈਨੈਂਸਿੰਗ ਸੁਵਿਧਾਵਾਂ ਵੀ ਯਕੀਨੀ ਬਣਾਈਆਂ ਜਾਣਗੀਆਂ।

### ਜੈਂਡਰ ਸਮਾਨਤਾ ਦੇ ਲਈ ਬਜਟ ਅਲਾਟ




**2026–27 ਦੇ ਜੈਂਡਰ ਬਜਟ ਅਨੁਮਾਨ (ਜੀਬੀਐੱਸ)ਵਿੱਚ ਮਹਿਲਾਵਾਂ ਅਤੇ ਲੜਕੀਆਂ ਦੀ ਭਲਾਈ ਲਈ ਪੰਜ ਲੱਖ ਕਰੋੜ ਰੁਪਏ ਦਾ ਅਲਾਟ ਕੀਤਾ ਗਿਆ ਹੈ ਜੋ ਕਿ 2025–26 ਦੇ 4.49 ਲੱਖ ਕਰੋੜ ਰੁਪਏ ਦੇ ਮੁਕਾਬਲੇ 11.36% ਤੋਂ ਵੱਧ ਹੈ।**



ਯੁਵਾ

# ਖੁੱਲ੍ਹਣਗੇ ਮੌਕਿਆਂ ਦੇ ਨਵੇਂ ਰਾਹ

ਸੰਸਦ ਵਿੱਚ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਬਜਟ ਪੇਸ਼ ਕਰਦੇ ਸਮੇਂ ਕਿਹਾ- ਇਹ ਯੁਵਾ ਸ਼ਕਤੀ ਦਾ ਬਜਟ ਹੈ। ਇਸ ਵਿੱਚ ਯੁਵਾ ਦੀ ਸੋਚ ਵੀ ਹੈ, ਯੁਵਾ ਦੇ ਸੁਪਨੇ ਵੀ ਹਨ, ਯੁਵਾ ਦੇ ਸੰਕਲਪ ਵੀ ਹਨ ਅਤੇ ਨਾਲ -ਨਾਲ ਯੁਵਾ ਦੀ ਗਤੀ ਵੀ ਹੈ। ਬਜਟ ਵਿੱਚ ਜੋ ਪ੍ਰਾਵਧਾਨ ਕੀਤੇ ਗਏ ਹਨ, ਉਸ ਤੋਂ ਵੱਖ-ਵੱਖ ਸੈਕਟਰਸ ਵਿੱਚ ਲੀਡਰਸ, ਇਨੋਵੇਟਰਸ ਅਤੇ ਕ੍ਰਿਏਟਰਸ ਤਿਆਰ ਹੋਣਗੇ। ਨਾਲ ਹੀ ਖੇਲੋ ਇੰਡੀਆ ਮਿਸ਼ਨ ਦੇ ਮਾਧਿਅਮ ਨਾਲ ਨੌਜਵਾਨਾਂ ਲਈ ਖੁੱਲ੍ਹਣਗੇ ਮੌਕਿਆਂ ਦੇ ਨਵੇਂ ਰਾਹ...

## ਸਿੱਖਿਆ

- ਸਰਕਾਰ ਵੱਡੇ ਉਦਯੋਗਿਕ ਅਤੇ ਲੌਜਿਸਟਿਕਸ ਕੌਰੀਡੋਰ ਦੇ ਆਲੇ-ਦੁਆਲੇ ਚੁਣੌਤੀ ਮਾਰਗ ਦੇ ਮਾਧਿਅਮ ਨਾਲ ਪੰਜ ਯੂਨੀਵਰਸਿਟੀ ਟਾਊਨਸ਼ਿਪ ਦਾ ਨਿਰਮਾਣ ਕਰਨ ਵਿੱਚ ਰਾਜਾਂ ਦੀ ਸਹਾਇਤਾ ਕਰੇਗੀ।
- ਭਾਰਤ ਦੇ ਪੂਰਬੀ ਖੇਤਰ ਵਿੱਚ ਇੱਕ ਨਵੇਂ ਰਾਸ਼ਟਰੀ ਡਿਜ਼ਾਈਨ ਸੰਸਥਾਨ ਦੀ ਸਥਾਪਨਾ ਦਾ ਪ੍ਰਸਤਾਵ।
- ਐਸਟ੍ਰੋ ਫਿਜਿਕਸ ਅਤੇ ਐਸਟ੍ਰੋਨੌਮੀ ਨੂੰ ਉਤਸ਼ਾਹਿਤ ਕਰਨ ਦੇ ਲਈ 4 ਟੈਲੀਸਕੋਪ ਸੁਵਿਧਾਵਾਂ ਦੀ ਸਥਾਪਨਾ ਕੀਤੀ ਜਾਵੇਗੀ।

ਬਜਟ

**ਸਿੱਖਿਆ ਮੰਤਰਾਲੇ ਦੇ ਲਈ ਕੁੱਲ ਬਜਟ ਐਲੋਕੇਸ਼ਨ** | **1,39,289.48** ਕਰੋੜ ਰੁਪਏ ਤੱਕ ਪਹੁੰਚ ਗਿਆ ਹੈ

ਜੋ ਬਜਟ ਅਨੁਮਾਨ 2025-26 ਦੀ ਤੁਲਨਾ ਵਿੱਚ 8.27% ਦਾ ਵਾਧਾ ਹੈ।

## ਸਿੱਖਿਆ ਤੋਂ ਰੁਜ਼ਗਾਰ ਅਤੇ ਉੱਦਮ

ਵਿਕਸਿਤ ਭਾਰਤ ਦੇ ਮੁੱਖ ਸੰਚਾਲਕ ਦੇ ਰੂਪ ਵਿੱਚ ਸੇਵਾ ਖੇਤਰ 'ਤੇ ਧਿਆਨ ਕੇਂਦ੍ਰਿਤ ਕਰਨ ਦੇ ਲਈ ਉੱਚ ਅਧਿਕਾਰ ਪ੍ਰਾਪਤ 'ਸਿੱਖਿਆ ਤੋਂ ਰੁਜ਼ਗਾਰ ਅਤੇ ਉੱਦਮ' ਸਥਾਈ ਕਮੇਟੀ ਦੇ ਗਠਨ ਦਾ ਪ੍ਰਸਤਾਵ। ਇਹ ਫ਼ੈਸਲਾ ਭਾਰਤ ਨੂੰ ਵਰ੍ਹੇ 2047 ਤੱਕ 10 ਪ੍ਰਤੀਸ਼ਤ ਦੀ ਵਿਸ਼ਵਵਿਆਪੀ ਹਿੱਸੇਦਾਰੀ ਨਾਲ ਮੋਹਰੀ ਬਣਾਏਗਾ।

## ਔਰੇਂਜ ਇਕੌਨੋਮੀ

ਇੰਡੀਅਨ ਇੰਸਟੀਟਿਊਟ ਆਫ਼ ਕ੍ਰਿਏਟਿਵ ਟੈਕਨੋਲੋਜੀ, ਮੁੰਬਈ ਨੂੰ 15 ਹਜ਼ਾਰ ਸੈਕੰਡਰੀ ਸਕੂਲਾਂ ਅਤੇ 500 ਕਾਲਜਾਂ ਵਿੱਚ ਏਵੀਜੀਸੀ ਕੰਟੈਂਟ ਕ੍ਰਿਏਟਰ ਲੈਬ (ਸੀਸੀਐੱਲ) ਸਥਾਪਿਤ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਨ ਦਾ ਪ੍ਰਸਤਾਵ।

## ਖੇਡਾਂ

ਖੇਲੋ ਇੰਡੀਆ ਪ੍ਰੋਗਰਾਮ ਦੇ ਮਾਧਿਅਮ ਨਾਲ ਚਲ ਰਹੀਆਂ ਖੇਡਾਂ ਨਾਲ ਜੁੜੀਆਂ ਪ੍ਰਤਿਭਾਵਾਂ ਦੇ ਵਿਕਾਸ ਦੇ ਯਤਨਾਂ ਨੂੰ ਅੱਗੇ ਵਧਾਉਂਦੇ ਹੋਏ ਅਗਲੇ ਦਹਾਕੇ ਵਿੱਚ ਖੇਡਾਂ ਦੇ ਖੇਤਰ ਵਿੱਚ ਬਦਲਾਅ ਲਿਆਉਣ ਦੇ ਲਈ ਖੇਲੋ ਇੰਡੀਆ ਮਿਸ਼ਨ ਸ਼ੁਰੂ ਕਰਨ ਦਾ ਪ੍ਰਸਤਾਵ।

### ਕਈ ਸੁਵਿਧਾਵਾਂ ਪ੍ਰਦਾਨ ਕਰੇਗਾ ਖੇਲੋ ਇੰਡੀਆ ਮਿਸ਼ਨ

- ਇੱਕ ਏਕੀਕ੍ਰਿਤ ਪ੍ਰਤਿਭਾ ਵਿਕਾਸ ਮਾਰਗ, ਜੋ ਬੁਨਿਆਦੀ, ਇੰਟਰਮੀਡੀਏਟ  ਅਤੇ ਐਲੀਟ ਪੱਧਰ 'ਤੇ ਟ੍ਰੇਨਿੰਗ ਸੈਂਟਰਾਂ ਦੁਆਰਾ ਸਮਰਥਿਤ ਹੋਵੇਗਾ।
- ਟ੍ਰੇਨਰਾਂ ਅਤੇ ਸਹਾਇਕ ਸਟਾਫ ਦਾ ਯੋਜਨਬੱਧ ਢੰਗ ਨਾਲ ਵਿਕਾਸ ਕੀਤਾ ਜਾਵੇਗਾ।
- ਖੇਡ ਵਿਗਿਆਨ ਅਤੇ ਟੈਕਨੋਲੋਜੀ ਦਾ ਏਕੀਕਰਣ।
- ਖੇਡਾਂ ਦੇ ਸੱਭਿਆਚਾਰ ਨੂੰ ਹੁਲਾਰਾ ਦੇਣ ਅਤੇ ਇਸ ਦੇ ਲਈ ਪਲੈਟਫਾਰਮ ਉਪਲਬਧ ਕਰਵਾਉਣ ਦੇ ਲਈ ਮੁਕਾਬਲੇ ਅਤੇ ਲੀਗ ਆਯੋਜਿਤ ਕਰਵਾਉਣਾ।
- ਟ੍ਰੇਨਿੰਗ ਅਤੇ ਮੁਕਾਬਲਿਆਂ ਲਈ ਖੇਡਾਂ ਨਾਲ ਸਬੰਧਿਤ ਬੁਨਿਆਦੀ ਇਨਫ੍ਰਾਸਟ੍ਰਕਚਰ ਦਾ ਵਿਕਾਸ ਕਰਨਾ।



## ਖੇਤੀਬਾੜੀ ਖੇਤਰ

# ਕਿਸਾਨਾਂ ਦਾ ਸੁਪਨਾ ਹੋਵੇਗਾ ਪੂਰਾ

ਭਾਰਤ ਦੇ ਖੇਤੀਬਾੜੀ, ਡੇਅਰੀ ਸੈਕਟਰ, ਫਿਸ਼ਰੀਜ਼ ਨੂੰ ਕੇਂਦਰ ਸਰਕਾਰ ਨੇ ਹਮੇਸ਼ਾ ਸਰਬਉੱਚ ਤਰਜੀਹ ਦਿੱਤੀ ਹੈ। ਇਸ ਸਾਲ ਦੇ ਬਜਟ ਵਿੱਚ ਵੀ, ਨਾਰੀਅਲ, ਕਾਜੂ, ਕੋਕੋ ਤੇ ਚੰਦਨ ਦੀ ਪੈਦਾਵਾਰ ਨਾਲ ਜੁੜੇ ਕਿਸਾਨਾਂ ਦੇ ਲਈ ਕਈ ਅਹਿਮ ਕਦਮ ਚੁੱਕੇ ਗਏ ਹਨ। ਫਿਸ਼ਰੀਜ਼ ਅਤੇ ਪਸ਼ੂ-ਪਾਲਣ ਵਿੱਚ ਉੱਦਮਤਾ ਨੂੰ ਹੁਲਾਰਾ ਦੇਣ ਨਾਲ ਪਿੰਡਾਂ ਵਿੱਚ ਹੀ ਬਣਨਗੇ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਹੋਰ ਜ਼ਿਆਦਾ ਮੌਕੇ...



**1,70,944 ਕਰੋੜ ਰੁਪਏ** ਸਬਸਿਡੀ ਦਾ ਪ੍ਰਾਵਧਾਨ ਸਸਤੀ ਖਾਦ ਅਤੇ ਖਾਦ ਉਪਲਬਧ ਕਰਵਾਉਣ ਲਈ ਹੈ, ਤਾਂ ਜੋ ਉਤਪਾਦਨ ਦੀ ਲਾਗਤ ਘੱਟ ਹੋਵੇ ਅਤੇ ਕਿਸਾਨ ਨੂੰ ਰਾਹਤ ਮਿਲੇ।

## ਉੱਚ ਮੁੱਲ ਖੇਤੀਬਾੜੀ

**ਸਰਕਾਰ ਦੇਵੇਗੀ ਉੱਚ ਮੁੱਲ ਵਾਲੀਆਂ ਫਸਲਾਂ ਦੀ ਖੇਤੀ ਨੂੰ ਸਮਰਥਨ...**

- ਤਟਵਰਤੀ ਇਲਾਕਿਆਂ ਵਿੱਚ ਨਾਰੀਅਲ, ਚੰਦਨ, ਕੋਕੋ, ਕਾਜੂ ਜਿਹੀਆਂ ਉੱਚ ਮੁੱਲ ਵਾਲੀਆਂ ਫਸਲਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।
- ਨਾਰੀਅਲ ਪ੍ਰਮੋਸ਼ਨ ਸਕੀਮ ਦਾ ਪ੍ਰਸਤਾਵ।
- ਉੱਤਰ-ਪੂਰਬ ਵਿੱਚ ਅਗਰਵੁੱਡ ਦੇ ਰੁੱਖਾਂ ਅਤੇ ਪਹਾੜੀ ਖੇਤਰਾਂ ਵਿੱਚ ਬਾਦਾਮ, ਅਖਰੋਟ ਅਤੇ ਖੁਰਮਾਨੀ ਵਰਗੇ ਗਿਰੀਦਾਰ ਫਲਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ।
- ਵਰ੍ਹੇ 2030 ਤੱਕ ਭਾਰਤੀ ਕਾਜੂ ਅਤੇ ਕੋਕੋ ਨੂੰ ਪ੍ਰੀਮੀਅਮ ਗਲੋਬਲ ਬ੍ਰਾਂਡ ਦੇ ਰੂਪ ਵਿੱਚ ਬਦਲਣ ਦੇ ਲਈ ਸਮਰਪਿਤ ਪ੍ਰੋਗਰਾਮ ਦਾ ਪ੍ਰਸਤਾਵ।

## ਕਿਸਾਨਾਂ ਦੀ ਆਮਦਨ ਵਧਾਉਣਾ

- **ਕਿਸਾਨਾਂ ਦੀ ਆਮਦਨ ਵਧਾਉਣ ਦੇ ਲਈ ਮੱਛੀ ਪਾਲਣ, ਪੰਜ ਸੌ ਜਲ ਭੰਡਾਰ ਅਤੇ ਅੰਮ੍ਰਿਤ ਸਰੋਵਰਾਂ ਦੇ ਏਕੀਕ੍ਰਿਤ ਵਿਕਾਸ, ਪਸ਼ੂ-ਪਾਲਣ, ਉੱਚ ਮੁੱਲ ਵਾਲੀ ਖੇਤੀਬਾੜੀ ਨੂੰ ਪ੍ਰੋਤਸਾਹਨ ਦਿੱਤਾ ਜਾਵੇਗਾ।**



## ਭਾਰਤ-ਵਿਸਤਾਰ

- ਕੇਂਦਰੀ ਬਜਟ ਵਿੱਚ ਭਾਰਤ-ਵਿਸਤਾਰ ਦਾ ਪ੍ਰਸਤਾਵ। ਇਹ ਬਹੁ-ਭਾਸ਼ੀ ਏਆਈ ਟੂਲ ਹੈ। ਇਸ ਨੂੰ ਏਆਈ ਪ੍ਰਣਾਲੀ ਸਮੇਤ ਖੇਤੀਬਾੜੀ ਸਬੰਧੀ ਪ੍ਰਣਾਲੀਆਂ ਦੇ ਲਈ ਆਈਸੀਏਆਰ ਪੈਕੇਜ ਸਮੇਤ ਐਗਰੀ ਸਟੈਕ ਪੋਰਟਲ ਦੇ ਰੂਪ ਵਿੱਚ ਏਕੀਕ੍ਰਿਤ ਕੀਤਾ ਗਿਆ ਹੈ।

## ਗ੍ਰਾਮੀਣ ਵਿਕਾਸ ਵਿਭਾਗ ਦੇ ਬਜਟ ਵਿੱਚ ਵਾਧਾ

- ਗ੍ਰਾਮੀਣ ਵਿਕਾਸ ਵਿਭਾਗ ਦੇ ਬਜਟ ਵਿੱਚ 21% ਦਾ ਵਾਧਾ। ਗ੍ਰਾਮੀਣ ਵਿਕਾਸ ਅਤੇ ਖੇਤੀਬਾੜੀ ਵਿਕਾਸ ਮਿਲਾ ਕੇ ਗ੍ਰਾਮੀਣ ਵਿਕਾਸ ਅਤੇ ਖੇਤੀਬਾੜੀ ਮੰਤਰਾਲੇ ਦਾ ਬਜਟ ਹੁਣ 4 ਲੱਖ 35 ਹਜ਼ਾਰ 779 ਕਰੋੜ ਰੁਪਏ ਤੋਂ ਵੱਧ ਦਾ ਹੋ ਗਿਆ ਹੈ।
- ਖੇਤੀਬਾੜੀ ਵਿਭਾਗ ਦਾ ਬਜਟ ਵਧਾ ਕੇ ਇਸ ਵਰ੍ਹੇ 1,32,561 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਖੇਤੀਬਾੜੀ ਸਿੱਖਿਆ ਅਤੇ ਖੋਜ ਦੇ ਲਈ 9,967 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ। ਇਸ ਨਾਲ ਖੋਜ ਅਤੇ ਨਵੀਨਤਾ ਨੂੰ ਬਲ ਮਿਲੇਗਾ।
- ਨੈਸ਼ਨਲ ਫਾਈਬਰ ਸਕੀਮ ਦੇ ਤਹਿਤ ਸਿਲਕ, ਵੂਲ ਅਤੇ ਜੂਟ ਜਿਹੇ ਫਾਈਬਰ 'ਤੇ ਫੋਕਸ ਕੀਤਾ ਗਿਆ ਹੈ। ਇਸ ਨਾਲ ਇਨ੍ਹਾਂ ਨਾਲ ਜੁੜੇ ਕਿਸਾਨਾਂ ਨੂੰ ਸਿੱਧਾ ਲਾਭ ਮਿਲੇਗਾ।

## ਸਹਿਕਾਰਤਾ ਖੇਤਰ ਦੇ ਲਈ ਕਈ ਪ੍ਰੋਤਸਾਹਨਾਂ ਦਾ ਪ੍ਰਸਤਾਵ

- ਪ੍ਰਾਇਮਰੀ ਸਹਿਕਾਰੀ ਸਭਾਵਾਂ ਦੁਆਰਾ ਉਤਪਾਦਿਤ ਕੈਟਲ ਫੀਡ ਅਤੇ ਕਪਾਹ ਦੇ ਬੀਜ ਦੀ ਸਪਲਾਈ ਦੇ ਲਈ ਕਟੌਤੀ ਦੀ ਇਜ਼ਾਜਤ।
- ਨਵੀਂ ਟੈਕਸ ਵਿਵਸਥਾ ਦੇ ਤਹਿਤ ਅੰਤਰ-ਸਹਿਕਾਰੀ ਸਭਾ ਲਾਭਅੰਸ਼ ਆਮਦਨ ਨੂੰ ਕਟੌਤੀ ਦੇ ਰੂਪ ਵਿੱਚ ਇਜ਼ਾਜਤ।



# ਦਿਵਯਾਂਗਜਨ

## ਮਾਣ, ਮੌਕੇ ਅਤੇ ਆਤਮ-ਨਿਰਭਰਤਾ

ਦਿਵਯਾਂਗਜਨ ਸਸ਼ਕਤੀਕਰਣ ਨੂੰ ਸਮਾਜਿਕ ਜ਼ਿੰਮੇਵਾਰੀ ਨੂੰ ਅੱਗੇ ਵਧਾ ਕੇ ਸਮਾਵੇਸ਼ੀ ਵਿਕਾਸ ਦੀ ਮੁੱਖਧਾਰਾ ਨਾਲ ਜੋੜਨ ਦੀ ਦਿਸ਼ਾ ਵਿੱਚ ਇਸ ਵਰ੍ਹੇ ਦਾ ਬਜਟ ਇੱਕ ਠੋਸ ਰੋਡਮੈਪ ਪੇਸ਼ ਕਰਦਾ ਹੈ। ਸਿੱਖਿਆ, ਕੌਸ਼ਲ ਵਿਕਾਸ, ਸਿਹਤ, ਸਹਾਇਕ ਉਪਕਰਣਾਂ ਦੀ ਉਪਲਬਧਤਾ ਅਤੇ ਰੁਜ਼ਗਾਰ ਦੇ ਮੌਕਿਆਂ ਦੇ ਵਿਸਤਾਰ ‘ਤੇ ਕੇਂਦ੍ਰਿਤ ਪ੍ਰਾਵਧਾਨਾਂ ਦੇ ਮਾਧਿਅਮ ਨਾਲ ਬਜਟ ਦਾ ਉਦੇਸ਼ ਦਿਵਯਾਂਗਜਨਾਂ ਨੂੰ ਆਤਮ-ਨਿਰਭਰ ਬਣਾਉਣਾ ਅਤੇ ਮਾਣਮੱਤੇ ਜੀਵਨ ਨਾਲ ਸਮਾਨ ਮੌਕੇ ਕਰਨਾ ਹੈ ਪ੍ਰਦਾਨ...

ਦਿਵਯਾਂਗਜਨ ਸਸ਼ਕਤੀਕਰਣ ਵਿਭਾਗ ਦਾ ਬਜਟ ਵਿੱਤ ਵਰ੍ਹੇ 2026-27 ਵਿੱਚ **1669.72** ਕਰੋੜ ਰੁਪਏ

## ਈਜ਼ ਆਫ਼ ਲਿਵਿੰਗ

### ਦਿਵਯਾਂਗਜਨ ਕੌਸ਼ਲ ਯੋਜਨਾ

ਹਰੇਕ ਦਿਵਯਾਂਗ ਸਮੂਹਾਂ ਦੇ ਲਈ ਉਦਯੋਗ-ਸੰਗਤ ਅਤੇ ਅਨੁਕੂਲ ਵਿਸ਼ੇਸ਼ ਟ੍ਰੇਨਿੰਗ ਦੇ ਮਾਧਿਅਮ ਨਾਲ ਸਨਮਾਨਜਨਕ ਆਜੀਵਿਕਾ ਦੇ ਮੌਕੇ ਨੂੰ ਯਕੀਨੀ ਬਣਾਇਆ ਜਾਵੇਗਾ। ਉਦੋਯਗ ਦੇ ਮਾਧਿਅਮ ਨਾਲ ਮਾਣਮੱਤੇ ਆਜੀਵਿਕਾ ਦੇ ਮੌਕੇ ਉਪਲਬਧ ਕਰਵਾਉਣਾ ਅਤੇ ਦਿਵਯਾਂਗ ਮਹਿਲਾਵਾਂ ਲਈ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਤਿਆਰ ਕੀਤਾ ਜਾਵੇਗਾ। ਯੋਜਨਾ ਦੇ ਤਹਿਤ ਆਈਟੀ, ਏਵੀਜੀਸੀ ਅਤੇ ਹੋਸਪਟੈਲਿਟੀ ਖੇਤਰਾਂ ਵਿੱਚ ਦਿਵਯਾਂਗਜਨਾਂ ਨੂੰ ਅਨੁਕੂਲਿਤ ਟ੍ਰੇਨਿੰਗ ਦਿੱਤੀ ਜਾਵੇਗੀ।

### ਹਥਿਆਰਬੰਦ ਬਲਾਂ ਦੇ ਲਈ ਦਿਵਯਾਂਗਤਾ ਪੈਨਸ਼ਨ

ਅਰਧ ਸੈਨਿਕ ਕਰਮਚਾਰੀਆਂ ਸਮੇਤ ਹਥਿਆਰਬੰਦ ਬਲਾਂ ਦੇ ਕਰਮਚਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਦਿਵਯਾਂਗਤਾ ਪੈਨਸ਼ਨਾਂ, ਸੇਵਾ ਸ਼ਰਤਾਂ ਅਤੇ ਦਿਵਯਾਂਗਤਾ ਸ਼ਰਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜਿੱਥੇ ਕਰਮਚਾਰੀ, ਸੈਨਾ, ਜਲ ਸੈਨਾ ਜਾਂ ਹਵਾਈ ਸੈਨਾ ਦੇ ਕਾਰਨ ਜਾਂ ਉਸ ਦੇ ਪ੍ਰਕੋਪ ਕਾਰਨ ਸਰੀਰਕ ਅਪੰਗਤਾ ਹੋਈ ਹੋਵੇ ਅਤੇ ਸੇਵਾ ਤੋਂ ਬਾਹਰ ਹੋ ਗਿਆ ਹੋਵੇ, ਉਨ੍ਹਾਂ ਲਈ ਵਿਸ਼ੇਸ਼ ਛੋਟ ਦੀ ਵਿਵਸਥਾ ਕੀਤੀ ਗਈ ਹੈ।

### ਬਜ਼ੁਰਗਾਂ ਦੀ ਚਿਕਿਤਸਾ

ਨਿਜੀ ਖੇਤਰ ਦੀ ਭਾਗੀਦਾਰੀ ਦੇ ਨਾਲ ਬਜ਼ੁਰਗਾਂ ਦੇ ਲਈ ਹੈਲਥ ਕੇਅਰ ਈਕੋਸਿਸਟਮ ਅਤੇ ਸਬੰਧਿਤ ਹੈਲਥ ਕੇਅਰ ਸੈਂਟਰਾਂ ਦਾ ਨਿਰਮਾਣ ਕੀਤਾ ਜਾਵੇਗਾ। ਡੇਢ ਲੱਖ ਹੈਲਥ ਕੇਅਰ ਪ੍ਰੋਵਾਈਡਰਾਂ ਨੂੰ ਅਗਲੇ ਕੁਝ ਵਰ੍ਹਿਆਂ ਵਿੱਚ ਟ੍ਰੇਂਡ ਕੀਤਾ ਜਾਵੇਗਾ।

### ਦਿਵਯਾਂਗ ਸਹਾਰਾ ਯੋਜਨਾ

**ਸਾਰੇ ਯੋਗ ਦਿਵਯਾਂਗਜਨਾਂ ਤੱਕ ਉੱਚ-ਗੁਣਵੱਤਾ ਵਾਲੇ ਸਹਾਇਕ ਉਪਕਰਣ ਸਮੇਂ ‘ਤੇ ਪਹੁੰਚੇ।**

- ਖੋਜ ਅਤੇ ਵਿਕਾਸ ਅਤੇ ਏਆਈ ਏਕੀਕਰਣ ਵਿੱਚ ਨਿਵੇਸ਼ ਦੇ ਲਈ ਆਰਟੀਫਿਸ਼ੀਅਲ ਲਿੰਬਸ ਮੈਨੂਫੈਕਚਰਿੰਗ ਕਾਰਪੋਰੇਸ਼ਨ ਆਫ਼ ਇੰਡੀਆ (ਏਐੱਲਆਈਐੱਮਸੀਓ) ਨੂੰ ਸਹਾਇਤਾ ਉਪਲਬਧ ਕਰਵਾਈ ਜਾਵੇਗੀ।
- ਪੀਐੱਮ ਦਿਵਯਾਂਸ਼ ਕੇਂਦਰਾਂ ਨੂੰ ਮਜ਼ਬੂਤ ਕਰਨ ਅਤੇ ਆਧੁਨਿਕ ਰਿਟੇਲ-ਸਟਾਈਲ ਕੇਂਦਰਾਂ ਦੇ ਰੂਪ ਵਿੱਚ ਸਹਾਇਕ ਟੈਕਨੋਲੋਜੀ ਮਾਰਟ ਦੀ ਸਥਾਪਨਾ ਦਾ ਪ੍ਰਸਤਾਵ ਕੀਤਾ ਗਿਆ ਹੈ। ਇਹ ਦਿਵਯਾਂਗਜਨ ਅਤੇ ਸੀਨੀਅਰ ਨਾਗਰਿਕ ਸਹਾਇਕ ਉਤਪਾਦਾਂ ਨੂੰ ਦੇਖ, ਪਰਖ ਅਤੇ ਖਰੀਦ ਸਕਣਗੇ।
- ਦਿਵਯਾਂਗ ਸਹਾਰਾ ਯੋਜਨਾ ਦੇ ਤਹਿਤ ਸਰਕਾਰ ਆਰਟੀਫਿਸ਼ੀਅਲ ਲਿੰਬਸ ਮੈਨੂਫੈਕਚਰਿੰਗ ਕਾਰਪੋਰੇਸ਼ਨ ਆਫ਼ ਇੰਡੀਆ (ALIM-CO) ਨੂੰ ਸਹਾਇਕ ਉਪਕਰਣਾਂ ਦੇ ਉਤਪਾਦਨ ਨੂੰ ਵਧਾਉਣ, ਖੋਜ ਅਤੇ ਵਿਕਾਸ ਵਿੱਚ ਨਿਵੇਸ਼ ਕਰਨ ਅਤੇ ਉਤਪਾਦ ਡਿਜ਼ਾਈਨ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਸਮੇਤ ਉੱਨਤ ਟੈਕਨੋਲੋਜੀਆਂ ਨੂੰ ਏਕੀਕ੍ਰਿਤ ਕਰਨ ਦੇ ਲਈ ਸਹਾਇਤਾ ਪ੍ਰਦਾਨ ਕਰੇਗੀ।

ਕਵਰ ਸਟੋਰੀ

ਆਮ ਬਜਟ 2026-2027

## ਭਵਿੱਖ ਦਾ ਭਾਰਤ

# ਇਨਫ੍ਰਾ ਦੇ ਦਮ 'ਤੇ ਦੌੜੇਗੀ ਗ੍ਰੋਥ ਦੀ ਗੱਡੀ



ਕਿਸੇ ਵੀ ਦੇਸ਼ ਜਾਂ ਰਾਜ ਦੇ ਵਿਕਾਸ ਦਾ ਸਭ ਤੋਂ ਵੱਡਾ ਪੈਮਾਨਾ ਉਸ ਦਾ ਪੂੰਜੀਗਤ ਬਜਟ ਮੰਨਿਆ ਜਾਂਦਾ ਹੈ। ਸਰਕਾਰੀ ਕੈਪੈਕਸ ਜਿੰਨਾ ਜ਼ਿਆਦਾ ਹੋਵੇਗਾ, ਵਿਕਾਸ ਅਤੇ ਇਨਫ੍ਰਾਸਟ੍ਰਕਚਰ 'ਤੇ ਓਨਾ ਵੱਧ ਕੰਮ ਹੋਵੇਗਾ। ਬੀਤੇ 11 ਵਰ੍ਹਿਆਂ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਪਬਲਿਕ ਇਨਫ੍ਰਾਸਟ੍ਰਕਚਰ ਲਈ ਨਾ ਸਿਰਫ਼ ਪੂੰਜੀਗਤ ਖਰਚ 2 ਲੱਖ ਕਰੋੜ ਰੁਪਏ ਤੋਂ ਵਧਾ ਕੇ 12.2 ਲੱਖ ਕਰੋੜ ਰੁਪਏ ਕੀਤਾ ਗਿਆ ਸਗੋਂ ਵੱਡੇ ਪੈਮਾਨੇ 'ਤੇ ਕੀਤਾ ਗਿਆ ਹੈ ਇਨਫ੍ਰਾਸਟ੍ਰਕਚਰ ਦਾ ਵਿਕਾਸ...

**6 ਗੁਣਾ ਹੋਇਆ ਇਨਫ੍ਰਾ ਬਜਟ**

- **12.2** ਲੱਖ ਕਰੋੜ ਰੁਪਏ 2026-27
- **11.2** ਲੱਖ ਕਰੋੜ ਰੁਪਏ 2025-26
- **2** ਲੱਖ ਕਰੋੜ ਰੁਪਏ 2014-15

## ਸੱਤ ਹਾਈ ਸਪੀਡ ਰੇਲ ਕੌਰੀਡੋਰ ਹੋਣਗੇ ਵਿਕਸਿਤ, ਅਤੇ ਨੇੜੇ ਆਉਣਗੇ ਸ਼ਹਿਰ

**ਕੇਂਦਰ ਬਜਟ 2026-27 ਵਿੱਚ**

ਭਾਰਤੀ ਰੇਲਵੇ ਨੂੰ ਹੁਣ ਤੱਕ ਦਾ ਸਭ ਤੋਂ ਵੱਧ **2,93,030** ਕਰੋੜ ਰੁਪਏ ਦੇ ਰਿਕਾਰਡ ਪੂੰਜੀਗਤ ਖਰਚੇ (ਕੈਪੈਕਸ) ਦਾ ਅਲਾਟਮੈਂਟ।

- ਰੇਲਵੇ ਆਪਣਾ ਖਰਚਾ ਹਾਈ- ਸਪੀਡ ਕਨੈਕਟੀਵਿਟੀ, ਮਾਲ ਢੋਆ-ਢੁਆਈ ਅਤੇ ਸੁਰੱਖਿਆ 'ਤੇ ਕਰਨ ਵਿੱਚ ਧਿਆਨ ਕੇਂਦ੍ਰਿਤ ਕਰ ਰਿਹਾ ਹੈ।
- ਚੇੱਨਈ, ਬੰਗਲੁਰੂ, ਹੈਦਰਾਬਾਦ ਇਹ ਸਾਊਥ ਹਾਈ ਸਪੀਡ ਡਾਇਮੰਡ ਬਣੇਗਾ। 5 ਦੱਖਣੀ ਭਾਰਤ ਰਾਜ- ਕਰਨਾਟਕ, ਤੇਲੰਗਾਨਾ, ਆਂਧਰ, ਤਮਿਲ ਨਾਡੂ, ਕੇਰਲ ਅਤੇ ਪੁਡੂਚੇਰੀ ਦੇ ਲਈ ਇੱਕ ਵੱਡਾ ਵਰਦਾਨ ਸਾਬਤ ਹੋਵੇਗਾ।



- ਦੱਖਣੀ ਹਾਈ-ਸਪੀਡ ਕੌਰੀਡੋਰ ਤੋਂ ਕਰਨਾਟਕ, ਤੇਲੰਗਾਨਾ, ਆਂਧਰ ਪ੍ਰਦੇਸ਼, ਤਮਿਲ ਨਾਡੂ, ਕੇਰਲ ਅਤੇ ਪੁਡੂਚੇਰੀ ਨੂੰ ਲਾਭ।

ਲਗਭਗ **4,000** ਕਿਲੋਮੀਟਰ ਵਿੱਚ ਫੈਲੇ ਹਾਈ-ਸਪੀਡ ਰੇਲ ਕੌਰੀਡੋਰ ਤੋਂ ਲਗਭਗ 16 ਲੱਖ ਕਰੋੜ ਰੁਪਏ ਦੇ ਨਿਵੇਸ਼ ਦੀ ਉਮੀਦ।

- ਪ੍ਰਸਤਾਵਿਤ ਕੌਰੀਡੋਰ ਨਾਲ ਸ਼ਹਿਰਾਂ ਵਿੱਚ ਯਾਤਰਾ ਦੇ ਸਮੇਂ ਵਿੱਚ ਕਮੀ ਆਵੇਗੀ। ਯਾਤਰੀਆਂ ਲਈ ਬਿਨਾ ਕਿਸੇ ਰੁਕਾਵਟ ਦੇ ਮਲਟੀਮਾਡਲ ਆਵਾਜਾਈ ਅਸਾਨ ਹੋਵੇਗੀ।

- **ਮੁੰਬਈ- ਪੁਣੇ**
- **ਪੁਣੇ- ਹੈਦਰਾਬਾਦ**
- **ਹੈਦਰਾਬਾਦ- ਬੰਗਲੁਰੂ**
- **ਹੈਦਰਾਬਾਦ- ਚੇੱਨਈ**
- **ਚੇੱਨਈ- ਬੰਗਲੁਰੂ**
- **ਦਿੱਲੀ- ਵਾਰਾਣਸੀ**
- **ਵਾਰਾਣਸੀ- ਸਿਲੀਗੁੜੀ**

**ਵਿਕਸਿਤ ਹੋਣਗੇ**

## ਵਾਤਾਵਰਣ- ਅਨੁਕੂਲ ਕਾਰਗੋ ਟ੍ਰਾਂਸਪੋਰਟੇਸ਼ਨ

ਪੂਰਬ ਡਾਨਕੂਨੀ ਤੋਂ ਪੱਛਮ ਵਿੱਚ ਸੂਰਤ ਤੱਕ ਨਵਾਂ ਸਮਰਪਿਤ ਮਾਲ ਢੋਆ-ਢੁਆਈ ਕੌਰੀਡੋਰ (2052 ਕਿਲੋਮੀਟਰ ਲੰਬਾ) ਬਣੇਗਾ।

ਤਾਲਚਰ ਅਤੇ ਆਂਗੁਲ ਜਿਹੇ ਖਣਿਜ ਸਮ੍ਰਿੱਧ ਖੇਤਰਾਂ ਅਤੇ ਕਲਿੰਗਾ ਨਗਰ ਜਿਹੇ ਉਦਯੋਗਿਕ ਕੇਂਦਰਾਂ ਨੂੰ ਪਾਰਾਦੀਪ ਅਤੇ ਧਮਰਾ ਪੋਰਟਸ ਨਾਲ ਜੋੜਨ ਲਈ ਓਡੀਸ਼ਾ ਵਿੱਚ ਐੱਨਡਬਲਿਊ-5 ਤੋਂ ਸ਼ੁਰੂ ਕਰਦੇ ਹੋਏ, ਅਗਲੇ 5 ਵਰ੍ਹਿਆਂ ਵਿੱਚ 20 ਨਵੇਂ ਰਾਸ਼ਟਰੀ ਜਲ ਮਾਰਗ (ਐੱਨਡਬਲਿਊ) ਸ਼ੁਰੂ ਕੀਤੇ ਜਾਣਗੇ।

ਜਲ ਮਾਰਗਾਂ ਨੂੰ ਲੈ ਕੇ ਜਨਤਕ ਸ਼ਕਤੀ ਤਿਆਰ ਕਰਨ ਦੇ ਉਦੇਸ਼ ਨਾਲ ਖੇਤਰੀ ਉੱਤਮਤਾ ਕੇਂਦਰਾਂ ਦੇ ਰੂਪ ਵਿੱਚ ਟ੍ਰੇਨਿੰਗ ਇੰਸਟੀਟਿਊਟ ਸਥਾਪਿਤ ਕੀਤੇ ਜਾਣਗੇ ਜਿਸ ਦਾ ਲਾਭ ਨੌਜਵਾਨਾਂ ਨੂੰ ਹੋਵੇਗਾ। ਇਨਲੈਂਡ ਵਾਟਰਵੇਅਜ਼ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬਨਾਰਸ-ਪਟਨਾ ਵਿੱਚ ਜਹਾਜ਼ ਮੁਰੰਮਤ ਸੁਵਿਧਾਵਾਂ ਸਥਾਪਿਤ ਕੀਤੀਆਂ ਜਾਣਗੀਆਂ।

2047 ਤੱਕ ਜਲਮਾਰਗਾਂ ਅਤੇ ਤਟਵਰਤੀ ਆਵਾਜਾਈ ਦੀ ਹਿੱਸੇਦਾਰੀ 6% ਤੋਂ ਵਧਾ ਕੇ 12% ਕੀਤੀ ਜਾਵੇਗੀ, ਇਸ ਦੇ ਲਈ ਤਟਵਰਤੀ ਕਾਰਗੋ ਪ੍ਰੋਤਸਾਹਨ ਯੋਜਨਾ ਸ਼ੁਰੂ ਕੀਤੀ ਜਾਵੇਗੀ।

ਅੰਤਿਮ ਸਿਰੇ ਅਤੇ ਦੂਰ- ਦੁਰਾਡੇ ਦੇ ਖੇਤਰਾਂ ਨੂੰ ਜੋੜਨ ਅਤੇ ਟੂਰਿਜ਼ਮ ਨੂੰ ਹੁਲਾਰਾ ਦੇਣ ਲਈ ਸਮੁੰਦਰੀ ਜਹਾਜ਼ਾਂ ਦੇ ਸਵਦੇਸ਼ੀ ਨਿਰਮਾਣ ਨੂੰ ਹੁਲਾਰਾ ਦਿੱਤਾ ਜਾਵੇਗਾ। ਸੰਚਾਲਨ ਵਿੱਚ ਮਦਦ ਦੇ ਲਈ ਸਮੁੰਦਰੀ ਜਹਾਜ਼ ਵੀਜੀਐੱਫ ਯੋਜਨਾ ਸ਼ੁਰੂ ਹੋਵੇਗੀ।

### ਕਾਰਬਨ ਕੈਪਚਰ ਉਪਯੋਗਤਾ ਅਤੇ ਸਟੋਰੇਜ (ਸੀਸੀਯੂਐੱਸ)

ਦਸੰਬਰ, 2025 ਵਿੱਚ ਸ਼ੁਰੂ ਕੀਤੇ ਗਏ ਰੋਡਮੈਪ ਦੇ ਅਨੁਸਾਰ, ਵੱਡੇ ਪੈਮਾਨੇ ‘ਤੇ ਸੀਸੀਯੂਐੱਸ ਟੈਕਨੋਲੋਜੀਆਂ ਬਿਜਲੀ, ਸਟੀਲ, ਸੀਮੇਂਟ ਅਤੇ ਰਸਾਇਣਾਂ ਸਮੇਤ ਪੰਜ ਉਦਯੋਗਿਕ ਖੇਤਰਾਂ ਦੇ ਲਈ ਅਗਲੇ ਪੰਜ ਵਰ੍ਹਿਆਂ ਵਿੱਚ

**20,000** ਕਰੋੜ ਰੁਪਏ ਦੇ ਖਰਚੇ ਦਾ ਪ੍ਰਸਤਾਵ।



## ਇਨਫ੍ਰਾਸਟ੍ਰਕਚਰ ਗਰੰਟੀ ਫੰਡ ਹੋਵੇਗਾ ਸਥਾਪਿਤ

- ਸੀਪੀਐੱਸਈਐੱਸ ਦੀ ਮਹੱਤਵਪੂਰਨ ਰੀਅਲ ਅਸਟੇਟ ਸੰਪਤੀਆਂ ਦੀ ਰੀਸਾਈਕਲਿੰਗ ਨੂੰ ਤੇਜ਼ ਕਰਨ ਦੇ ਲਈ ਸਮਰਪਿਤ ਆਰਈ-ਆਈਟੀਐੱਸ ਦੀ ਸਥਾਪਨਾ ਕੀਤੀ ਜਾਵੇਗੀ।
- ਸਰਕਾਰ ਦਾ 5 ਲੱਖ ਤੋਂ ਵੱਧ ਆਬਾਦੀ ਵਾਲੇ (ਟੀਅਰ-II ਅਤੇ ਟੀਅਰ-III) ਸ਼ਹਿਰਾਂ ਵਿੱਚ ਇਨਫ੍ਰਾਸਟ੍ਰਕਚਰ ਦੇ ਵਿਕਾਸ ‘ਤੇ ਫੋਕਸ ਜਾਰੀ ਹੈ।
- ਇਨਫ੍ਰਾਸਟ੍ਰਕਚਰ ਵਿਕਾਸ ਅਤੇ ਨਿਰਮਾਣ ਵਿੱਚ ਨਿਜੀ ਡਿਵੈਲਪਰਸ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਅਤੇ ਕਰਜ਼ਦਾਤਾਵਾਂ ਨੂੰ ਅੰਸ਼ਿਕ ਕ੍ਰੈਡਿਟ ਗਰੰਟੀ ਉਪਲਬਧ ਕਰਵਾਉਣ ਦੇ ਲਈ ਇੱਕ ਇਨਫ੍ਰਾਸਟ੍ਰਕਚਰ ਜੋਖਮ ਗਰੰਟੀ ਫੰਡ ਸਥਾਪਿਤ ਕੀਤਾ ਜਾਵੇਗਾ।
- ਸੀਪੀਐੱਸਈ ਦੁਆਰਾ ਡਿਜੀਟਲ ਤੌਰ ‘ਤੇ ਸਮਰਥਿਤ ਆਟੋਮੇਟਿਡ ਸਰਵਿਸ ਬਿਊਰੋ ਦੇ ਰੂਪ ਵਿੱਚ 2 ਸਥਾਨਾਂ ‘ਤੇ ਹਾਈ-ਟੈੱਕ-ਟੂਲ ਰੂਮ ਸਥਾਪਿਤ ਕੀਤੇ ਜਾਣਗੇ।
- ਉੱਚ-ਮੁੱਲ ਅਤੇ ਤਕਨੀਕੀ ਤੌਰ ‘ਤੇ ਉੱਨਤ ਨਿਰਮਾਣ ਅਤੇ ਬੁਨਿਆਦੀ ਢਾਂਚਾ ਉਪਕਰਣ (ਸੀਆਈਈ) ਦੇ ਘਰੇਲੂ ਉਤਪਾਦਨ ਨੂੰ ਮਜ਼ਬੂਤ ਕਰਨ ਦੇ ਲਈ ਇੱਕ ਯੋਜਨਾ ਸ਼ੁਰੂ ਕੀਤੀ ਜਾਵੇਗੀ।
- 5 ਵਰ੍ਹਿਆਂ ਦੀ ਮਿਆਦ ਦੇ ਲਈ **10,000** ਕਰੋੜ ਰੁਪਏ ਦੀ ਬਜਟ ਵੰਡ ਦੇ ਨਾਲ ਵਿਸ਼ਵਵਿਆਪੀ ਪ੍ਰਤੀਯੋਗੀ ਕੰਟੇਨਰ ਮੈਨੂਫੈਕਚਰਿੰਗ ਈਕੋਸਿਸਟਮ ਤਿਆਰ ਕਰਨ ਦੇ ਇੱਕ ਕੰਟੇਨਰ ਮੈਨੂਫੈਕਚਰਿੰਗ ਯੋਜਨਾ ਦਾ ਵੀ ਪ੍ਰਸਤਾਵ।



## ਸ਼ਹਿਰੀ ਆਰਥਿਕ ਖੇਤਰ

ਸ਼ਹਿਰ ਭਾਰਤ ਦੇ ਵਿਕਾਸ, ਨਵੀਨਤਾ ਅਤੇ ਅਵਸਰਾਂ ਦੇ ਇੰਜਣ ਹਨ। ਅਸੀਂ ਹੁਣ ਟੀਅਰ II ਅਤੇ ਟੀਅਰ-III ਸ਼ਹਿਰਾਂ ਅਤੇ ਤੀਰਥ ਸਥਾਨਾਂ ‘ਤੇ ਵੀ ਧਿਆਨ ਕੇਂਦ੍ਰਿਤ ਕਰਾਂਗੇ, ਜਿਨ੍ਹਾਂ ਨੂੰ ਆਧੁਨਿਕ ਇਨਫ੍ਰਾਸਟ੍ਰਕਚਰ ਅਤੇ ਬੁਨਿਆਦੀ ਸੁਵਿਧਾਵਾਂ ਦੀ ਜ਼ਰੂਰਤ ਹੈ। ਆਰਥਿਕ ਸ਼ਕਤੀ ਦੀ ਵਰਤੋਂ ਕਰਨ ਤੇ ਸ਼ਹਿਰਾਂ ਦੀ ਸਮਰੱਥਾ ਨੂੰ ਹੋਰ ਵੱਧ ਵਧਾਉਣ ਦੇ ਲਈ ਚੁਣੌਤੀ ਮੋਡ ਦੇ ਮਾਧਿਅਮ ਨਾਲ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਦੇ ਲਈ 5 ਵਰ੍ਹਿਆਂ ਵਿੱਚ ਪ੍ਰਤੀ ਸ਼ਹਿਰੀ ਆਰਥਿਕ ਖੇਤਰ ਲਈ

**5,000**

**ਕਰੋੜ ਰੁਪਏ ਐਲੋਕੇਸ਼ਨ ਪ੍ਰਸਤਾਵਿਤ।**



ਕਵਰ ਸਟੋਰੀ

ਆਮ ਬਜਟ 2026-2027

## ਵਿਕਾਸ ਦੇ ਇੰਜਣ

# ਉਭਰਦੀਆਂ ਟੈਕਨੋਲੋਜੀਆਂ ਅਤੇ ਡਿਜੀਟਲਾਈਜ਼ੇਸ਼ਨ



21ਵੀਂ ਸਦੀ ਟੈਕਨੋਲੋਜੀ ਤੋਂ ਪ੍ਰੇਰਿਤ ਹੈ। ਇਸ ਨੂੰ ਅਪਣਾਉਣਾ ਸਾਰੇ ਲੋਕਾਂ ਦੇ ਹਿਤ ਵਿੱਚ ਹੈ। ਸਰਕਾਰ ਨੇ ਏਆਈ ਮਿਸ਼ਨ, ਨੈਸ਼ਨਲ ਕੁਆਂਟਮ ਮਿਸ਼ਨ, ਅਨੁਸੰਧਾਨ ਨੈਸ਼ਨਲ ਰਿਸਰਚ ਫੰਡ, ਅਤੇ ਖੋਜ, ਵਿਕਾਸ ਅਤੇ ਨਵੀਨਤਾ ਫੰਡ ਨਾਲ ਨਵੀਆਂ ਟੈਕਨੋਲੋਜੀਆਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਕਈ ਕਦਮ ਚੁੱਕੇ ਹਨ। ਇਸੇ ਕੜੀ ਵਿੱਚ 2026-27 ਦੇ ਬਜਟ ਵਿੱਚ ਕੀਤੇ ਗਏ ਹਨ ਕਈ ਪ੍ਰਾਵਧਾਨ...

**40,000 ਕਰੋੜ ਰੁਪਏ** | ਕੀਤਾ ਗਿਆ ਇਲੈਕਟ੍ਰੌਨਿਕ ਕੰਪੋਨੈਂਟਸ ਮੈਨੂਫੈਕਚਰਿੰਗ ਸਕੀਮ ਦਾ ਬਜਟ।

**15.5%** | ਇੱਕ ਸਮਾਨ ਸੇਫ ਹਾਰਬਰ ਮਾਰਜ਼ਿਨ ਲਾਗੂ ਹੋਵੇਗਾ, ਸੂਚਨਾ ਟੈਕਨੋਲੋਜੀ ਦੀਆਂ ਸਾਰੀਆਂ ਸੇਵਾਵਾਂ ਦੀ ਸਿੰਗਲ ਸ਼੍ਰੇਣੀ ਹੋਵੇਗੀ।

- ਭਾਰਤ ਸੌਫਟਵੇਅਰ ਡਿਵੈਲਪਮੈਂਟ, ਆਈਟੀ ਸਮਰਪਿਤ ਸੇਵਾਵਾਂ, ਗਿਆਨ ਪ੍ਰਕਿਰਿਆ ਆਊਟਸੋਰਸਿੰਗ ਸੇਵਾਵਾਂ ਅਤੇ ਸੌਫਟਵੇਅਰ ਵਿਕਾਸ ਨਾਲ ਸਬੰਧਿਤ ਖੋਜ ਅਤੇ ਵਿਕਾਸ ਸੇਵਾਵਾਂ ਦੇ ਖੇਤਰ ਵਿੱਚ ਲੀਡਰ ਹੈ। ਹੁਣ ਇਨ੍ਹਾਂ ਸਾਰੀਆਂ ਸੇਵਾਵਾਂ ਨੂੰ ਸੂਚਨਾ ਟੈਕਨੋਲੋਜੀ ਸੇਵਾਵਾਂ ਦੀ ਸਿੰਗਲ ਸ਼੍ਰੇਣੀ ਵਿੱਚ ਲਿਆ ਕੇ 15.5% ਇੱਕ ਸਮਾਨ ਸੇਫ ਹਾਰਬਰ ਮਾਰਜ਼ਿਨ ਲਾਗੂ ਹੋਵੇਗਾ।
- ਆਈਟੀ ਸੇਵਾਵਾਂ ਦੇ ਲਈ ਸੇਫ ਹਾਰਬਰ ਪ੍ਰਾਪਤ ਕਰਨ ਦੀ ਸੀਮਾ ਨੂੰ 300 ਕਰੋੜ ਰੁਪਏ ਤੋਂ ਵਧਾ ਕੇ 2,000 ਕਰੋੜ ਰੁਪਏ ਕੀਤਾ ਜਾ ਰਿਹਾ ਹੈ।
- ਆਈਟੀ ਸੇਵਾਵਾਂ ਦੇ ਲਈ ਸੇਫ ਹਾਰਬਰ ਦੀ ਪ੍ਰਵਾਨਗੀ ਹੁਣ ਸਵੈਚਾਲਿਤ ਨਿਯਮ ਨਾਲ ਹੋਵੇਗੀ। ਅਰਜ਼ੀਆਂ ਦੀ ਜਾਂਚ ਕਰਨ ਅਤੇ ਸਵੀਕਾਰ ਕਰਨ ਦੇ ਲਈ ਕਿਸੇ ਟੈਕਸ ਅਧਿਕਾਰੀ ਦੀ ਜ਼ਰੂਰਤ ਨਹੀਂ ਹੋਵੇਗੀ।
- ਇੱਕ ਵਾਰ ਕਿਸੇ ਆਈਟੀ ਸੇਵਾ ਕੰਪਨੀ ਦੁਆਰਾ ਇਸ ਦੇ ਲਈ ਅਪਲਾਈ ਕਰਨ 'ਤੇ ਕੰਪਨੀ ਦੀ ਇੱਛਾ ਅਨੁਸਾਰ ਇਸੇ ਸੇਫ ਹਾਰਬਰ ਨੂੰ 5 ਵਰ੍ਹਿਆਂ ਦੀ ਮਿਆਦ ਦੇ ਲਈ ਜਾਰੀ ਰੱਖਿਆ ਜਾ ਸਕਦਾ ਹੈ।
- ਐਡਵਾਂਸ ਪ੍ਰਾਈਸਿੰਗ ਐਗਰੀਮੈਂਟ (ਏਪੀਏ) ਕਰਨ ਦੀਆਂ ਇੱਛੁਕ ਆਈਟੀ ਸੇਵਾ ਕੰਪਨੀਆਂ ਦੇ ਇੱਕਪਾਸੜ ਏਪੀਏ ਪ੍ਰਕਿਰਿਆ ਨੂੰ ਤੇਜ਼ ਕਰਨ ਦਾ ਪ੍ਰਸਤਾਵ, ਜਿਸ ਨੂੰ 2 ਵਰ੍ਹਿਆਂ ਦੀ ਮਿਆਦ ਦੇ ਅੰਦਰ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ।

> ਸੈਮੀਕੰਡਕਟਰ ਮਿਸ਼ਨ ਵਿੱਚ ਦੋ ਵੱਡੇ ਐਲਾਨ ਕੀਤੇ ਗਏ ਹਨ ਜੋ ਇੰਡੀਆ ਸਟੈਕ ਅਤੇ ਆਈਪੀ ਨਾਲ ਜੁੜੇ ਮਾਮਲਿਆਂ ਨੂੰ ਬਿਹਤਰ ਬਣਾਉਣਗੇ। 40,000 ਕਰੋੜ ਰੁਪਏ ਦੀ ਇਲੈਕਟ੍ਰੌਨਿਕ ਕੰਪੋਨੈਂਟਸ ਮੈਨੂਫੈਕਚਰਿੰਗ ਸਕੀਮ ਇਲੈਕਟ੍ਰੌਨਿਕਸ ਨੂੰ ਆਤਮ-ਨਿਰਭਰ ਬਣਾਉਣ ਦੇ ਲਈ ਇੱਕ ਵੱਡਾ ਪ੍ਰੋਤਸਾਹਨ ਹੈ।
>
> **- ਨਿਰਮਲਾ ਸੀਤਾਰਮਣ, ਕੇਂਦਰੀ ਵਿੱਤ ਮੰਤਰੀ**



## ਵਿਸ਼ਵਵਿਆਪੀ ਵਪਾਰ ਅਤੇ ਨਿਵੇਸ਼ ਨੂੰ ਆਕਰਸ਼ਿਤ ਕਰਨਾ

- ਡੇਟਾ ਸੈਂਟਰਾਂ ਦੇ ਇਨਫ੍ਰਾਸਟ੍ਰਕਚਰ ਨਿਵੇਸ਼ ਨੂੰ ਵਧਾਉਣ ਦੀ ਦ੍ਰਿਸ਼ਟੀ ਨਾਲ ਅਜਿਹੀ ਵਿਦੇਸ਼ੀ ਕੰਪਨੀਆਂ ਜੋ ਡੇਟਾ ਸੈਂਟਰ ਸਰਵਿਸਸ ਦੀ ਵਰਤੋਂ ਕਰਕੇ ਵਿਸ਼ਵਵਿਆਪੀ ਤੌਰ 'ਤੇ ਕਲਾਉਡ ਸੇਵਾਵਾਂ ਪ੍ਰਦਾਨ ਕਰਦੀਆਂ ਹਨ, ਉਨ੍ਹਾਂ ਨੂੰ ਵਰ੍ਹੇ 2047 ਤੱਕ ਟੈਕਸ ਰਿਆਇਤ (ਟੈਕਸ ਹੋਲੀਡੇਅ) ਦਿੱਤੀ ਜਾਵੇਗੀ।
- ਜੇਕਰ ਡੇਟਾ ਸੈਂਟਰ ਸੇਵਾਵਾਂ ਪ੍ਰਦਾਨ ਕਰਨ ਵਾਲੀ ਕੰਪਨੀ ਇੱਕ ਸਬੰਧਿਤ ਕੰਪਨੀ ਹੈ ਤਾਂ, ਉਸ ਨੂੰ ਲਾਗਤ 'ਤੇ 15% ਦਾ ਸੇਫ ਹਾਰਬਰ ਦਿੱਤਾ ਜਾਵੇਗਾ।
- ਇਲੈਕਟ੍ਰੌਨਿਕ ਮੈਨੂਫੈਕਚਰਿੰਗ ਖਾਤਰ ਜਸਟ-ਇਨ-ਟਾਈਮ ਕਾਰਜ ਕੁਸ਼ਲਤਾ ਦੀ ਵਰਤੋਂ ਕਰਨ ਦੇ ਲਈ, ਮੁੱਲ ਦੇ 2 ਪ੍ਰਤੀਸ਼ਤ ਦੇ ਮੁਨਾਫੇ 'ਤੇ ਕੰਪੋਨੈਂਟ ਵੇਅਰ ਹਾਊਸ ਲਈ ਗੈਰ-ਨਿਵਾਸੀਆਂ ਨੂੰ ਸੇਫ ਹਾਰਬਰ ਪ੍ਰਦਾਨ ਕੀਤਾ ਜਾਵੇਗਾ।
- ਭਾਰਤ ਵਿੱਚ ਟੋਲ ਮੈਨੂਫੈਕਚਰਿੰਗ ਨੂੰ ਹੁਲਾਰਾ ਦੇਣ ਦੇ ਲਈ ਗੈਰ-ਨਿਵਾਸੀ ਨੂੰ ਇਨਕਮ ਟੈਕਸ ਤੋਂ 5 ਵਰ੍ਹਿਆਂ ਦੇ ਲਈ ਛੋਟ ਪ੍ਰਦਾਨ ਕੀਤੀ ਜਾਵੇਗੀ।
- ਗਲੋਬਲ ਪ੍ਰਤਿਭਾ ਦੇ ਵਿਸ਼ਾਲ ਪੂਲ ਨੂੰ ਭਾਰਤ ਵਿੱਚ ਲੰਬੇ ਸਮੇਂ ਦੇ ਲਈ ਕੰਮ ਕਰਨ ਲਈ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ ਸੂਚਿਤ ਯੋਜਨਾਵਾਂ ਦੇ ਤਹਿਤ 5 ਵਰ੍ਹਿਆਂ ਦੀ ਰਿਹਾਇਸ਼ ਮਿਆਦ ਦੇ ਲਈ ਕਿਸੇ ਗੈਰ-ਨਿਵਾਸੀ ਮਾਹਿਰ ਦੀ ਵਿਸ਼ਵਵਿਆਪੀ (ਗੈਰ-ਭਾਰਤ ਸਰੋਤ) ਆਮਦਨ ਦੇ ਲਈ ਛੋਟ ਪ੍ਰਦਾਨ ਕੀਤੀ ਜਾਵੇਗੀ।
- ਅਨੁਮਾਨਿਤ ਅਧਾਰ 'ਤੇ ਟੈਕਸ ਭੁਗਤਾਨ ਕਰਨ ਵਾਲੇ ਗੈਰ-ਨਿਵਾਸੀਆਂ ਨੂੰ ਘੱਟੋ-ਘੱਟ ਵਿਕਲਪਿਕ ਟੈਕਸ (ਐੱਮਏਟੀ) ਤੋਂ ਛੋਟ ਦਿੱਤੀ ਜਾਵੇਗੀ।





### ਈ-ਕਾਮਰਸ ਨਾਲ ਕੁਰੀਅਰ ਨਿਰਯਾਤਾਂ ਦੀ ਮੁੱਲ ਸੀਮਾ ਖਤਮ

ਈ-ਕਾਮਰਸ ਦੇ ਮਾਧਿਅਮ ਨਾਲ ਗਲੋਬਲ ਬਜ਼ਾਰਾਂ ਵਿੱਚ ਭਾਰਤ ਦੀ ਪਹੁੰਚ ਵਧੀ ਹੈ। ਭਾਰਤ ਦੇ ਛੋਟੇ ਕਾਰੋਬਾਰਾਂ, ਕਾਰੀਗਰਾਂ ਅਤੇ ਸਟਾਰਟਅੱਪਸ ਦੀਆਂ ਇੱਛਾਵਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੇ ਲਈ, ਕੋਰੀਅਰ ਨਿਰਯਾਤਾਂ 'ਤੇ ਪ੍ਰਤੀ ਸ਼ਿਪਮੈਂਟ 10 ਲੱਖ ਰੁਪਏ ਦੀ ਮੁੱਲ ਸੀਮਾ ਨੂੰ ਹਟਾਇਆ ਗਿਆ। ਅਜਿਹੀਆਂ ਸ਼ਿਪਮੈਂਟਾਂ ਦੀ ਪਹਿਚਾਣ ਦੇ ਲਈ ਟੈਕਨੋਲੋਜੀ ਦੇ ਪ੍ਰਭਾਵਸ਼ਾਲੀ ਉਪਯੋਗ ਨੂੰ ਨਾ ਮਨਜ਼ੂਰ ਕੀਤਾ ਗਿਆ ਅਤੇ ਵਾਪਸ ਕੀਤੀਆਂ ਗਈਆਂ ਸ਼ਿਪਮੈਂਟਾਂ ਦੇ ਪ੍ਰਬੰਧ ਵਿੱਚ ਸੁਧਾਰ ਕੀਤਾ ਜਾਵੇਗਾ।

## ਭਾਰਤ ਸੈਮੀਕੰਡਕਟਰ ਮਿਸ਼ਨ

- ਉਪਕਰਣ ਅਤੇ ਸਮੱਗਰੀਆਂ ਦੇ ਉਤਪਾਦਨ, ਪੂਰੀ ਤਰ੍ਹਾਂ ਲੈਸ ਭਾਰਤੀ ਆਈਪੀ ਡਿਜ਼ਾਈਨ ਅਤੇ ਸਪਲਾਈ ਚੇਨਾਂ ਨੂੰ ਮਜ਼ਬੂਤ ਕਰਨ ਦੇ ਲਈ ਭਾਰਤ ਸੈਮੀਕੰਡਕਟਰ ਮਿਸ਼ਨ 2.0 ਸ਼ੁਰੂ ਕੀਤਾ ਜਾਵੇਗਾ। ਉਦਯੋਗ ਅਧਾਰਿਤ ਖੋਜ ਅਤੇ ਟ੍ਰੇਨਿੰਗ ਕੇਂਦਰਾਂ 'ਤੇ ਵੀ ਧਿਆਨ ਕੇਂਦ੍ਰਿਤ ਕੀਤਾ ਜਾਵੇਗਾ।
- ਅਪ੍ਰੈਲ , 2025 ਤੱਕ 22,919 ਕਰੋੜ ਰੁਪਏ ਦੇ ਨਿਵੇਸ਼ ਦੇ ਨਾਲ ਸ਼ੁਰੂ ਕੀਤੀ ਗਈ ਇਲੈਕਟ੍ਰੌਨਿਕਸ ਕੰਪੋਨੈਂਟ ਮੈਨੂਫੈਕਚਰਿੰਗ ਯੋਜਨਾ ਵਿੱਚ ਪਹਿਲਾ ਹੀ ਟੀਚੇ ਤੋਂ ਦੁੱਗਣੀਆਂ ਨਿਵੇਸ਼ ਵਚਨਬੱਧਤਾਵਾਂ ਪ੍ਰਾਪਤ ਹੋ ਚੁੱਕੀਆਂ ਹਨ। ਇਸੇ ਤੇਜ਼ੀ ਦਾ ਲਾਭ ਉਠਾਉਣ ਦੇ ਲਈ, ਖਰਚਾ ਵਧਾ ਕੇ 40,000 ਕਰੋੜ ਰੁਪਏ ਕੀਤਾ ਜਾਵੇਗਾ।



“ਇਹ ਬਜਟ ਮਹੱਤਵਕਾਂਖੀ ਵੀ ਹੈ। ਇਹ ਬਜਟ ਦੇਸ਼ ਦੀ ਐਸਪੀਰੇਸ਼ਨ ਨੂੰ ਵੀ ਅਡਰੈੱਸ ਕਰਦਾ ਹੈ। ਮੈਂ ਇੱਕ ਵਾਰ ਫਿਰ ਨਿਰਮਲਾ ਜੀ ਅਤੇ ਉਨ੍ਹਾਂ ਦੀ ਟੀਮ ਨੂੰ ਇਸ ਫਿਊਚਰਸਟਿਕ ਅਤੇ ਸੰਵੇਦਨਸ਼ੀਲ, ਪਿੰਡਾਂ ਦੇ ਗ਼ਰੀਬ ਕਿਸਾਨਾਂ ਦੀ ਭਲਾਈ ਕਰਨ ਵਾਲੇ ਬਜਟ ਦੇ ਲਈ ਬਹੁਤ-ਬਹੁਤ ਵਧਾਈ ਦਿੰਦਾ ਹਾਂ।


**-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਕਵਰ ਸਟੋਰੀ

ਆਮ
# ਬਜਟ
2026-2027

## ਟੂਰਿਜ਼ਮ ਨੂੰ ਨਵੀਂ ਗਤੀ

# ਭਾਰਤ ਦੇ ਸੱਭਿਆਚਾਰ ਅਤੇ ਵਿਰਾਸਤ ਨੂੰ ਨਵੀਆਂ ਉਚਾਈਆਂ



ਭਾਰਤ ਦੀਆਂ ਸੱਭਿਆਚਾਰਕ ਜੜ੍ਹਾਂ ਦੀ ਮਜ਼ਬੂਤੀ ਲਈ ਟੂਰਿਜ਼ਮ ਅਧਾਰਿਤ ਵਿਕਾਸ ਵਿੱਚ ਨਵੇਂ ਮੌਕੇ ਖੋਲ੍ਹੇ ਜਾ ਰਹੇ ਹਨ। ਬਜਟ ਵਿੱਚ ਅਧਿਆਤਮਿਕ ਟੂਰਿਜ਼ਮ, ਮੰਜ਼ਿਲ ਵਿਕਾਸ ਅਤੇ ਭਾਰਤ ਦੇ ਵਿਸ਼ਾਲ ਸੱਭਿਆਚਾਰਕ ਈਕੋ-ਸਿਸਟਮ ਨੂੰ ਸਸ਼ਕਤ ਬਣਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਇਸ ਸਾਲ ਦਾ ਬਜਟ ਟੂਰਿਜ਼ਮ ਨੂੰ ਨਵੀਂ ਗਤੀ, ਭਾਰਤ ਦੇ ਸੱਭਿਆਚਾਰ ਅਤੇ ਵਿਰਾਸਤ ਨੂੰ ਲੈ ਜਾਣ ਵਾਲਾ ਹੈ ਨਵੀਆਂ ਉਚਾਈਆਂ ਤੱਕ...

**ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਵਿੱਚ, ਨਾਲ ਹੀ ਪੂਰਬੀ ਘਾਟ ਅਤੇ ਪੱਛਮੀ ਘਾਟ ਦੀ ਅਰਾਕੂ ਘਾਟੀ ਵਿੱਚ ਵਾਤਾਵਰਣ ਸਬੰਧੀ ਟਿਕਾਊ ਪਹਾੜੀ ਮਾਰਗ ਵਿਕਸਿਤ ਕਰਨ ਦਾ ਪ੍ਰਸਤਾਵ।**

### ਨੈਸ਼ਨਲ ਇੰਸਟੀਟਿਊਟ ਆਫ਼ ਹੋਸਪਿਟੈਲਿਟੀ ਹੋਵੇਗਾ ਸਥਾਪਿਤ

- ਮੌਜੂਦਾ ਨੈਸ਼ਨਲ ਕੌਂਸਲ ਫਾਰ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨੋਲੋਜੀ ਦਾ ਅਪਗ੍ਰੇਡ ਕਰਦੇ ਹੋਏ ਨੈਸ਼ਨਲ ਇੰਸਟੀਟਿਊਟ ਆਫ਼ ਹੋਸਪਿਟੈਲਿਟੀ ਦੀ ਸਥਾਪਨਾ ਕਰਨ ਦਾ ਪ੍ਰਸਤਾਵ। ਇਸ ਨਾਲ ਨੌਜਵਾਨਾਂ ਨੂੰ ਕੌਸ਼ਲ ਅਤੇ ਰੁਜ਼ਗਾਰ ਦੇ ਮੌਕੇ ਮਿਲਣਗੇ ਅਤੇ ਟੂਰਿਜ਼ਮ ਸੈਕਟਰ ਨੂੰ ਵੀ ਨਵੀਂ ਮਜ਼ਬੂਤੀ ਮਿਲੇਗੀ।
- ਇੰਡੀਅਨ ਇੰਸਟੀਟਿਊਟ ਆਫ਼ ਮੈਨੇਜਮੈਂਟ ਦੇ ਸਹਿਯੋਗ ਨਾਲ ਹਾਈਬ੍ਰਿਡ ਮੋਡ ਵਿੱਚ ਮਿਆਰੀ, ਉੱਚ ਗੁਣਵੱਤਾ ਵਾਲੇ 12 ਹਫ਼ਤੇ ਦੇ ਟ੍ਰੇਨਿੰਗ ਕੋਰਸ ਦੇ ਜ਼ਰੀਏ 20 ਟੂਰਿਸਟ ਸਥਾਨਾਂ ਵਿੱਚ 10 ਹਜ਼ਾਰ ਗਾਈਡਾਂ ਦੇ ਕੌਸ਼ਲ ਅਪਗ੍ਰੇਡ ਦੇ ਲਈ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਜਾਵੇਗਾ।
- ਸੱਭਿਆਚਾਰਕ, ਅਧਿਆਤਮਿਕ ਅਤੇ ਵਿਰਾਸਤੀ ਮਹੱਤਵ ਵਾਲੇ ਸਾਰੇ ਸਥਾਨਾਂ ਦੇ ਡਿਜੀਟਲ ਦਸਤਾਵੇਜ਼ ਤਿਆਰ ਕਰਨ ਦੇ ਲਈ ਨੈਸ਼ਨਲ ਡੈਸਟੀਨੇਸ਼ਨ ਡਿਜੀਟਲ ਨਾਲੇਜ ਗ੍ਰਿੱਡ ਦੀ ਸਥਾਪਨਾ ਹੋਵੇਗੀ।
- ਇਹ ਪਹਿਲ ਸਥਾਨਕ ਖੋਜਕਰਤਾਵਾਂ, ਇਤਿਹਾਸਕਾਰਾਂ, ਕੰਟੈਂਟ ਕ੍ਰਿਏਟਰਸ ਅਤੇ ਟੈਕਨੋਲੋਜੀ ਵਿੱਚ ਨਵੇਂ ਰੁਜ਼ਗਾਰ ਦੀ ਈਕੋਸਿਸਟਮ ਤਿਆਰ ਕਰੇਗੀ।

### 15 ਪੁਰਾਤੱਤਵ ਸਥਾਨ ਹੋਣਗੇ ਸੱਭਿਆਚਾਰਤਕ ਸਥਾਨਾਂ ਦੇ ਰੂਪ ਵਿੱਚ ਵਿਕਸਿਤ

- ਲੋਥਲ, ਧੋਲਾਵੀਰਾ, ਰਾਖੀਗੜ੍ਹੀ, ਆਦਿਚਨਲੂੱਰ, ਸਾਰਨਾਥ, ਹਸਤਿਨਾਪੁਰ ਅਤੇ ਲੇਹ ਪੈਲੇਸ ਜਿਹੇ 15 ਪੁਰਾਤੱਤਵ ਸਥਾਨਾਂ ਨੂੰ ਜੀਵੰਤ ਅਤੇ ਅਨੁਭਵੀ ਸੱਭਿਆਚਾਰਕ ਸਥਾਨਾਂ ਦੇ ਰੂਪ ਵਿੱਚ ਵਿਕਸਿਤ ਕਰਨ ਦਾ ਪ੍ਰਸਤਾਵ। ਇਸ ਨਾਲ ਗਲੋਬਲ ਪਲੈਟਫਾਰਮ 'ਤੇ ਭਾਰਤੀ ਸੱਭਿਆਚਾਰ ਸਥਾਪਿਤ ਹੋਵੇਗਾ।

### ਉੱਤਰ-ਪੂਰਬ ਰਾਜਾਂ ਵਿੱਚ 5 ਟੂਰਿਜ਼ਮ ਸਥਾਨਾਂ ਦਾ ਨਿਰਮਾਣ

- ਦੁਰਗਾਪੁਰ ਵਿੱਚ ਬਿਹਤਰ ਸੰਪਰਕ ਨੋਡ ਦੇ ਨਾਲ ਏਕੀਕ੍ਰਿਤ ਪੂਰਬੀ ਤਟ ਉਦਯੋਗਿਕ ਕੌਰੀਡੋਰ ਦੇ ਵਿਕਾਸ, 5 ਉੱਤਰ-ਪੂਰਬ ਰਾਜਾਂ ਵਿੱਚ 5 ਟੂਰਿਜ਼ਮ ਸਥਾਨਾਂ ਦਾ ਨਿਰਮਾਣ ਹੋਵੇਗਾ।
- ਉੱਤਰ-ਪੂਰਬ ਵਿੱਚ 4,000 ਈ-ਬੱਸਾਂ ਚੱਲਣਗੀਆਂ।
- ਅਰੁਣਾਚਲ ਪ੍ਰਦੇਸ਼, ਸਿੱਕਮ, ਅਸਾਮ, ਮਣੀਪੁਰ, ਮਿਜ਼ੋਰਮ ਅਤੇ ਤ੍ਰਿਪੁਰਾ ਵਿੱਚ ਬੋਧੀ ਸਰਕਿਟ ਦੇ ਵਿਕਾਸ ਦੇ ਲਈ ਨਵੀਂ ਯੋਜਨਾ।
- ਇਹ ਯੋਜਨਾ ਮੰਦਿਰਾਂ-ਮਠਾਂ ਦੀ ਸੰਭਾਲ, ਤੀਰਥ ਸਥਾਨਾਂ 'ਤੇ ਦੋ-ਭਾਸ਼ੀ ਕੇਂਦਰਾਂ ਦੇ ਸਥਾਪਨਾ ਸੰਪਰਕ ਅਤੇ ਤੀਰਥ ਨਾਲ ਜੁੜੀਆਂ ਬੁਨਿਆਦੀ ਸੁਵਿਧਾਵਾਂ ਨੂੰ ਉਪਲਬਧ ਕਰਵਾਉਣ ਵਿੱਚ ਸਹਾਇਕ ਸਿੱਧ ਹੋਵੇਗੀ।

### ਟੂਰਿਜ਼ਮ ਅਧਾਰਿਤ ਵਿਕਾਸ ਦੇ ਨਵੇਂ ਮੌਕੇ

- ਓਡੀਸ਼ਾ, ਕਰਨਾਟਕ ਅਤੇ ਕੇਰਲ ਵਿੱਚ ਪ੍ਰਮੁੱਖ ਕੱਛੂਆਂ ਦੇ ਪ੍ਰਜਨਨ ਦੇ ਸਥਾਨਾਂ ਦੇ ਨਾਲ-ਨਾਲ ਕੱਛੂ ਟ੍ਰੇਲ ਵੀ ਵਿਕਸਿਤ ਕੀਤੇ ਜਾਣਗੇ।
- ਟੂਰਿਜ਼ਮ ਅਤੇ ਜੈਵ- ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਦੇ ਲਈ ਆਂਧਰ ਪ੍ਰਦੇਸ਼ ਅਤੇ ਤਮਿਲ ਨਾਡੂ ਵਿੱਚ ਪੁਲੀਕਟ ਝੀਲ ਦੇ ਕਿਨਾਰੇ ਬਰਡ ਵਾਚਿੰਗ ਟ੍ਰੈਲਸ ਵਿਕਸਿਤ ਕੀਤੇ ਜਾਣਗੇ।



**ਪਦਮ ਪੁਰਸਕਾਰ 2026**



**ਪਦਮ ਭੂਸ਼ਣ**
ਉੱਚ ਕੋਟੀ ਦੀ
ਵਿਸ਼ੇਸ਼ ਸੇਵਾ

**ਪਦਮ ਸ਼੍ਰੀ**
ਵਿਸ਼ੇਸ਼ ਸੇਵਾ

**ਪਦਮ ਵਿਭੂਸ਼ਣ**
ਅਸਾਧਾਰਣ ਅਤੇ ਵਿਸ਼ੇਸ਼ ਸੇਵਾ

## ਪੀਪਲਸ ਪਦਮ ਦੀ ਅਸਲ ਭਾਵਨਾ ਦੇ ਅਨੁਸਾਰ ਨਵੀਂ ਪਰੰਪਰਾ

# ਨਿਰਸੁਆਰਥ ਕਰਮਯੋਗੀਆਂ ਨੂੰ ਪਦਮ ਪੁਰਸਕਾਰ

ਦੇਸ਼ ਦੇ ਸਰਬਉੱਚ ਨਾਗਰਿਕ ਸਨਮਾਨਾਂ ਵਿੱਚ ਸ਼ਾਮਲ ਪਦਮ ਪੁਰਸਕਾਰ, ਹੁਣ ਸਿਰਫ਼ ਪ੍ਰਸਿੱਧ ਸ਼ਖਸੀਅਤਾਂ ਨੂੰ ਨਹੀਂ, ਸਗੋਂ ਕਿਸੇ ਵੀ ਸੂਰਤ ਵਿੱਚ ਸਮਾਜ, ਦੇਸ਼ ਵਿੱਚ ਸਕਾਰਾਤਮਕ ਊਰਜਾ ਦਾ ਸੰਚਾਰ ਅਤੇ ਮਨੁੱਖਤਾ ਦੀ ਸੇਵਾ ਕਰਨ ਵਾਲੇ ਗੁੰਮਨਾਮ ਨਾਇਕਾਂ ਨੂੰ ਵੀ ਮਿਲ ਰਹੇ ਹਨ। ਅਜਿਹਾ ਇਸ ਲਈ ਕਿਉਂਕਿ ਮੌਜੂਦਾ ਸਰਕਾਰ ਨੇ ਇਨ੍ਹਾਂ ਪੁਰਸਕਾਰਾਂ ਦੀ ਚੋਣ ਦੀ ਪੂਰੀ ਪ੍ਰਕਿਰਿਆ ਹੀ ਬਦਲ ਦਿੱਤੀ... ਹੁਣ ਰਾਸ਼ਟਰਪਤੀ ਭਵਨ ਵਿੱਚ ਸੁਰਖੀਆਂ ਤੋਂ ਦੂਰ ਨਿਰਸੁਆਰਥ ਰੂਪ ਨਾਲ ਪਰੰਪਰਾ, ਸੱਭਿਆਚਾਰ, ਸਿੱਖਿਆ-ਸਾਹਿਤ, ਸਿਹਤ ਦੇ ਲਈ ਸੇਵਾ ਕਰਨ ਵਾਲੇ ਗੁੰਮਨਾਮ ਨਾਇਕ ਵਧਾ ਰਹੇ ਹਨ- 'ਜਨਤਾ ਦੇ ਪਦਮ' ਦਾ ਸਨਮਾਨ.. ਵਰ੍ਹੇ 2026 ਵਿੱਚ ਜਨਤਕ ਜੀਵਨ ਨੂੰ ਸਮ੍ਰਿੱਧ ਕਰਨ ਵਾਲੇ 131 ਉੱਘੀਆਂ ਸ਼ਖਸੀਅਤਾਂ ਨੂੰ ਕੀਤਾ ਜਾਵੇਗਾ ਸਨਮਾਨਿਤ...



### ਪਦਮ ਵਿਭੂਸ਼ਣ ਨਾਲ ਸਨਮਾਨਿਤ ਹੋਣਗੀਆਂ ਇਹ 5 ਸ਼ਖਸੀਅਤਾਂ



**ਧਰਮੇਂਦਰ ਸਿੰਘ ਦਿਓਲ**
(ਮਰਨ ਉਪਰੰਤ) (ਕਲਾ)
ਮਹਾਰਾਸ਼ਟਰ



**ਕੇ ਟੀ ਥਾਮਸ**
(ਜਨਤਕ ਮਾਮਲੇ)
ਕੇਰਲ



**ਐੱਨ ਰਾਜਮ**
(ਕਲਾ)
ਉੱਤਰ ਪ੍ਰਦੇਸ਼



**ਪੀ ਨਾਰਾਇਣਨ**
(ਸਾਹਿਤ ਅਤੇ ਸਿੱਖਿਆ)
ਕੇਰਲ



**ਵੀ ਐੱਸ ਅਚੁਤਾਨੰਦਨ**
(ਮਰਨ ਉਪਰੰਤ) (ਜਨਤਕ ਮਾਮਲੇ)
ਕੇਰਲ

ਦੇਸ਼ ਦੇ ਸਰਬਉੱਚ ਨਾਗਰਿਕ ਸਨਮਾਨਾਂ ਵਿੱਚੋਂ ਇੱਕ ਪਦਮ ਪੁਰਸਕਾਰ 2026 ਦਾ ਐਲਾਨ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਕੀਤਾ ਗਿਆ ਹੈ ਜਿਸ ਵਿੱਚ ਦੋ ਜੁਆਇੰਟ ਪੁਰਸਕਾਰਾਂ ਸਮੇਤ 131 ਉੱਘੀਆਂ ਸ਼ਖਸੀਅਤਾਂ ਦੇ ਨਾਮ ਸ਼ਾਮਲ ਹਨ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਜਿਨ੍ਹਾਂ ਪਦਮ ਪੁਰਸਕਾਰਾਂ ਨੂੰ ਪ੍ਰਦਾਨ ਕਰਨ ਦੀ ਮਨਜ਼ੂਰੀ ਦਿੱਤੀ ਹੈ, ਉਨ੍ਹਾਂ ਵਿੱਚ 5 ਪਦਮ ਵਿਭੂਸ਼ਣ, 13 ਪਦਮ ਭੂਸ਼ਣ ਅਤੇ 113 ਪਦਮ ਸ਼੍ਰੀ ਪੁਰਸਕਾਰ ਸ਼ਾਮਲ ਹਨ। ਇਨ੍ਹਾਂ ਵਿੱਚੋਂ 19 ਮਹਿਲਾਵਾਂ ਹਨ ਜਦਕਿ ਵਿਦੇਸ਼ੀ/ ਐੱਨਆਰਆਈ/ ਪੀਆਈਓ/ ਓਸੀਆਈ ਸ਼੍ਰੇਣੀ ਦੇ 6 ਵਿਅਕਤੀ ਅਤੇ 16 ਮਰਨ ਉਪਰੰਤ

## ਪਦਮ ਪੁਰਸਕਾਰਾਂ ਦੀ ਮਹੱਤਤਾ ਕੁਝ ਇੰਝ ਸਮਝੋ

- ਭਾਰਤ ਸਰਕਾਰ ਨੇ 1954 ਵਿੱਚ ਦੋ ਨਾਗਰਿਕ ਪੁਰਸਕਾਰ – ਭਾਰਤ ਰਤਨ ਅਤੇ ਪਦਮ ਵਿਭੂਸ਼ਣ ਦੀ ਸ਼ੁਰੂਆਤ ਕੀਤੀ ਸੀ। ਪਦਮ ਵਿਭੂਸ਼ਣ ਪੁਰਸਕਾਰ ਵਿੱਚ ਤਿੰਨ ਸ਼੍ਰੇਣੀਆਂ ਸਨ, ਪਹਿਲਾਂ ਵਰਗ, ਦੂਸਰਾ ਵਰਗ ਅਤੇ ਤੀਸਰਾ ਵਰਗ। 8 ਜਨਵਰੀ, 1955 ਨੂੰ ਰਾਸ਼ਟਰਪਤੀ ਵੱਲੋਂ ਜਾਰੀ ਨੋਟੀਫਿਕੇਸ਼ਨ ਨਾਲ ਇਨ੍ਹਾਂ ਦਾ ਨਾਮ ਬਦਲ ਕੇ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮਸ਼੍ਰੀ ਕਰ ਦਿੱਤਾ ਗਿਆ।
- ਇਹ ਪੁਰਸਕਾਰ ਪ੍ਰਤਿਸ਼ਠਾ ਅਤੇ ਰਾਸ਼ਟਰੀ ਮਾਣ ਦਾ ਪ੍ਰਤੀਕ ਹੈ। ਇਸ ਵਿੱਚ ਨਕਦ ਰਾਸ਼ੀ ਨਹੀਂ ਦਿੱਤੀ ਜਾਂਦੀ।
- ਪੁਰਸਕਾਰ ਜੇਤੂਆਂ ਨੂੰ ਰਾਸ਼ਟਰਪਤੀ ਦੁਆਰਾ ਦਸਤਖ਼ਤ ਕੀਤਾ ਇੱਕ ਸਰਟੀਫਿਕੇਟ ਅਤੇ ਇੱਕ ਮੈਡਲ ਪ੍ਰਦਾਨ ਕੀਤਾ ਜਾਂਦਾ ਹੈ। ਮੈਡਲ ਦੀ ਇੱਕ ਛੋਟੀ ਪ੍ਰਤਿਕ੍ਰਿਤੀ ਵੀ ਦਿੱਤੀ ਜਾਂਦੀ ਹੈ, ਜਿਸ ਨੂੰ ਉਹ ਕਿਸੇ ਵੀ ਸਮਾਰੋਹ ਦੇ ਦੌਰਾਨ ਪਹਿਣ ਸਕਦੇ ਹਨ।
- ਇਹ ਪੁਰਸਕਾਰ ਕਿਸੇ ਉਪਾਧੀ ਦੇ ਸਮਾਨ ਨਹੀਂ ਹੈ। ਇਸ ਦੀ ਵਰਤੋਂ ਪੁਰਸਕਾਰ ਜੇਤੂਆਂ ਦੇ ਨਾਮ ਦੇ ਪਿਛੇਤਰ ਅਤੇ ਅਗੇਤਰ ਦੇ ਰੂਪ ਵਿੱਚ ਨਹੀਂ ਕੀਤੀ ਜਾ ਸਕਦੀ ਹੈ।

ਪੁਰਸਕਾਰ ਹਨ। ਇਸ ਵਰ੍ਹੇ ਦੇ ਨਾਮ ਵਿੱਚ ਸ਼ਾਮਲ 19 ਮਹਿਲਾਵਾਂ ਨੂੰ ਜੋੜ ਲਵੋ ਤਾਂ ਬੀਤੇ 6 ਵਰ੍ਹਿਆਂ ਵਿੱਚ ਪਦਮ ਪੁਰਸਕਾਰ ਪਾਉਣ ਵਾਲੀਆਂ ਮਹਿਲਾਵਾਂ ਦੀ ਸੰਖਿਆ ਵਧ ਕੇ 154 ਪਹੁੰਚ ਗਈਆਂ ਹਨ। ਇਹ ਪੁਰਸਕਾਰ ਭਾਰਤ ਦੇ ਰਾਸ਼ਟਰਪਤੀ ਦੁਆਰਾ ਰਾਸ਼ਟਰਪਤੀ ਭਵਨ ਵਿੱਚ ਆਯੋਜਿਤ ਸਮਾਰੋਹਾਂ ਵਿੱਚ ਆਮ ਤੌਰ 'ਤੇ ਹਰੇਕ ਵਰ੍ਹੇ ਮਾਰਚ ਜਾਂ ਅਪ੍ਰੈਲ ਦੇ ਆਸ-ਪਾਸ, ਪ੍ਰਦਾਨ ਕੀਤੇ ਜਾਂਦੇ ਹਨ।

ਦੇਸ਼ ਦੇ ਲਈ ਬਿਹਤਰੀਨ ਯੋਗਦਾਨ ਅਤੇ ਉਨ੍ਹਾਂ ਦੀ ਸਮਰਪਿਤ ਸੇਵਾ ਦੇ ਲਈ ਜਿਨ੍ਹਾਂ ਮਹਾਨ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਅਭਿਨੇਤਾ ਧਰਮੇਂਦਰ ਸਿੰਘ ਦਿਓਲ ਅਤੇ ਕੇਰਲ ਦੇ ਸਾਬਕਾ ਮੁੱਖ ਮੰਤਰੀ ਵੀ. ਐੱਸ. ਅਚਿਊਤਾਨੰਦਨ ਨੂੰ ਮਰਨ ਉਪਰੰਤ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਜਾਵੇਗਾ। ਉੱਥੇ ਹੀ ਪਦਮ ਭੂਸ਼ਣ ਪਾਉਣ ਵਾਲਿਆਂ ਵਿੱਚ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਭਗਤ ਸਿੰਘ ਕੋਸ਼ਿਆਰੀ, ਕਲੀਪੱਟੀ ਰਾਮਾਸਾਮੀ ਪਲਨੀਸਾਮੀ, ਗਾਇਕਾ ਅਲਕਾ ਯਾਗਨਿਕ ਅਤੇ ਮਲਯਾਲੀ ਅਭਿਨੇਤਾ ਮਮੂਟੀ ਦੇ ਨਾਲ ਹੀ ਐਡਵਰਟਾਈਜ਼ਿੰਗ ਗੁਰੂ ਪੀਯੂਸ਼ ਪਾਂਡੇ, ਰਾਜਨੇਤਾ ਸ਼ਿਬੂ ਸੋਰੇਨ ਅਤੇ ਵਿਜੈ ਕੁਮਾਰ ਮਲਹੋਤਰਾ ਨੂੰ ਮਰਨ ਉਪਰੰਤ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਜਾਵੇਗਾ। ਪਦਮ ਸ਼੍ਰੀ ਸਨਮਾਨ ਨਾਲ ਸਨਮਾਨਿਤ ਕੀਤੇ ਜਾਣ ਵਾਲਿਆਂ ਵਿੱਚ ਜੋ 113 ਲੋਕ ਸ਼ਾਮਲ ਹਨ, ਉਨ੍ਹਾਂ ਵਿੱਚ ਖੇਡ ਜਗਤ ਤੋਂ ਕ੍ਰਿਕੇਟ ਖਿਡਾਰੀ ਰੋਹਿਤ ਸ਼ਰਮਾ, ਪ੍ਰਵੀਨ ਕੁਮਾਰ ਅਤੇ ਮਹਿਲਾ ਕ੍ਰਿਕੇਟ ਟੀਮ ਦੀ ਕਪਤਾਨ ਹਰਮਨ ਪ੍ਰੀਤ ਕੌਰ, ਬਲਦੇਵ ਸਿੰਘ, ਕੇ. ਪਜਨੀਵੇਲ ਅਤੇ ਸਵਿਤਾ ਪੂਨੀਆ ਸ਼ਾਮਲ ਹਨ।

ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਗੁਜਰਾਤ, ਪੱਛਮ ਬੰਗਾਲ, ਉੱਤਰ ਪ੍ਰਦੇਸ਼, ਕੇਰਲ, ਕਰਨਾਟਕ, ਤਮਿਲ ਨਾਡੂ, ਮਹਾਰਾਸ਼ਟਰ ਅਤੇ ਅਸਾਮ ਤੋਂ ਪਦਮ ਸਨਮਾਨ ਦੇ ਲਈ ਨਾਮਜ਼ਦ ਲੋਕਾਂ ਦੇ ਯੋਗਦਾਨ ਦੀ ਨਾ ਸਿਰਫ਼ ਸ਼ਲਾਘਾ ਕੀਤੀ ਸਗੋਂ ਕਿਹਾ ਹੈ ਕਿ ਇਨ੍ਹਾਂ ਦਾ ਸ਼ਾਨਦਾਰ ਯੋਗਦਾਨ ਪ੍ਰੇਰਣਾ ਪਥ 'ਤੇ ਦੂਸਰਿਆਂ ਦੇ ਰਾਹ ਪੱਧਰਾ ਕਰੇਗਾ।



### 13 ਹਸਤੀਆਂ ਨੂੰ ਪਦਮ ਭੂਸ਼ਣ



**ਅਲਕਾ ਯਾਗਿਨਕ**
(ਕਲਾ) – ਮਹਾਰਾਸ਼ਟਰ



**ਭਗਤ ਸਿੰਘ ਕੋਸ਼ਿਆਰੀ**
(ਜਨਤਕ ਮਾਮਲੇ)
ਉੱਤਰਾਖੰਡ



**ਕੱਲੀਪੱਟੀ ਰਾਮਾਸਾਮੀ**
ਪਲਾਨੀਸਵਾਮੀ (ਦਵਾਈ)
ਤਮਿਲ ਨਾਡੂ



**ਮਮੂਟੀ** (ਕਲਾ)
ਕੇਰਲ



**ਡਾ. ਨੋਰੀ ਦੱਤਾਤ੍ਰੇਯੁਡੂ**
(ਦਵਾਈ)- ਸੰਯੁਕਤ
ਰਾਜ ਅਮਰੀਕਾ



**ਪੀਯੂਸ਼ ਪਾਂਡੇ**
(ਮਰਨ ਉਪਰੰਤ) (ਕਲਾ)
ਮਹਾਰਾਸ਼ਟਰ

## 13 ਹਸਤੀਆਂ ਨੂੰ ਪਦਮ ਭੂਸ਼ਣ



**ਐੱਸ ਕੇ ਐੱਮ ਮੈਈਲਾਨੰਦਨ**
(ਸਮਾਜਿਕ ਕਾਰਜ)
ਤਮਿਲ ਨਾਡੂ



**ਸ਼ਤਾਵਧਾਨੀ ਆਰ ਗਣੇਸ਼**
(ਕਲਾ) ਕਰਨਾਟਕ



**ਸ਼ਿਬੂ ਸੋਰੇਨ**
(ਮਰਨ ਉਪਰੰਤ)
(ਜਨਤਕ ਮਾਮਲੇ)
ਝਾਰਖੰਡ



**ਉਦੈ ਕੋਟਕ**
(ਵਪਾਰ ਅਤੇ ਉਦਯੋਗ)
ਮਹਾਰਾਸ਼ਟਰ



**ਵੀ. ਕੇ. ਮਲਹੋਤਰਾ**
(ਮਰਨ ਉਪਰੰਤ)
(ਜਨਤਕ ਮਾਮਲੇ)
ਦਿੱਲੀ



**ਵੇਲਾਪੱਲੀ ਨਟੇਸਨ**
(ਜਨਤਕ ਮਾਮਲੇ)
ਕੇਰਲ



**ਵਿਜੈ ਅੰਮ੍ਰਿਤਰਾਜ**
(ਖੇਡਾਂ)
ਸੰਯੁਕਤ ਰਾਜ ਅਮਰੀਕਾ

**ਪਦਮ ਸ਼੍ਰੀ 113**

## ਕਿਸ ਖੇਤਰ ਵਿੱਚ ਮਿਲੇ ਕਿੰਨੇ ਪਦਮ ਪੁਰਸਕਾਰ

| | |
|---|---|
| ਕਲਾ | 44 (2 ਪਦਮ ਵਿਭੂਸ਼ਣ, 4 ਪਦਮ ਭੂਸ਼ਣ, 38 ਪਦਮ ਸ਼੍ਰੀ) |
| ਸਾਹਿਤ ਅਤੇ ਸਿੱਖਿਆ | 18 (1 ਪਦਮ ਵਿਭੂਸ਼ਣ, 17 ਪਦਮ ਸ਼੍ਰੀ) |
| ਮੈਡੀਸਿਨ | 15 (2 ਪਦਮ ਭੂਸ਼ਣ, 13 ਪਦਮ ਸ਼੍ਰੀ) |
| ਪਬਲਿਕ ਅਫੇਅਰਸ | 7 (2 ਪਦਮ ਵਿਭੂਸ਼ਣ, 4 ਪਦਮ ਭੂਸ਼ਣ, 1 ਪਦਮ ਸ਼੍ਰੀ) |
| ਸਮਾਜ ਸੇਵਾ | 13 (1 ਪਦਮ ਵਿਭੂਸ਼ਣ, 12 ਪਦਮ ਸ਼੍ਰੀ) |
| ਖੇਡਾਂ | 9 (1 ਪਦਮ ਭੂਸ਼ਣ, 8 ਪਦਮ ਸ਼੍ਰੀ) |
| ਵਪਾਰ ਅਤੇ ਉਦਯੋਗ | 4 (1 ਪਦਮ ਭੂਸ਼ਣ, 3 ਪਦਮ ਸ਼੍ਰੀ) |
| ਸਿਵਿਲ ਸਾਇੰਸ | 2 ਪਦਮਸ਼੍ਰੀ |
| ਸਾਇੰਸ ਐਂਡ ਇੰਜੀਨੀਅਰਿੰਗ | 11 ਪਦਮਸ਼੍ਰੀ |
| ਹੋਰ | 8 ਪਦਮਸ਼੍ਰੀ |
| **ਕੁੱਲ** | **131** |

> ਦੇਸ਼ ਦੇ ਪ੍ਰਤੀ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਦੇ ਲਈ ਸਾਰੇ ਪਦਮ ਪੁਰਸਕਾਰ ਜੇਤੂਆਂ ਨੂੰ ਵਧਾਈ। ਵੱਖ-ਵੱਖ ਖੇਤਰਾਂ ਵਿੱਚ ਉਨ੍ਹਾਂ ਦੀ ਉੱਤਮਤਾ, ਸਮਰਪਣ ਅਤੇ ਸੇਵਾ ਸਾਡੇ ਸਮਾਜ ਦੀ ਸੰਰਚਨਾ ਨੂੰ ਸਮ੍ਰਿੱਧ ਬਣਾਉਂਦੀ ਹੈ। ਇਹ ਸਨਮਾਨ ਉਸ ਵਚਨਬੱਧਤਾ ਅਤੇ ਉੱਤਮਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਿਰੰਤਰ ਪ੍ਰੇਰਿਤ ਕਰਦੀ ਰਹਿੰਦੀ ਹੈ।

**-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਸਮਾਜ ਸੇਵਾ, ਸਿੱਖਿਆ, ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਪਦਮ ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਮਹਾਨੁਭਾਵਾਂ ਨੇ ਅਣਥੱਕ ਯੋਗਦਾਨ ਦੇ ਕੇ ਕਈ ਲੋਕਾਂ ਦੇ ਜੀਵਨ ਵਿੱਚ ਪਰਿਵਰਤਨ ਲਿਆਉਂਦਾ ਹੈ। ਇਹ ਸਨਮਾਨ ਭਾਰਤ ਦੇ ਸੱਭਿਆਚਾਰਕ ਅਤੇ ਬੌਧਿਕ ਲੈਂਡਸਕੇਪ ਨੂੰ ਆਕਾਰ ਦੇਣ ਵਿੱਚ ਇਨ੍ਹਾਂ ਦੀ ਨਿਰੰਤਰ ਭੂਮਿਕਾ ਨੂੰ ਦਰਸਾਉਂਦੇ ਹਨ, ਜੋ ਪੀਪਲਸ ਪਦਮ ਦੀ ਅਸਲ ਭਾਵਨਾ ਦੇ ਅਨੁਸਾਰ ਹਨ। ਪਦਮ ਪੁਰਸਕਾਰ ਦੇ ਲਈ ਚੁਣੇ ਹੋਏ ਲੋਕਾਂ ਨੇ ਇਹ ਸਿੱਧ ਕੀਤਾ ਹੈ ਕਿ ਸਮਾਜਿਕ ਜ਼ਿੰਮੇਵਾਰੀਆਂ ਨੂੰ ਸੁਚੇਤ ਤੌਰ 'ਤੇ ਨਿਭਾਉਂਦੇ ਹੋਏ ਰਾਸ਼ਟਰ ਨਿਰਮਾਣ ਵਿੱਚ ਪ੍ਰਭਾਵਸ਼ਾਲੀ ਸਹਿਯੋਗ ਦਿੱਤਾ ਜਾ ਸਕਦਾ ਹੈ। ਨਿਸ਼ਚਿਤ ਤੌਰ 'ਤੇ ਵਧੇਰੇ ਲੋਕਾਂ ਨੂੰ ਨਿਰਸੁਆਰਥ ਭਾਵ ਨਾਲ ਸਮਾਜ ਦੀ ਸੇਵਾ ਕਰਨ ਦੇ ਲਈ ਪ੍ਰੇਰਿਤ ਕਰਨਗੇ। ▪

# ਕੇਰਲ ਤੋਂ 'ਵਿਕਾਸ ਦੀ, ਰੁਜ਼ਗਾਰ ਨਿਰਮਾਣ ਦੀ' ਨਵੀਂ ਪਹਿਲ




ਕੇਂਦਰ ਸਰਕਾਰ ਦੇ ਯਤਨਾਂ ਨਾਲ ਕੇਰਲ ਦੇ ਵਿਕਾਸ ਨੂੰ ਨਿਰੰਤਰਤਾ ਦੇ ਨਾਲ ਨਵੀਂ ਗਤੀ ਮਿਲ ਰਹੀ ਹੈ। ਬੀਤੀ 23 ਜਨਵਰੀ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਈ ਵਿਕਾਸ ਕਾਰਜਾਂ ਨੂੰ ਅੱਗੇ ਵਧਾਇਆ। ਇੱਥੋਂ ਹੀ ਪੂਰੇ ਦੇਸ਼ ਦੇ ਲਈ ਗ਼ਰੀਬ ਕਲਿਆਣ ਨਾਲ ਜੁੜੀ ਇੱਕ ਵੱਡੀ ਸ਼ੁਰੂਆਤ ਕਰਦੇ ਹੋਏ ਪੀਐੱਮ ਸਵਨਿਧੀ ਕ੍ਰੈਡਿਟ ਕਾਰਡ ਲਾਂਚ ਕੀਤਾ ਗਿਆ ਤਾਂ ਰੇਲ ਕਨੈਕਟੀਵਿਟੀ ਨੂੰ ਮਜ਼ਬੂਤ ਬਣਾਉਣ, ਤਿਰੂਵਨੰਤਪੁਰਮ ਨੂੰ ਦੇਸ਼ ਦਾ ਵੱਡਾ ਸਟਾਰਟਅੱਪ ਹੱਬ ਬਣਾਉਣ ਵਰਗੀ ਪਹਿਲ ਵਧੀ ਅੱਗੇ...

ਕਦੇ ਕ੍ਰੈਡਿਟ ਕਾਰਡ ਅਮੀਰਾਂ ਤੱਕ ਹੀ ਸੀਮਤ ਹੁੰਦਾ ਸੀ ਪਰ ਹੁਣ ਦੇਸ਼ ਭਰ ਦੇ ਰੇਹੜੀ-ਪਟੜੀ ਵਾਲੇ ਲੱਖਾਂ ਲੋਕਾਂ ਨੂੰ ਵੀ ਇਸ ਦੀ ਸੁਵਿਧਾ ਮਿਲਣ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਨਵਰੀ ਵਿੱਚ ਕੇਰਲ ਦੇ ਤਿਰੂਵੰਨਤਪੁਰਮ ਤੋਂ ਇਸ ਦੀ ਸ਼ੁਰੂਆਤ ਕੀਤੀ। ਪਿਛਲੇ 11 ਵਰ੍ਹਿਆਂ ਵਿੱਚ ਕਰੋੜਾਂ ਦੇਸ਼ਵਾਸੀਆਂ ਨੂੰ ਬੈਂਕਿੰਗ ਵਿਵਸਥਾ ਨਾਲ ਜੋੜਨ ਦਾ ਬਹੁਤ ਵੱਡਾ ਕੰਮ ਹੋਇਆ ਹੈ। ਪਹਿਲਾਂ ਸੜਕਾਂ ਦੇ ਕਿਨਾਰੇ, ਗਲੀਆਂ ਵਿੱਚ ਸਮਾਨ ਵੇਚਣ ਵਾਲੇ ਸਟ੍ਰੀਟ ਵੈਂਡਰਜ਼ ਦੀ ਸਥਿਤੀ ਬਹੁਤ ਬੁਰੀ ਸੀ। ਉਨ੍ਹਾਂ ਨੂੰ ਸਮਾਨ ਖਰੀਦਣ ਦੇ ਲਈ ਕੁਝ ਸੌ ਰੁਪਏ ਵੀ ਮਹਿੰਗੇ ਵਿਆਜ 'ਤੇ ਲੈਣੇ ਪੈਂਦੇ ਸਨ। ਕੇਂਦਰ ਸਰਕਾਰ ਨੇ ਪਹਿਲੀ ਵਾਰ ਇਨ੍ਹਾਂ ਲਈ ਪੀਐੱਮ ਸਵਨਿਧੀ ਯੋਜਨਾ ਬਣਾਈ। ਇਸ ਯੋਜਨਾ ਤੋਂ ਬਾਅਦ ਦੇਸ਼ ਭਰ ਵਿੱਚ ਲੱਖਾਂ ਸਾਥੀਆਂ ਨੂੰ ਬੈਂਕਾਂ ਤੋਂ ਬਹੁਤ ਮਦਦ ਮਿਲੀ ਹੈ। ਲੱਖਾਂ ਸਟ੍ਰੀਟ ਵੈਂਡਰਜ਼ ਨੂੰ ਜ਼ਿੰਦਗੀ ਵਿੱਚ ਪਹਿਲੀ ਵਾਰ ਬੈਂਕ ਤੋਂ ਕੋਈ ਲੋਨ ਮਿਲਿਆ ਹੈ। ਹੁਣ ਭਾਰਤ ਸਰਕਾਰ ਇੱਕ ਕਦਮ ਅੱਗੇ ਵਧਦੇ ਹੋਏ, ਇਨ੍ਹਾਂ ਲੋਕਾਂ ਨੂੰ ਕ੍ਰੈਡਿਟ ਕਾਰਡ ਦੇ ਰਹੀ ਹੈ। ਇਸ ਨਾਲ ਦੇਸ਼ ਭਰ ਦੇ ਰੇਹੜੀ-ਠੇਲੇ, ਫੁੱਟਪਾਥ 'ਤੇ ਕੰਮ ਕਰਨ ਵਾਲਿਆਂ ਨੂੰ ਲਾਭ ਹੋਵੇਗਾ।

## ਸਮਾਨ ਸ਼ਹਿਰੀ ਵਿਕਾਸ ਹੋ ਰਿਹਾ ਯਕੀਨੀ

ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦੇ ਲਈ ਅੱਜ ਪੂਰਾ ਦੇਸ਼ ਇਕਜੁੱਟ ਹੋ ਕੇ ਯਤਨ ਕਰ ਰਿਹਾ ਹੈ। ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਸ਼ਹਿਰਾਂ ਦੀ ਬਹੁਤ ਵੱਡੀ ਭੂਮਿਕਾ ਹੈ। ਬੀਤੇ 11 ਵਰ੍ਹਿਆਂ ਤੋਂ ਕੇਂਦਰ ਸਰਕਾਰ ਸ਼ਹਿਰੀ ਇਨਫ੍ਰਾਸਟ੍ਰਕਚਰ 'ਤੇ ਵਿਸ਼ੇਸ਼ ਤੌਰ 'ਤੇ ਨਿਵੇਸ਼ ਕਰ ਰਹੀ ਹੈ। ਕੇਂਦਰ ਸਰਕਾਰ ਸ਼ਹਿਰ ਦੇ ਗ਼ਰੀਬ ਪਰਿਵਾਰਾਂ ਲਈ ਕੰਮ ਕਰ ਰਹੀ ਹੈ। ਪੀਐੱਮ ਆਵਾਸ ਯੋਜਨਾ ਦੇ ਤਹਿਤ ਦੇਸ਼ ਵਿੱਚ 4 ਕਰੋੜ ਤੋਂ ਵੱਧ ਘਰ ਬਣਾ ਕੇ ਗ਼ਰੀਬਾਂ ਨੂੰ ਦਿੱਤੇ ਗਏ ਹਨ। ਇਨ੍ਹਾਂ ਵਿੱਚ ਸ਼ਹਿਰੀ ਗ਼ਰੀਬਾਂ ਦੇ ਲਈ ਇੱਕ ਕਰੋੜ ਤੋਂ ਵੱਧ ਘਰ ਬਣਾਏ ਗਏ ਹਨ। ਕੇਰਲ ਵਿੱਚ ਹੀ ਕਰੀਬ ਸਵਾ ਲੱਖ ਸ਼ਹਿਰੀ ਗ਼ਰੀਬਾਂ ਨੂੰ ਵੀ ਪੱਕਾ ਘਰ ਮਿਲਿਆ ਹੈ। ਗ਼ਰੀਬ ਪਰਿਵਾਰਾਂ ਦਾ ਬਿਜਲੀ ਦਾ ਬਿਲ ਬਚੇ, ਇਸ ਦੇ ਲਈ ਪੀਐੱਮ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ ਸ਼ੁਰੂ ਕੀਤੀ ਗਈ ਹੈ। ਗ਼ਰੀਬਾਂ ਨੂੰ ਆਯੁਸ਼ਮਾਨ ਭਾਰਤ ਤੋਂ 5 ਲੱਖ ਰੁਪਏ ਦਾ ਮੁਫ਼ਤ ਇਲਾਜ ਮਿਲ ਰਿਹਾ ਹੈ। ਨਾਰੀ-ਸ਼ਕਤੀ ਦੀ ਸਿਹਤ ਸੰਭਾਲ ਦੇ ਲਈ ਮਾਤ੍ਰ ਵੰਦਨਾ ਯੋਜਨਾ ਜਿਹੀ ਯੋਜਨਾ 'ਤੇ ਕੰਮ

# ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਅਤੇ ਉਦਘਾਟਨ

**ਰੇਲ ਸੰਪਰਕ, ਸ਼ਹਿਰੀ ਆਜੀਵਿਕਾ, ਵਿਗਿਆਨ ਅਤੇ ਨਵੀਨਤਾ, ਜਨਤਕ-ਕੇਂਦ੍ਰਿਤ ਸੇਵਾਵਾਂ ਅਤੇ ਉੱਨਤ ਸਿਹਤ ਸੰਭਾਲ ਸਮੇਤ ਪ੍ਰਮੁੱਖ ਸੈਕਟਰ ਇਸ ਵਿੱਚ ਸ਼ਾਮਲ।**

- ਪੀਐੱਮ ਸਵਨਿਧੀ ਕ੍ਰੈਡਿਟ ਕਾਰਡ ਲਾਂਚ ਹੋਇਆ। ਇਹ ਯੂਪੀਆਈ ਨਾਲ ਜੁੜੀ, ਵਿਆਜ-ਮੁਕਤ ਰਿਵੌਲਵਿੰਗ ਕ੍ਰੈਡਿਟ ਸੁਵਿਧਾ ਤੁਰੰਤ ਨਕਦੀ ਉਪਲਬਧ ਕਰਵਾਏਗੀ, ਡਿਜੀਟਲ ਲੈਣ-ਦੇਣ ਨੂੰ ਹੁਲਾਰਾ ਦੇਵੇਗੀ ਅਤੇ ਲਾਭਪਾਤਰੀਆਂ ਨੂੰ ਰਵਾਇਤੀ ਕ੍ਰੈਡਿਟ ਇਤਿਹਾਸ ਬਣਾਉਣ ਵਿੱਚ ਮਦਦ ਕਰੇਗੀ।
- ਇੱਕ ਲੱਖ ਲਾਭਪਾਤਰੀਆਂ ਨੂੰ ਪੀਐੱਮ ਸਵਨਿਧੀ ਲੋਨ ਵੰਡੇ ਗਏ। ਪੀਐੱਮ ਸਵਨਿਧੀ ਯੋਜਨਾ ਨੇ ਲਾਭਪਾਤਰੀਆਂ ਦੇ ਇੱਕ ਵੱਡੇ ਹਿੱਸੇ ਨੂੰ ਪਹਿਲੀ ਵਾਰ ਰਵਾਇਤੀ ਲੋਨ ਤੱਕ ਪਹੁੰਚ ਪ੍ਰਦਾਨ ਕੀਤੀ ਹੈ।
- ਕੇਰਲ ਵਿੱਚ ਰੇਲ ਸੰਪਰਕ ਨੂੰ ਬਿਹਤਰ ਬਣਾਉਣ ਦੇ ਲਈ ਤਿੰਨ ਅੰਮ੍ਰਿਤ ਭਾਰਤ ਐਕਸਪ੍ਰੈੱਸ ਅਤੇ ਇੱਕ ਯਾਤਰੀ ਟ੍ਰੇਨ ਨੂੰ ਹਰੀ ਝੰਡੀ।
- ਇਨ੍ਹਾਂ ਵਿੱਚ ਨਾਗਰਕੋਇਲ- ਮੰਗਲੁਰੂ ਅੰਮ੍ਰਿਤ ਭਾਰਤ ਐਕਸਪ੍ਰੈੱਸ, ਤਿਰੂਵਨੰਤਪੁਰਮ- ਤੰਬਰਮ ਅੰਮ੍ਰਿਤ ਭਾਰਤ ਐਕਸਪ੍ਰੈੱਸ, ਤਿਰੂਵਨੰਤਪੁਰਮ-ਚਾਰਲਾਪੱਲੀ, ਅੰਮ੍ਰਿਤ ਭਾਰਤ ਐਕਸਪ੍ਰੈੱਸ ਅਤੇ ਤ੍ਰਿਸ਼ੂਰ ਅਤੇ ਗੁਰੂਵਾਯੂਰ ਦੇ ਦਰਮਿਆਨ ਚੱਲਣ ਵਾਲੀ ਇੱਕ ਨਵੀਂ ਯਾਤਰੀ ਟ੍ਰੇਨ ਸ਼ਾਮਲ ਹੈ।
- ਇਨ੍ਹਾਂ ਸੇਵਾਵਾਂ ਦੇ ਸ਼ੁਰੂ ਹੋਣ ਨਾਲ ਕੇਰਲ, ਤਮਿਲ ਨਾਡੂ, ਕਰਨਾਟਕ, ਤੇਲੰਗਾਨਾ ਅਤੇ ਆਂਧਰ ਪ੍ਰਦੇਸ਼ ਦੇ ਦਰਮਿਆਨ ਲੰਬੀ ਦੂਰੀ ਅਤੇ ਖੇਤਰੀ ਸੰਪਰਕ ਵਿੱਚ ਬੇਮਿਸਾਲ ਸੁਧਾਰ ਹੋਵੇਗਾ, ਇਸ ਨਾਲ ਯਾਤਰੀਆਂ ਦੇ ਲਈ ਯਾਤਰਾ ਵਧੇਰੇ ਕਿਫਾਇਤੀ, ਸੁਰੱਖਿਅਤ ਅਤੇ ਸਮਾਂਬੱਧ ਹੋ ਜਾਵੇਗੀ।
- ਤਿਰੂਵਨੰਤਪੁਰਮ ਵਿੱਚ ਸੀਐੱਸਆਈਆਰ- ਐੱਨਆਈਆਈਐੱਸਟੀ ਇਨੋਵੇਸ਼ਨ, ਟੈਕਨੋਲੋਜੀ ਐਂਡ ਇੰਟਰਪ੍ਰੇਨਿਊਰਸ਼ਿਪ ਹੱਬ ਦਾ ਨੀਂਹ ਪੱਥਰ ਰੱਖਿਆ ਗਿਆ।
- ਤਿਰੂਵਨੰਤਪੁਰਮ ਦੇ ਸ਼੍ਰੀ ਚਿੱਤਰਾ ਤਿਰੂਨਲ ਆਯੁਰਵੇਦ ਵਿਗਿਆਨ ਅਤੇ ਤਕਨਾਲੋਜੀ ਸੰਸਥਾਨ ਵਿੱਚ ਅਤਿ-ਆਧੁਨਿਕ ਰੇਡੀਓ ਸਰਜਰੀ ਕੇਂਦਰ ਦਾ ਨੀਂਹ ਪੱਥਰ ਰੱਖਿਆ ਗਿਆ।
- ਤਿਰੂਵਨੰਤਪੁਰਮ ਵਿੱਚ ਪੂਜੱਪੁਰਾ ਦੇ ਨਵੇਂ ਡਾਕਘਰ ਦਾ ਵੀ ਉਦਘਾਟਨ ਹੋਇਆ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

> “ਬੀਤੇ 11 ਵਰ੍ਹਿਆਂ ਵਿੱਚ ਕਰੋੜਾਂ ਦੇਸ਼ਵਾਸੀਆਂ ਨੂੰ ਬੈਂਕਿੰਗ ਸਿਸਟਮ ਨਾਲ ਜੋੜਨ ਦਾ ਬਹੁਤ ਵੱਡਾ ਕੰਮ ਹੋਇਆ ਹੈ। ਹੁਣ ਗ਼ਰੀਬ, ਐੱਸਸੀ/ਐੱਸਟੀ/ਓਬੀਸੀ, ਮਹਿਲਾ, ਮਛੇਰੇ ਇਨ੍ਹਾਂ ਸਾਰਿਆਂ ਨੂੰ ਵੀ ਅਸਾਨੀ ਨਾਲ ਬੈਂਕ ਤੋਂ ਲੋਨ ਮਿਲਣ ਲੱਗੇ ਹਨ। ਜਿਨ੍ਹਾਂ ਕੋਲ ਕੋਈ ਗਰੰਟੀ ਨਹੀਂ ਹੈ, ਸਰਕਾਰ ਖੁਦ ਉਨ੍ਹਾਂ ਦੀ ਗਾਰੰਟਰ ਬਣ ਰਹੀ ਹੈ। – **ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਕਰ ਰਹੀ ਹੈ। ਕੇਂਦਰ ਸਰਕਾਰ ਨੇ 12 ਲੱਖ ਰੁਪਏ ਤੱਕ ਦੀ ਆਮਦਨ ਨੂੰ ਟੈਕਸ ਫ੍ਰੀ ਕਰ ਦਿੱਤਾ ਹੈ। ਇਸ ਦਾ ਬਹੁਤ ਵੱਡਾ ਫਾਇਦਾ ਕੇਰਲ ਦੇ ਲੋਕਾਂ ਨੂੰ ਅਤੇ ਖਾਸ ਤੌਰ ‘ਤੇ ਮੱਧ ਵਰਗ ਨੂੰ ਹੋਇਆ ਹੈ।

## ਕੇਰਲ ਦੇ ਵਿਕਾਸ ਨੂੰ ਨਵੀਂ ਗਤੀ

ਕੇਂਦਰ ਸਰਕਾਰ ਕਨੈਕਟੀਵਿਟੀ, ਸਾਇੰਸ ਐਂਡ ਇਨੋਵੇਸ਼ਨ ਅਤੇ ਹੈਲਥ ਕੇਅਰ ‘ਤੇ ਵੀ ਬਹੁਤ ਜ਼ਿਆਦਾ ਨਿਵੇਸ਼ ਕਰ ਰਹੀ ਹੈ। ਸੀਐੱਸਆਈਆਰ ਦੇ ਇਨੋਵੇਸ਼ਨ ਹੱਬ ਦਾ ਨੀਂਹ ਪੱਥਰ, ਮੈਡੀਕਲ ਕਾਲਜ ਵਿੱਚ ਰੇਡੀਓ ਸਰਜਰੀ ਸੈਂਟਰ ਦੀ ਸ਼ੁਰੂਆਤ ਨਾਲ ਕੇਰਲ ਨੂੰ ਸਾਇੰਸ, ਇਨੋਵੇਸ਼ਨ ਅਤੇ ਹੈਲਥ ਕੇਅਰ ਦਾ ਹੱਬ ਬਣਾਉਣ ਵਿੱਚ ਮਦਦ ਮਿਲੇਗੀ। ਇਸੇ ਤਰ੍ਹਾਂ ਕੇਰਲ ਦੀ ਰੇਲ ਕਨੈਕਟੀਵਿਟੀ ਹੋਰ ਮਜ਼ਬੂਤ ਹੋਈ ਹੈ। ਤਿੰਨ ਅੰਮ੍ਰਿਤ ਭਾਰਤ ਐਕਸਪ੍ਰੈੱਸ ਟ੍ਰੇਨਾਂ ਨੂੰ ਹਰੀ ਝੰਡੀ ਦਿਖਾਈ ਗਈ। ਇਸ ਨਾਲ ਟੂਰਿਜ਼ਮ ਸੈਕਟਰ ਨੂੰ ਲਾਭ ਹੋਵੇਗਾ। ਗੁਰੂਵਾਯੂਰ ਤੋਂ ਤ੍ਰਿਸ਼ੂਰ ਦੇ ਦਰਮਿਆਨ ਨਵੀਂ ਪੈਸੇਂਜ਼ਰ ਟ੍ਰੇਨ, ਤੀਰਥਯਾਤਰੀਆਂ ਦੇ ਲਈ ਸਫਰ ਨੂੰ ਹੋਰ ਅਸਾਨ ਬਣਾਏਗੀ। ਇਨ੍ਹਾਂ ਸਾਰੀਆਂ ਪ੍ਰੋਜੈਕਟਾਂ ਨਾਲ ਕੇਰਲ ਦੇ ਵਿਕਾਸ ਨੂੰ ਵੀ ਗਤੀ ਮਿਲੇਗੀ। ਨਿਸ਼ਚਿਤ ਤੌਰ ‘ਤੇ ਵਿਕਸਿਤ ਕੇਰਲ ਤੋਂ ਹੀ ਵਿਕਸਿਤ ਭਾਰਤ ਦਾ ਸੁਪਨਾ ਪੂਰਾ ਹੋਵੇਗਾ। ਇਸ ਵਿੱਚ ਕੇਂਦਰ ਸਰਕਾਰ ਪੂਰੀ ਸ਼ਕਤੀ ਨਾਲ ਕੇਰਲ ਦੇ ਲੋਕਾਂ ਦੇ ਨਾਲ ਖੜ੍ਹੀ ਹੈ।

... ਤਾਂ ਜੋ ਸੰਤ ਪਰੰਪਰਾ ਅਤੇ ਵਿਰਾਸਤ ਨਾਲ ਜੁੜੀ ਰਹੇ ਭਵਿੱਖ ਦੀ ਪੀੜ੍ਹੀ

# ਹੁਣ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡਾ, ਆਦਮਪੁਰ ਕਹੋ




ਭਾਰਤ ਵਿਕਾਸ ਦੇ ਨਾਲ ਵਿਰਾਸਤ ਨੂੰ ਵੀ ਭਵਿੱਖ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਜੋੜਨ ਅਤੇ ਉਸ ਨੂੰ ਸੰਜੋਣ ਦਾ ਕੰਮ ਕਰ ਰਿਹਾ ਹੈ। ਇਸੇ ਕੜੀ ਵਿੱਚ ਭਾਰਤ ਦੇ ਲਈ ਨਿਆਂ ਅਤੇ ਹਮਦਰਦੀ ਦੇ ਭਾਵ ਨਾਲ ਭਵਿੱਖ ਦੀ ਇੱਕ ਸੰਕਲਪਨਾ ਪੇਸ਼ ਕਰਨ ਵਾਲੇ ਸੰਤ ਰਵਿਦਾਸ ਦੀ 649ਵੀਂ ਜਯੰਤੀ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪੰਜਾਬ ਦੇ ਦੌਰੇ 'ਤੇ ਪਹੁੰਚੇ। ਇੱਥੇ ਇੱਕ ਹਵਾਈ ਅੱਡੇ ਦੇ ਟਰਮੀਨਲ ਭਵਨ ਦਾ ਉਦਘਾਟਨ ਕੀਤਾ ਤਾਂ ਉੱਥੇ ਹੀ ਸੰਤ ਪਰੰਪਰਾ ਅਤੇ ਵਿਰਾਸਤ ਨੂੰ ਭਵਿੱਖ ਦੀ ਪੀੜ੍ਹੀ ਨਾਲ ਜੋੜਨ ਦੇ ਲਈ ਆਦਮਪੁਰ ਹਵਾਈ ਅੱਡੇ ਨੂੰ ਦਿੱਤਾ ਨਵਾਂ ਨਾਮ 'ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡਾ, ਆਦਮਪੁਰ ...

ਸਮਾਜ ਸੁਧਾਰਕ ਅਤੇ ਸੰਤ ਰਵਿਦਾਸ ਮਹਾਰਾਜ ਨੇ ਰਾਸ਼ਟਰ ਨੂੰ ਸੇਵਾ ਦਾ ਰਾਹ ਦਿਖਾਇਆ। ਸਮਾਜਿਕ ਸਮਰਸਤਾ ਅਤੇ ਸਦਭਾਵਨਾ ਦਾ ਦੀਪ ਜਗਾ ਕੇ ਸਮਾਨਤਾ, ਹਮਦਰਦੀ ਅਤੇ ਮਨੁੱਖੀ ਗਰਿਮਾ ਦੀਆਂ ਸਿੱਖਿਆਵਾਂ ਦਿੱਤੀਆਂ ਜੋ ਕਿ ਭਾਰਤ ਦੇ ਸਮਾਜਿਕ ਕਦਰਾਂ-ਕੀਮਤਾਂ ਨੂੰ ਪ੍ਰੇਰਿਤ ਕਰਦੀਆਂ ਹਨ। ਗੁਰੂ ਰਵਿਦਾਸ ਮਹਾਰਾਜ ਦੀ ਜਯੰਤੀ 'ਤੇ ਪੰਜਾਬ ਪਹੁੰਚੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਹ ਫੈਸਲਾ ਲਿਆ ਗਿਆ ਹੈ ਕਿ ਆਦਮਪੁਰ ਹਵਾਈ ਅੱਡੇ ਨੂੰ ਹੁਣ ਤੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡੇ ਦੇ ਨਾਮ ਨਾਲ ਜਾਣਿਆ ਜਾਵੇਗਾ। ਇਹ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਦੀਵੀ ਆਦਰਸ਼ਾਂ ਨੂੰ ਇੱਕ ਉਪਯੁਕਤ ਸ਼ਰਧਾਂਜਲੀ ਹੈ। ਸਮਾਨਤਾ, ਹਮਦਰਦੀ ਅਤੇ ਸੇਵਾ ਦਾ ਉਨ੍ਹਾਂ ਦਾ ਸੰਦੇਸ਼ ਸਾਨੂੰ ਸਾਰਿਆਂ ਨੂੰ ਬਹੁਤ ਪ੍ਰੇਰਿਤ ਕਰਦਾ ਹੈ।

ਰਾਜ ਦੇ ਐਵੀਏਸ਼ਨ ਇਨਫ੍ਰਾਸਟ੍ਰਕਚਰ ਨੂੰ ਹੋਰ ਅੱਗੇ ਵਧਾਉਂਦੇ ਹੋਏ, ਹਲਵਾਰਾ ਏਅਰਪੋਰਟ 'ਤੇ ਨਵੀਂ ਟਰਮੀਨਲ ਬਿਲਡਿੰਗ ਦਾ ਪ੍ਰਧਾਨ ਮੰਤਰੀ ਮੋਦੀ ਨੇ ਉਦਘਾਟਨ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਹਲਵਾਰਾ ਏਅਰਪੋਰਟ 'ਤੇ ਟਰਮੀਨਲ ਬਿਲਡਿੰਗ ਦਾ ਉਦਘਾਟਨ ਹੋਣਾ, ਪੰਜਾਬ, ਖਾਸ ਤੌਰ 'ਤੇ ਲੁਧਿਆਣਾ ਅਤੇ ਆਲੇ-ਦੁਆਲੇ ਦੇ ਲੋਕਾਂ ਲਈ ਬਹੁਤ ਖੁਸ਼ੀ ਦਾ ਪਲ ਹੈ। ਲੁਧਿਆਣਾ ਉੱਤਰੀ ਭਾਰਤ ਦਾ ਇੱਕ ਮਹੱਤਵਪੂਰਨ



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਲੁਧਿਆਣਾ ਵਿੱਚ ਹਲਵਾਰਾ ਏਅਰਪੋਰਟ ਦੀ ਟਰਮੀਨਲ ਬਿਲਡਿੰਗ ਦਾ ਉਦਘਾਟਨ

- ਪੰਜਾਬ ਵਿੱਚ ਐਵੀਏਸ਼ਨ ਇਨਫ੍ਰਾਸਟ੍ਰਕਚਰ ਨੂੰ ਹੋਰ ਅੱਗੇ ਵਧਾਉਂਦੇ ਹੋਏ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੰਜਾਬ ਦੇ ਲੁਧਿਆਣਾ ਵਿੱਚ ਹਲਵਾਰਾ ਏਅਰਪੋਰਟ ਦੀ ਟਰਮੀਨਲ ਬਿਲਡਿੰਗ ਦਾ ਉਦਘਾਟਨ ਕੀਤਾ।
- ਇਹ ਟਰਮੀਨਲ ਬਿਲਡਿੰਗ ਰਾਜ ਦੇ ਲਈ ਇੱਕ ਨਵਾਂ ਪ੍ਰਵੇਸ਼ ਦੁਆਰ ਸਥਾਪਿਤ ਕਰੇਗੀ ਜੋ ਕਿ ਲੁਧਿਆਣਾ ਅਤੇ ਉਸ ਦੇ ਆਲੇ-ਦੁਆਲੇ ਦੇ ਉਦਯੋਗਿਕ ਅਤੇ ਖੇਤੀਬਾੜੀ ਖੇਤਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇਗੀ।
- ਲੁਧਿਆਣਾ ਜ਼ਿਲ੍ਹੇ ਵਿੱਚ ਸਥਿਤ ਹਲਵਾਰਾ ਵਿੱਚ ਭਾਰਤੀ ਹਵਾਈ ਸੈਨਾ ਦਾ ਇੱਕ ਰਣਨੀਤਕ ਤੌਰ ‘ਤੇ ਮਹੱਤਵਪੂਰਨ ਸਟੇਸ਼ਨ ਵੀ ਹੈ।
- ਲੁਧਿਆਣਾ ਵਿੱਚ ਪਹਿਲਾਂ ਏਅਰਪੋਰਟ ਦਾ ਰਨਵੇਅ ਮੁਕਾਬਲਤਨ ਛੋਟਾ ਸੀ ਜੋ ਕਿ ਛੋਟੇ ਅਕਾਰ ਦੇ ਜਹਾਜ਼ਾਂ ਦੇ ਲਈ ਢੁੱਕਵਾਂ ਸੀ।
- ਸੰਪਰਕ ਵਿੱਚ ਸੁਧਾਰ ਅਤੇ ਵੱਡੇ ਜਹਾਜ਼ਾਂ ਨੂੰ ਸਮਾਯੋਜਿਤ ਕਰਨ ਦੇ ਲਈ ਹਲਵਾਰਾ ਵਿੱਚ ਇੱਕ ਨਵਾਂ ਸਿਵਿਲ ਐਨਕਲੇਵ ਵਿਕਸਿਤ ਕੀਤਾ ਗਿਆ ਹੈ। ਇਸ ਦਾ ਰਨਵੇਅ ਲੰਬਾ ਹੈ ਅਤੇ ਏ-320 ਵਰਗੇ ਜਹਾਜ਼ਾਂ ਦੀ ਆਵਾਜਾਈ ਦੇ ਯੋਗ ਹੈ।
- ਪ੍ਰਧਾਨ ਮੰਤਰੀ ਦੇ ਟਿਕਾਊ ਅਤੇ ਵਾਤਾਵਰਣ ਦੇ ਪ੍ਰਤੀ ਉੱਤਰਦਾਈ ਵਿਕਾਸ ਦੇ ਵਿਜ਼ਨ ਦੇ ਅਨੁਸਾਰ, ਟਰਮੀਨਲ ਵਿੱਚ ਕਈ ਗ੍ਰੀਨ ਅਤੇ ਐਨਰਜੀ ਕੁਸ਼ਲ ਸੁਵਿਧਾਵਾਂ ਸ਼ਾਮਲ ਹਨ।
- ਐੱਲਈਡੀ ਰੌਸ਼ਨੀ ਦੀ ਵਿਵਸਥਾ, ਇੰਸੂਲੇਟਿਡ ਛੱਤ, ਮੀਂਹ ਦੇ ਪਾਣੀ ਦੀ ਸੰਚਿਤ ਪ੍ਰਣਾਲੀ, ਸੀਵੇਜ ਅਤੇ ਜਲ ਸੋਧ ਪਲਾਂਟ ਅਤੇ ਰੀਸਾਈਕਲਿੰਗ ਵਾਟਰ ਦੀ ਵਰਤੋਂ ਸ਼ਾਮਲ ਹੈ।
- ਟਰਮੀਨਲ ਦਾ ਡਿਜ਼ਾਈਨ ਪੰਜਾਬ ਦੀ ਖੁਸ਼ਹਾਲ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦਾ ਹੈ। ਇਹ ਯਾਤਰੀਆਂ ਨੂੰ ਇੱਕ ਵਿਸ਼ੇਸ਼ ਅਤੇ ਖੇਤਰੀ ਰੂਪ ਨਾਲ ਪ੍ਰੇਰਿਤ ਯਾਤਰਾ ਦਾ ਅਨੁਭਵ ਪ੍ਰਦਾਨ ਕਰਦਾ ਹੈ।

“

ਮਨੁੱਖਤਾ ਦੇ ਸਮਰਪਿਤ ਉਪਾਸਕ ਮਹਾਨ ਸੰਤ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਉਨ੍ਹਾਂ ਦੀ ਜਯੰਤੀ ‘ਤੇ ਸ਼ਤ-ਸ਼ਤ ਨਮਨ। ਉਨ੍ਹਾਂ ਦੇ ਵਿਚਾਰਾਂ ਵਿੱਚ ਨਿਆਂ ਅਤੇ ਦਇਆ ਦੀ ਭਾਵਨਾ ਸਭ ਤੋਂ ਉੱਪਰ ਸੀ ਜੋ ਜਨਤਕ ਭਲਾਈ ਦੀਆਂ ਸਾਡੀਆਂ ਯੋਜਨਾਵਾਂ ਦੇ ਮੂਲ ਵਿੱਚ ਹੈ। ਉਨ੍ਹਾਂ ਨੇ ਸਮਾਜਿਕ ਸਮਰਸਤਾ ਅਤੇ ਸਦਭਾਵਨਾ ਦੇ ਜਿਸ ਦੀਪ ਨੂੰ ਜਗਾਇਆ, ਉਹ ਦੇਸ਼ ਵਾਸੀਆਂ ਦੇ ਰਾਹ ਨੂੰ ਹਮੇਸ਼ਾ ਰੌਸ਼ਨ ਕਰਦਾ ਰਹੇਗਾ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਰਵਿਦਾਸ ਮਹਾਰਾਜ ਨੂੰ ਸ਼ਰਧਾਂਜਲੀ

- ਆਦਮਪੁਰ ਏਅਰਪੋਰਟ ਦਾ ਨਵਾਂ ਨਾਮ ‘ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਏਅਰਪੋਰਟ, ਆਦਮਪੁਰ’ ਰੱਖਿਆ ਗਿਆ ਹੈ।
- ਆਦਮਪੁਰ ਏਅਰਪੋਰਟ ਦਾ ਨਾਮਕਰਣ ਸੰਤ ਅਤੇ ਸਮਾਜ ਸੁਧਾਰਕ ਗੁਰੂ ਰਵਿਦਾਸ ਮਹਾਰਾਜ ਦਾ ਸਨਮਾਨ ਹੈ, ਜਿਨ੍ਹਾਂ ਦੀਆਂ ਸਮਾਨਤਾ, ਦਇਆ ਅਤੇ ਮਨੁੱਖੀ ਗਰਿਮਾ ਦੀਆਂ ਸਿੱਖਿਆਵਾਂ ਸਮਾਜਿਕ ਕਦਰਾਂ-ਕੀਮਤਾਂ ਨੂੰ ਪ੍ਰੇਰਿਤ ਕਰਦੀਆਂ ਹਨ।




ਉਦਯੋਗਿਕ ਅਤੇ ਵਣਜ ਕੇਂਦਰ ਹੈ। ਇਹ ਸ਼ਹਿਰ ਆਪਣੇ ਊਰਜਾਵਾਨ ਲੋਕਾਂ ਲਈ ਜਾਣਿਆ ਜਾਂਦਾ ਹੈ। ਸਾਡੀ ਸਰਕਾਰ ਇਸ ਸ਼ਹਿਰ ਦੇ ਹਵਾਈ ਸੰਪਰਕ ਨੂੰ ਬਿਹਤਰ ਬਣਾਉਣ ਦੇ ਲਈ ਅਣਥੱਕ ਯਤਨ ਕਰ ਰਹੀ ਹੈ ਜੋ ਕਿ ਆਧੁਨਿਕ ਹਵਾਈ ਅੱਡੇ ਦੇ ਲਈ ਚੱਲ ਰਹੇ ਕਾਰਜਾਂ ਵਿੱਚ ਝਲਕਦਾ ਹੈ।

### ਪ੍ਰਧਾਨ ਮੰਤਰੀ ਨੇ ਡੇਰਾ ਸੱਚਖੰਡ ਬੱਲਾਂ ਦੇ ਦਰਸ਼ਨ ਕੀਤੇ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੰਜਾਬ ਡੇਰਾ ਸੱਚਖੰਡ ਬੱਲਾਂ ਦੇ ਦਰਸ਼ਨ ਕੀਤੇ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ “ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜਯੰਤੀ ‘ਤੇ ਡੇਰਾ ਸੱਚਖੰਡ ਬੱਲਾਂ ਵਿੱਚ ਹੋਣਾ ਇੱਕ ਬਹੁਤ ਹੀ ਖਾਸ ਅਹਿਸਾਸ ਸੀ।”

### ਪ੍ਰਧਾਨ ਮੰਤਰੀ ਮੋਦੀ ਨੇ ਸੰਤ ਨਿਰੰਜਨ ਦਾਸ ਜੀ ਨਾਲ ਕੀਤੀ ਮੁਲਾਕਾਤ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਡੇਰਾ ਸੱਚਖੰਡ ਬੱਲਾਂ ਵਿੱਚ ਸੰਤ ਨਿਰੰਜਨ ਦਾਸ ਜੀ ਨਾਲ ਮੁਲਾਕਾਤ ਤੋਂ ਬਾਅਦ ਕਿਹਾ ਕਿ ਸੰਤ ਨਿਰੰਜਨ ਦਾਸ ਜੀ ਨਾਲ ਮਿਲਣਾ ਬਹੁਤ ਖਾਸ ਸੀ। ਸਮਾਜ ਦੇ ਪ੍ਰਤੀ ਉਨ੍ਹਾਂ ਦੀ ਪ੍ਰੇਰਣਾਦਾਇਕ ਸੇਵਾ ਨੂੰ ਮਾਨਤਾ ਦਿੰਦੇ ਹੋਏ ਉਨ੍ਹਾਂ ਨੂੰ ਹਾਲ ਹੀ ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਹੈ। ▪




# ਭਾਰਤ ਵਿੱਚ ਹਵਾਈ ਯਾਤਰਾ
## ਹੁਣ ਚੁਣੇ ਹੋਏ ਨਹੀਂ, ਆਮ ਜਨਤਾ ਤੱਕ

ਭਾਰਤ ਦਾ ਐਵੀਏਸ਼ਨ ਸੈਕਟਰ ਅੱਜ ਦੇਸ਼ ਦੇ ਸਭ ਤੋਂ ਤੇਜ਼ੀ ਨਾਲ ਵਿਕਸਿਤ ਹੁੰਦੇ ਖੇਤਰਾਂ ਵਿੱਚ ਸ਼ਾਮਲ ਹੋ ਚੁੱਕਿਆ ਹੈ। ਇੱਕ ਸਮਾਂ ਸੀ ਜਦੋਂ ਹਵਾਈ ਯਾਤਰਾ ਕੁਝ ਚੁਣੇ ਹੋਏ ਲੋਕਾਂ ਤੱਕ ਸੀਮਤ ਮੰਨੀ ਜਾਂਦੀ ਸੀ ਪਰ ਅੱਜ ਭਾਰਤ ਵਿਸ਼ਵ ਦਾ ਤੀਸਰੀ ਸਭ ਤੋਂ ਵੱਡੀ ਘਰੇਲੂ ਐਵੀਏਸ਼ਨ ਮਾਰਕਿਟ ਬਣ ਚੁੱਕਿਆ ਹੈ। ਯਾਤਰੀਆਂ ਦੀ ਸੰਖਿਆ ਵਿੱਚ ਲਗਾਤਾਰ ਵਾਧੇ ਦੇ ਨਾਲ-ਨਾਲ ਦੇਸ਼ ਦਾ ਜਹਾਜ਼ ਬੇੜੇ ਵਿੱਚ ਵੀ ਤੇਜ਼ੀ ਨਾਲ ਵਿਸਤਾਰ ਕਰ ਰਿਹਾ ਹੈ। ਇਸੇ ਪਿਛੋਕੜ ਵਿੱਚ ਐਵੀਏਸ਼ਨ ਇਨਫ੍ਰਾਸਟ੍ਰਕਚਰ ਦੇ ਆਧੁਨਿਕੀਕਰਣ ਨੂੰ ਨਵੀਂ ਗਤੀ ਦੇਣ ਦੇ ਉਦੇਸ਼ ਨਾਲ ਹੈਦਰਾਬਾਦ ਵਿੱਚ 28 ਜਨਵਰੀ ਨੂੰ ਆਯੋਜਿਤ 'ਵਿੰਗਸ ਇੰਡੀਆ 2026' ਸੰਮੇਲਨ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੰਬੋਧਨ ...

ਭਾਰਤ ਹੁਣ ਹਵਾਈ ਯਾਤਰਾ ਨੂੰ ਚੁਣੇ ਹੋਏ ਲੋਕਾਂ ਦੇ ਕਲੱਬ ਤੋਂ ਬਾਹਰ ਕੱਢ ਕੇ ਆਮ ਜਨਤਾ ਤੱਕ ਲੈ ਆਇਆ ਹੈ। ਭਾਰਤੀ ਐਵੀਏਸ਼ਨ ਸੈਕਟਰ ਨੇ ਦੇਸ਼ ਦੇ ਏਕੀਕਰਣ ਅਤੇ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਨ ਦੇ ਆਪਣੇ ਟੀਚੇ –ਵਿਕਸਿਤ ਭਾਰਤ @ 2047 ਵੱਲ ਆਤਮ-ਵਿਸ਼ਵਾਸ ਨਾਲ ਵਧਣ ਦੇ ਲਈ ਮਜ਼ਬੂਤ ਵੀ ਕੀਤਾ ਹੈ। ਇਸੇ ਕੜੀ ਵਿੱਚ ਏਸ਼ੀਆ ਦੇ ਸਭ ਤੋਂ ਵੱਡੇ ਸਿਵਿਲ ਐਵੀਏਸ਼ਨ ਵਿੰਗਸ ਇੰਡੀਆ 2026 ਵਿੱਚ ਭਾਰਤ ਨੇ ਨਾ ਸਿਰਫ਼ ਦੇਸ਼ ਦੀ ਐਵੀਏਸ਼ਨ ਵਿਕਾਸ ਗਾਥਾ ਨੂੰ ਪ੍ਰਦਰਸ਼ਿਤ ਕੀਤਾ ਸਗੋਂ ਆਲਮੀ ਪੱਧਰ 'ਤੇ ਸਿਵਿਲ ਐਵੀਏਸ਼ਨ ਵਿੱਚ ਦੇਸ਼ ਵਿੱਚ ਮੌਜੂਦ ਮੌਕਿਆਂ ਨਾਲ ਵੀ ਨਿਵੇਸ਼ਕਾਂ ਨੂੰ ਜਾਣੂ ਕਰਵਾਇਆ। ਇਹ ਆਯੋਜਨ 28-31 ਜਨਵਰੀ ਤੱਕ ਤੇਲੰਗਾਨਾ ਦੇ ਹੈਦਰਾਬਾਦ ਵਿੱਚ ਚੱਲਿਆ।

''ਇੰਡੀਅਨ ਐਵੀਏਸ਼ਨ: ਭਵਿੱਖ ਦਾ ਰਾਹ ਪੱਧਰਾ ਕਰਨਾ- ਡਿਜ਼ਾਈਨ ਤੋਂ ਤੈਨਾਤੀ ਤੱਕ, ਮੈਨੂਫੈਕਚਰਿੰਗ ਤੋਂ ਰੱਖ-ਰਖਾਅ ਤੱਕ, ਸਮਾਵੇਸ਼ ਤੋਂ ਨਵੀਨਤਾ ਤੱਕ ਅਤੇ ਸੁਰੱਖਿਆ ਤੋਂ ਸਥਿਰਤਾ ਤੱਕ' ਵਿਸ਼ੇ 'ਤੇ ਅਧਾਰਿਤ ਵਿੰਗਸ ਇੰਡੀਆ 2026 ਅੰਤਰਰਾਸ਼ਟਰੀ ਸੰਮੇਲਨ ਵਿੱਚ 13 ਵਿਸ਼ਿਆਂ 'ਤੇ ਸੈਸ਼ਨਾਂ ਤੋਂ ਇਲਾਵਾ ਮੰਤਰੀ ਪੱਧਰੀ ਸੈਸ਼ਨ ਵੀ ਹੋਇਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਐਵੀਏਸ਼ਨ ਇੰਡਸਟ੍ਰੀ ਦਾ ਅਗਲਾ ਦੌਰ ਉਮੀਦਾਂ ਨਾਲ ਭਰਿਆ ਹੋਇਆ ਹੈ ਜਿਸ ਵਿੱਚ ਭਾਰਤ ਇੱਕ ਅਹਿਮ ਪਲੇਅਰ ਵਜੋਂ ਉੱਭਰ ਰਿਹਾ ਹੈ। ਏਅਰਕ੍ਰਾਫਟ ਮੈਨੂਫੈਕਚਰਿੰਗ, ਪਾਇਲਟ ਟ੍ਰੇਨਿੰਗ, ਐਡਵਾਂਸਡ ਏਅਰ ਮੋਬਿਲਿਟੀ ਅਤੇ ਏਅਰਕ੍ਰਾਫਟ ਲੀਜ਼ਿੰਗ ਅਜਿਹੇ ਖੇਤਰ ਹਨ, ਜਿਨ੍ਹਾਂ ਨੂੰ ਲੈ ਕੇ ਭਾਰਤ ਵਿੱਚ ਦੁਨੀਆ  ਦੀਆਂ ਐਵੀਏਸ਼ਨ ਕੰਪਨੀਆਂ ਦੇ ਲਈ ਨਿਵੇਸ਼ ਦੇ ਬਿਹਤਰੀਨ ਮੌਕੇ ਉਪਲਬਧ ਹਨ।

### 2047 ਵਿੱਚ ਹੋਣਗੇ 400 ਤੋਂ ਵੱਧ ਏਅਰਪੋਰਟ

ਦੇਸ਼ ਦੀ ਏਅਰ-ਐਕਟੀਵਿਟੀ ਦਾ ਕਈ ਗੁਣਾ ਵਿਸਤਾਰ ਹੋ ਰਿਹਾ ਹੈ। ਅਨੁਮਾਨ ਹੈ ਕਿ 2047 ਤੱਕ ਭਾਰਤ ਵਿੱਚ 400 ਤੋਂ ਵੱਧ ਏਅਰਪੋਰਟ ਹੋਣਗੇ। ਭਾਰਤ ਸਰਕਾਰ ਉਡਾਣ ਯੋਜਨਾ ਦੇ ਅਗਲੇ ਪੜਾਅ 'ਤੇ ਵੀ ਕੰਮ ਕਰ ਰਹੀ ਹੈ। ਇਸ ਨੀਤੀ ਨਾਲ, ਖੇਤਰੀ ਅਤੇ ਕਿਫਾਇਤੀ ਕਨੈਕਟੀਵਿਟੀ ਹੋਰ ਮਜ਼ਬੂਤ ਹੋਵੇਗੀ। ਸੀ-ਪਲੇਨ ਸੰਚਾਲਨ ਦਾ ਵੀ ਵਿਸਤਾਰ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਪ੍ਰੋਗਰਾਮ ਵਿੱਚ ਕਿਹਾ, "ਸਾਡੀ ਕੋਸ਼ਿਸ਼ ਇਹੋ ਹੈ ਕਿ ਭਾਰਤ ਦੇ ਕੋਨੇ-ਕੋਨੇ ਵਿੱਚ ਏਅਰ-ਕਨੈਕਟੀਵਿਟੀ ਹੋਰ ਬਿਹਤਰ ਹੋਵੇ। ਦੇਸ਼ ਭਰ ਵਿੱਚ ਟੂਰਿਸਟ

## ਭਾਰਤ ਦੀ ਉਡਾਣ ਦੇ ਕੋ-ਪਾਇਲਟ ਬਣੋ

ਦੁਨੀਆ ਦੇ ਅਜਿਹੇ ਕੁਝ ਹੀ ਦੇਸ਼ ਹਨ, ਜਿੱਥੇ ਐਵੀਏਸ਼ਨ ਇੰਡਸਟ੍ਰੀ ਦੇ ਲਈ ਅਜਿਹਾ ਵੱਡਾ ਸਕੇਲ, ਨੀਤੀ ਸਥਿਰਤਾ ਅਤੇ ਤਕਨੀਕੀ ਮਹੱਤਵਕਾਂਖਿਆਂ ਹੈ। ਭਾਰਤ ਐਵੀਏਸ਼ਨ ਸੈਕਟਰ ਵਿੱਚ ਬਹੁਤ ਸਾਰੇ ਰਿਫੌਰਮ ਕਰ ਰਿਹਾ ਹੈ। ਇਨ੍ਹਾਂ ਯਤਨਾਂ ਦੇ ਕਾਰਨ ਭਾਰਤ ਗਲੋਬਲ ਸਾਊਥ ਅਤੇ ਦੁਨੀਆ ਦੇ ਦਰਮਿਆਨ ਇੱਕ ਵੱਡਾ ਐਵੀਏਸ਼ਨ ਗੇਟਵੇਅ ਬਣਾ ਰਿਹਾ ਹੈ। ਇਹ ਐਵੀਏਸ਼ਨ ਸੈਕਟਰ ਨਾਲ ਜੁੜੇ ਨਿਵੇਸ਼ਕ ਅਤੇ ਨਿਰਮਾਤਾਵਾਂ ਦੇ ਲਈ ਬਹੁਤ ਵੱਡਾ ਮੌਕਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਦੁਨੀਆ ਭਰ ਦੇ ਨਿਵੇਸ਼ਕਾਂ ਨੂੰ ਕਿਹਾ ਕਿ ਉਹ ਇਸ ਸੁਨਹਿਰੇ ਮੌਕੇ ਦਾ ਲਾਭ ਲੈਣ। ਸਾਡੀ ਇਸ ਯਾਤਰਾ ਵਿੱਚ ਲੰਬੇ ਸਮੇਂ ਦੀ ਸਾਂਝੇਦਾਰੀ ਬਣ ਕੇ ਵਿਸ਼ਵ ਦੇ ਐਵੀਏਸ਼ਨ ਸੈਕਟਰ ਦੀ ਗ੍ਰੋਥ ਦੇ ਲਈ ਕੰਮ ਕਰੋ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਐਵੀਏਸ਼ਨ ਸੈਕਟਰ ਵਿੱਚ ਭਾਰਤ ਦੇ ਲੌਂਗ ਟਰਮ ਵਿਜ਼ਨ ਨਾਲ ਵਧੀਆਂ ਸੁਵਿਧਾਵਾਂ

- ਟੀਅਰ-2 ਅਤੇ ਟੀਅਰ -3 ਸ਼ਹਿਰਾਂ ਨੂੰ ਏਅਰਪੋਰਟ ਨਾਲ ਜੋੜਿਆ ਗਿਆ ਹੈ।
- ਸਾਲ 2014 ਵਿੱਚ ਭਾਰਤ ਵਿੱਚ 70 ਏਅਰਪੋਰਟ ਸਨ ਜੋ ਕਿ ਇੱਕ ਦਹਾਕੇ ਵਿੱਚ ਦੁੱਗਣੇ ਤੋਂ ਵੱਧ 160 ਹੋ ਗਏ ਹਨ।
- ਭਾਰਤ ਦੇ ਹਵਾਈ ਯਾਤਰੀਆਂ ਦੀ ਸੰਖਿਆ 2014 ਵਿੱਚ 10.3 ਕਰੋੜ ਤੋਂ ਵਧ ਕੇ 2025 ਵਿੱਚ 35 ਕਰੋੜ ਨੂੰ ਪਾਰ ਕਰ ਗਈ।
- ਦੇਸ਼ ਵਿੱਚ 100 ਤੋਂ ਵੱਧ ਏਅਰ ਡੋਮਸ ਐਕਟਿਵੇਟ ਕੀਤੇ ਗਏ ਗਨ।
- ਨਾਗਰਿਕਾਂ ਦੇ ਲਈ ਕਿਫਾਇਤੀ ਕਿਰਾਏ ਵਾਲੀ ਉਡਾਣ ਸਕੀਮ ਲਾਂਚ ਕੀਤੀ ਹੈ।
- ਉਡਾਣ ਸਕੀਮ ਦੇ ਕਾਰਨ, 1.5 ਕਰੋੜ ਯਾਤਰੀਆਂ ਨੇ ਉਨ੍ਹਾਂ ਰੂਟਾਂ ‘ਤੇ ਯਾਤਰਾ ਕੀਤੀ ਹੈ, ਜਿਨ੍ਹਾਂ ਵਿੱਚੋਂ ਕਈ ਪਹਿਲਾਂ ਹੋਂਦ ਵਿੱਚ ਵੀ ਨਹੀਂ ਸਨ।



> ਉਹ ਦਿਨ ਦੂਰ ਨਹੀਂ, ਜਦੋਂ ਭਾਰਤ ਵਿੱਚ ਡਿਜ਼ਾਈਨ ਅਤੇ ਤਿਆਰ ਕੀਤੇ ਗਏ ਇਲੈਕਟ੍ਰੀਕਲ ਵਰਟੀਕਲ ਟੇਕ-ਆਫ ਐਂਡ ਲੈਂਡਿੰਗ ਏਅਰਕ੍ਰਾਫਟ ਪੂਰੇ ਐਵੀਏਸ਼ਨ ਸੈਕਟਰ ਨੂੰ ਨਵੀਂ ਦਿਸ਼ਾ ਦੇਣਗੇ। ਇਹ ਟੈਕਨੋਲੋਜੀ ਸਾਡੇ ਟ੍ਰੈਵਲ ਟਾਈਮ ਨੂੰ ਬਹੁਤ ਘੱਟ ਕਰ ਸਕਦੀ ਹੈ। ਅਸੀਂ ਟਿਕਾਊ ਏਅਰ ਕ੍ਰਾਫਟ ਫਿਊਲ ‘ਤੇ ਵੀ ਵੱਡਾ ਕੰਮ ਕਰ ਰਹੇ ਹਾਂ। ਅਗਲੇ ਕੁਝ ਵਰ੍ਹਿਆਂ ਵਿੱਚ ਭਾਰਤ ਗ੍ਰੀਨ ਏਅਰ ਕ੍ਰਾਫਟ ਫਿਊਲ ਦਾ ਇੱਕ ਵੱਡਾ ਨਿਰਮਾਤਾ ਅਤੇ ਨਿਰਯਾਤਕ ਬਣਨ ਵੱਲ ਵਧ ਰਿਹਾ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪਲੇਸ ਵਿਕਸਿਤ ਹੋ ਰਹੇ ਹਨ, ਜਿੱਥੇ ਪਹੁੰਚਣ ਵਿੱਚ ਲੋਕਾਂ ਦੀ ਪਹਿਲੀ ਪਸੰਦ ਹਵਾਈ ਯਾਤਰਾ ਹੀ ਹੈ। ਆਉਣ ਵਾਲੇ ਸਮੇਂ ਵਿੱਚ, ਹਵਾਈ ਯਾਤਰਾ ਦੀ ਮੰਗ ਵਿੱਚ ਹੋਰ ਵੀ ਵਾਧਾ ਹੋਣ ਵਾਲਾ ਹੈ। ਅਜਿਹੇ ਵਿੱਚ ਨਿਵੇਸ਼ ਦੇ ਹੋਰ ਜ਼ਿਆਦਾ ਮੌਕੇ ਬਣਨਗੇ।

### ਐਵੀਏਸ਼ਨ ਜ਼ਰੂਰਤਾਂ ਦੇ ਲਈ ਦੂਜਿਆਂ ‘ਤੇ ਨਾ ਰਹੋ ਨਿਰਭਰ

ਪ੍ਰਧਾਨ ਮੰਤਰੀ ਮੋਦੀ ਨੇ ਵਿੰਗਸ ਇੰਡੀਆ 2026 ਵਿੱਚ ਤਾਕੀਦ ਕੀਤੀ ਕਿ ਅੱਜ ਜਦੋਂ ਭਾਰਤ, ਇੱਕ ਵੱਡਾ ਗਲੋਬਲ ਐਵੀਏਸ਼ਨ ਹੱਬ ਬਣ ਰਿਹਾ ਹੈ, ਤਾਂ ਇਹ ਵੀ ਜ਼ਰੂਰੀ ਹੈ ਕਿ ਅਸੀਂ ਐਵੀਏਸ਼ਨ ਨਾਲ ਜੁੜੀਆਂ ਜ਼ਰੂਰਤਾਂ ਦੇ ਲਈ ਦੂਜਿਆਂ ‘ਤੇ ਨਿਰਭਰ ਨਾ ਰਹੀਏ। ਸਾਨੂੰ ਆਤਮ-ਨਿਰਭਰਤਾ ਦਾ ਰਾਹ ਮਜ਼ਬੂਤ ਕਰਨਾ ਹੀ ਹੋਵੇਗਾ। ਇਹ ਭਾਰਤ ਵਿੱਚ ਇਨਵੈਸਟ ਕਰਨ ਆ ਰਹੀਆਂ ਕੰਪਨੀਆਂ ਦੇ ਲਈ ਵੀ ਸਹਾਇਕ ਹੋਵੇਗਾ। ਇਸੇ ਸੋਚ ਦੇ ਨਾਲ ਭਾਰਤ ਏਅਰਕ੍ਰਾਫਟ ਡਿਜ਼ਾਈਨ, ਏਅਰਕ੍ਰਾਫਟ ਮੈਨੂਫੈਕਚਰਿੰਗ ਅਤੇ ਏਅਰਕ੍ਰਾਫਟ ਐੱਮਆਰਓ ਈਕੋਸਿਸਟਮ ‘ਤੇ ਜ਼ੋਰ ਦੇ ਰਿਹਾ ਹੈ। ਅੱਜ ਵੀ ਭਾਰਤ, ਏਅਰਕ੍ਰਾਫਟ ਪਾਰਟ ਦਾ ਇੱਕ ਵੱਡਾ ਨਿਰਮਾਤਾ ਅਤੇ ਸਪਲਾਇਰ ਹੈ। ਭਾਰਤ ਮਿਲਟਰੀ ਅਤੇ ਟ੍ਰਾਂਸਪੋਰਟ ਏਅਰਕ੍ਰਾਫਟ ਦੇਸ਼ ਵਿੱਚ ਬਣਾਉਣਾ ਸ਼ੁਰੂ ਕਰ ਰਿਹਾ ਹੈ। ਸਿਵਿਲ ਏਅਰਕ੍ਰਾਫਟ ਮੈਨੂਫੈਕਚਰਿੰਗ ਦੀ ਦਿਸ਼ਾ ਵਿੱਚ ਵੀ ਅੱਗੇ ਵਧ ਰਿਹਾ ਹੈ। ■









ਇਲੈਕਸ਼ਨ ਕਮਿਸ਼ਨ ਆਫ ਇੰਡੀਆ

# ਲੋਕਤੰਤਰ ਦੀ ਆਲਮੀ ਆਵਾਜ਼

**ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ। ਲਗਭਗ 97 ਕਰੋੜ ਵੋਟਰ ਰਜਿਸਟਰਡ ਹਨ ਤਾਂ 700 ਤੋਂ ਵੱਧ ਰਾਜਨੀਤਕ ਪਾਰਟੀਆਂ ਵੀ ਹਨ। ਭਾਰਤ ਨੇ ਅੰਤਰਰਾਸ਼ਟਰੀ ਲੋਕਤੰਤਰ ਅਤੇ ਚੋਣ ਸਹਾਇਤਾ ਸੰਸਥਾ ਦੇ ਮੈਂਬਰ ਰਾਸ਼ਟਰਾਂ ਦੀ ਕੌਂਸਲ ਦੀ ਪ੍ਰਧਾਨਗੀ ਦਾ ਅਹੁਦਾ ਸੰਭਾਲਿਆ ਹੈ। ਲੋਕਤੰਤਰ ਦੀ ਇਸ ਖੁਸ਼ਹਾਲ ਪਰੰਪਰਾ ਅਤੇ ਨਿਰਪੱਖ, ਪਾਰਦਰਸ਼ੀ ਅਤੇ ਸਮਾਵੇਸ਼ੀ ਚੋਣ ਪ੍ਰਕਿਰਿਆ ਨੂੰ ਆਲਮੀ ਮੰਚ 'ਤੇ ਸਾਂਝਾ ਕਰਨ ਦੇ ਉਦੇਸ਼ ਨਾਲ ਇਲੈਕਸ਼ਨ ਕਮਿਸ਼ਨ ਆਫ ਇੰਡੀਆ ਨੇ 21 ਤੋਂ 23 ਜਨਵਰੀ ਤੱਕ ਤਿੰਨ ਦਿਨਾਂ ਭਾਰਤ ਅੰਤਰਰਾਸ਼ਟਰੀ ਲੋਕਤੰਤਰ ਅਤੇ ਚੋਣ ਪ੍ਰਬੰਧਨ ਸੰਮੇਲਨ 2026 ਦਾ ਆਯੋਜਨ ਕੀਤਾ। ਇਸੇ ਆਯੋਜਨ ਨੇ ਚੋਣ ਪ੍ਰਬੰਧਨ ਵਿੱਚ ਭਾਰਤ ਦੀ ਭੂਮਿਕਾ ਕੀਤੀ ਹੋਰ ਮਜ਼ਬੂਤ ...**

ਅੰਤਰਰਾਸ਼ਟਰੀ ਸੰਮੇਲਨ ਨੇ ਚੋਣ ਪ੍ਰਬੰਧਨ ਸੰਸਥਾਵਾਂ, ਨੀਤੀ-ਨਿਰਮਾਤਾਵਾਂ ਅਤੇ ਮਾਹਿਰਾਂ ਨੂੰ ਇੱਕ ਸਾਂਝਾ ਮੰਚ ਪ੍ਰਦਾਨ ਕੀਤਾ, ਜਿੱਥੇ ਚੋਣ ਪ੍ਰਕਿਰਿਆਵਾਂ ਵਿੱਚ ਨਵੀਨਤਾ, ਤਕਨੀਕ ਦਖਲਅੰਦਾਜ਼ੀ, ਅਤੇ ਵੋਟਰ ਸ਼ਮੂਲੀਅਤ ਜਿਹੇ ਮਹੱਤਵਪੂਰਨ ਵਿਸ਼ਿਆਂ 'ਤੇ ਵਿਚਾਰ- ਵਟਾਂਦਰਾ ਕੀਤਾ ਗਿਆ। ਆਪਣੀ ਤਰ੍ਹਾਂ ਦਾ ਇਹ ਪਹਿਲਾ ਸੰਮੇਲਨ ਸੀ ਜਿਸ ਵਿੱਚ 42 ਵਿਦੇਸ਼ੀ ਦੂਤਾਵਾਸਾਂ ਦੇ ਅੰਤਰਰਾਸ਼ਟਰੀ ਵਫਦਾਂ ਅਤੇ 27 ਦੇਸ਼ਾਂ ਦੇ ਮਿਸ਼ਨ ਪ੍ਰਮੁੱਖਾਂ ਸਮੇਤ ਇੱਕ ਹਜ਼ਾਰ ਤੋਂ ਵੱਧ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਭਾਰਤ ਦੇ ਚੀਫ ਇਲੈਕਸ਼ਨ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਇਸ ਦੌਰਾਨ 32 ਦੇਸ਼ਾਂ ਦੀਆਂ ਚੋਣ ਪ੍ਰਬੰਧਨ ਸੰਸਥਾਵਾਂ ਦੇ ਪ੍ਰਮੁੱਖਾਂ ਦੇ ਨਾਲ ਦੁਵੱਲੀ ਬੈਠਕ ਕੀਤੀ। ਬੈਠਕ ਵਿੱਚ ਆਲਮੀ ਚੋਣ ਤਜ਼ਰਬਿਆਂ ਅਤੇ ਨਵੀਨਤਾ ਬਾਰੇ ਵਿਸਤਾਰ ਨਾਲ ਚਰਚਾ ਹੋਈ। ਇਸ ਦਾ ਉਦੇਸ਼ ਚੋਣ ਪ੍ਰਬੰਧਨ ਅਤੇ ਲੋਕਤੰਤਰੀ ਸਹਿਯੋਗ ਵਿੱਚ ਭਾਰਤ ਦੀ ਲੰਬੇ ਸਮੇਂ ਦੀ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨਾ ਸੀ। ਭਾਰਤ ਨੇ ਸੱਦੇ ਗਏ ਦੇਸ਼ਾਂ ਦੀਆਂ ਚੋਣ ਪ੍ਰਬੰਧਨ ਸੰਸਥਾਵਾਂ (ਈਐੱਮਬੀ) ਨੂੰ ਉਨ੍ਹਾਂ ਨਾਲ ਸਬੰਧਿਤ ਦੇਸ਼ਾਂ ਦੇ ਕਾਨੂੰਨਾਂ ਦੇ ਅਨੁਸਾਰ ਈਸੀਆਈਨੈੱਟ ਜਿਹੇ ਤਕਨੀਕੀ ਪਲੈਟਫਾਰਮ ਵਿਕਸਿਤ ਕਰਨ ਵਿੱਚ ਸਹਿਯੋਗ ਕਰਨ ਦਾ ਪ੍ਰਸਤਾਵ ਦਿੱਤਾ। ਇਸ ਵਿੱਚ ਕਈ ਚੋਣ ਪ੍ਰਬੰਧਨ ਸੰਸਥਾਵਾਂ ਨੇ ਆਪਣੇ ਦੇਸ਼ਾਂ ਵਿੱਚ ਇਸੇ ਤਰ੍ਹਾਂ ਦੇ ਤਕਨੀਕੀ ਸਮਾਧਾਨ ਅਪਣਾਉਣ ਦੇ ਲਈ ਭਾਰਤ ਦੇ ਨਾਲ ਸਹਿਯੋਗ ਕਰਨ ਵਿੱਚ ਦਿਲਚਸਪੀ ਦਿਖਾਈ।

ਸਮਾਪਤੀ ਸੈਸ਼ਨ ਦੌਰਾਨ, ਚੀਫ ਇਲੈਕਸ਼ਨ ਕਮਿਸ਼ਨਰ ਗਿਆਨੇਸ਼ ਕੁਮਾਰ ਨੇ 'ਦਿੱਲੀ ਘੋਸ਼ਣਾ ਪੱਤਰ 2026' ਪੇਸ਼ ਕੀਤਾ, ਜਿਸ ਨੂੰ ਸਾਰੀਆਂ ਚੋਣ ਪ੍ਰਬੰਧਨ ਸੰਸਥਾਵਾਂ ਦੁਆਰਾ ਸਰਬ ਸਹਿਮਤੀ ਨਾਲ ਅਪਣਾਇਆ ਗਿਆ। ਚੋਣ ਪ੍ਰਬੰਧਨ ਸੰਸਥਾਵਾਂ ਨੇ ਘੋਸ਼ਣਾ ਦੇ ਪੰਜ ਪ੍ਰਮੁੱਖ ਥੰਮ੍ਹਾਂ –ਵੋਟਰ ਸੂਚੀਆਂ ਦੀ ਸ਼ੁੱਧਤਾ, ਚੋਣ ਪ੍ਰਕਿਰਿਆ ਸੰਚਾਲਨ, ਖੋਜ ਅਤੇ ਪ੍ਰਕਾਸ਼ਨ, ਟੈਕਨੋਲੋਜੀ ਦੀ ਵਰਤੋਂ ਅਤੇ ਸਿਖਲਾਈ ਅਤੇ ਸਮਰੱਥਾ

# ਵੋਟਰ ਹੀ ਲੋਕਤੰਤਰ ਦੀ ਅਸਲੀ ਤਾਕਤ

ਲੋਕਤੰਤਰ ਵਿੱਚ ਵੋਟਰ ਸਭ ਤੋਂ ਉੱਪਰ ਹੈ। ਉਸ ਦੀ ਭਾਗੀਦਾਰੀ ਵਧਾਉਣ ਦੇ ਲਈ ਇਲੈਕਸ਼ਨ ਕਮਿਸ਼ਨ ਆਫ ਇੰਡੀਆ ਲਗਾਤਾਰ ਯਤਨ ਕਰਦਾ ਹੈ। ਇਸੇ ਕੜੀ ਵਿੱਚ 25 ਜਨਵਰੀ ਨੂੰ 16ਵਾਂ ਰਾਸਟਰੀ ਵੋਟਰ ਦਿਵਸ 2026 ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਪੰਜ ਨਵੇਂ ਰਜਿਸਟਰਡ ਯੁਵਾ ਵੋਟਰਾਂ ਨੂੰ ਵੋਟਰ ਫੋਟੋ ਪਛਾਣ ਪੱਤਰ ਸੌਂਪੇ ਅਤੇ ਕਿਹਾ ਕਿ ਇਹ ਪਛਾਣ ਪੱਤਰ ਤੁਹਾਨੂੰ ਵਿਸ਼ਵ ਦੇ ਸਭ ਤੋਂ ਵੱਡੇ ਅਤੇ ਜੀਵੰਤ ਲੋਕਤੰਤਰ ਵਿੱਚ ਸਰਗਰਮ ਭਾਗੀਦਾਰੀ ਦਾ ਵਡਮੁੱਲਾ ਅਧਿਕਾਰ ਪ੍ਰਦਾਨ ਕਰਦਾ ਹੈ। ਸਾਰੇ ਯੁਵਾ ਵੋਟਰ ਬਹੁਤ ਜ਼ਿੰਮੇਵਾਰੀ ਦੇ ਨਾਲ ਵੋਟ ਦੀ ਵਰਤੋਂ ਕਰਕੇ ਰਾਸ਼ਟਰ ਨਿਰਮਾਣ ਵਿੱਚ ਆਪਣੀ ਭਾਗੀਦਾਰੀ ਨਿਭਾਉਣ। ਨਾਲ ਹੀ ਚੋਣਾਂ ਵਿੱਚ ਭਾਰੀ ਸੰਖਿਆ ਵਿੱਚ ਵੋਟ ਪਾਉਣ ਵਾਲੀਆਂ ਮਾਤਾਵਾਂ-ਭੈਣਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਗਣਤੰਤਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾ ਰਹੀਆਂ ਹਨ।

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਿਹਾ ਕਿ ਆਧੁਨਿਕ ਲੋਕਤੰਤਰ ਦੇ ਸੰਦਰਭ ਵਿੱਚ ਦੋ ਮਿਤੀਆਂ ਬਹੁਤ ਮਹੱਤਵਪੂਰਨ ਹਨ। 26 ਨਵੰਬਰ, 1949 ਨੂੰ ਜਿਸ ਦਿਨ ਸੰਵਿਧਾਨ ਨੂੰ ਅਪਣਾਇਆ ਗਿਆ ਅਤੇ 26 ਜਨਵਰੀ, 1950 ਜਿਸ ਦਿਨ ਸੰਵਿਧਾਨ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕੀਤਾ। ਸੰਵਿਧਾਨ ਦੀਆਂ ਸਿਰਫ਼ 16 ਧਾਰਾਵਾਂ ਅਜਿਹੀਆਂ ਸਨ ਜੋ ਕਿ 26 ਨਵੰਬਰ, 1949 ਦੇ ਦਿਨ ਹੀ ਤਤਕਾਲ ਪ੍ਰਭਾਵ ਨਾਲ ਲਾਗੂ ਕਰ ਦਿੱਤੀਆਂ ਗਈਆਂ ਸਨ। ਉਨ੍ਹਾਂ ਵਿੱਚੋਂ ਇੱਕ ਧਾਰਾ 324 ਵੀ ਸੀ, ਜਿਸ ਦੇ ਤਹਿਤ 26 ਜਨਵਰੀ 1950 ਯਾਨੀ ਗਣਤੰਤਰ ਦੀ ਸਥਾਪਨਾ ਤੋਂ ਇੱਕ ਦਿਨ ਪਹਿਲਾਂ ਹੀ, 25 ਜਨਵਰੀ, 1950 ਨੂੰ ਇਲੈਕਸ਼ਨ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਉਸੇ ਦੀ ਯਾਦ ਵਿੱਚ ਲੋਕਤੰਤਰ ਦਾ ਵਿਸ਼ੇਸ਼ ਉਤਸਵ ਮਨਾਇਆ ਜਾਂਦਾ ਹੈ। ਦੇਸ਼ ਵਿੱਚ ਵੋਟਰਾਂ ਦੀ ਸੰਖਿਆ 95 ਕਰੋੜ ਤੋਂ ਵੱਧ ਹੈ ਪਰ ਲੋਕਤੰਤਰ ਦੀ ਸ਼ਕਤੀ ਸਿਰਫ਼ ਸੰਖਿਆ ਦੀ ਵਿਸ਼ਾਲਤਾ ਵਿੱਚ ਨਹੀਂ ਹੈ ਸਗੋਂ ਲੋਕਤੰਤਰੀ ਭਾਵਨਾ ਦੀ ਡੂੰਘਾਈ ਵਿੱਚ ਵੀ ਹੈ।

## 16ਵਾਂ ਰਾਸ਼ਟਰੀ ਵੋਟਰ ਦਿਵਸ

ਇਲੈਕਸ਼ਨ ਕਮਿਸ਼ਨ ਆਫ ਇੰਡੀਆ ਨੇ 25 ਜਨਵਰੀ ਨੂੰ 16ਵਾਂ ਰਾਸ਼ਟਰੀ ਵੋਟਰ ਦਿਵਸ (ਐੱਨਵੀਡੀ-2026) ਮਨਾਇਆ, ਜਿਸ ਦਾ ਵਿਸ਼ਾ 'ਮੇਰਾ ਭਾਰਤ, ਮੇਰੀ ਵੋਟ- ਭਾਰਤੀ ਲੋਕਤੰਤਰ ਦੇ ਕੇਂਦਰ ਵਿੱਚ ਨਾਗਰਿਕ' ਰਿਹਾ। ਇਹ ਵਿਸ਼ਾ ਸਾਡੇ ਲੋਕਤੰਤਰ ਦੀ ਭਾਵਨਾ ਨੂੰ ਵਿਅਕਤ ਕਰਦਾ ਹੈ।

### ਵੱਖ-ਵੱਖ ਸ਼੍ਰੇਣੀਆਂ ਵਿੱਚ ਮਿਲੇ ਪੁਰਸਕਾਰ

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਸਰਬਸ਼੍ਰੇਸ਼ਠ ਚੋਣ ਪ੍ਰਕਿਰਿਆਵਾਂ ਦੇ ਪੁਰਸਕਾਰ ਵੀ ਪ੍ਰਦਾਨ ਕੀਤੇ। ਇਨ੍ਹਾਂ ਵਿੱਚ ਬਿਹਾਰ, ਕੇਰਲ ਅਤੇ ਤਮਿਲ ਨਾਡੂ ਨੂੰ ਤਕਨੀਕ ਦੀ ਪ੍ਰਭਾਵਸ਼ਾਲੀ ਵਰਤੋਂ ਦੇ ਲਈ, ਓਡੀਸ਼ਾ, ਮੇਘਾਲਿਆ ਅਤੇ ਬਿਹਾਰ ਨੂੰ ਚੋਣ ਪ੍ਰਬੰਧਨ ਅਤੇ ਲੌਜਿਸਟਿਕਸ ਦੀ ਸ਼੍ਰੇਣੀ ਵਿੱਚ, ਬਿਹਾਰ, ਗੁਜਰਾਤ ਅਤੇ ਕੇਰਲ ਨੂੰ ਰਚਨਾਤਮਕ ਵੋਟਰ ਜਾਗਰੂਕਤਾ ਦੇ ਲਈ, ਮਿਜ਼ੋਰਮ ਅਤੇ ਬਿਹਾਰ ਨੂੰ ਆਦਰਸ਼ ਕੋਡ ਆਫ ਕੰਡਕਟ ਦੇ ਲਾਗੂ ਕਰਨ ਲਈ ਬਿਹਾਰ, ਉੱਤਰ ਪ੍ਰਦੇਸ਼ ਅਤੇ ਝਾਰਖੰਡ ਨੂੰ ਟ੍ਰੇਨਿੰਗ ਅਤੇ ਸਮਰੱਥਾ ਵਿਕਾਸ ਦੇ ਲਈ ਪੁਰਸਕਾਰ ਮਿਲੇ।

## ਦੋ ਪ੍ਰਕਾਸ਼ਨਾਂ ਦਾ ਰਿਲੀਜ਼

ਪ੍ਰੋਗਰਾਮ ਵਿੱਚ ਦੋ ਪ੍ਰਕਾਸ਼ਨਾਂ "2025 : ਪਹਿਲਕਦਮੀਆਂ ਅਤੇ ਨਵੀਨਤਾਵਾਂ ਦਾ ਵਰ੍ਹਾ" ਅਤੇ 'ਚੁਣਾਵ ਕਾ ਪਰਵ, ਬਿਹਾਰ ਕਾ ਗਰਵ' ਜੋ ਕਿ ਬਿਹਾਰ ਵਿੱਚ ਆਮ ਚੋਣਾਂ ਦੇ ਸਫਲ ਸੰਚਾਲਨ 'ਤੇ ਅਧਾਰਿਤ ਪ੍ਰਕਾਸ਼ਨ ਹੈ, ਦਾ ਰਿਲੀਜ਼ ਕੀਤਾ ਗਿਆ। ਇਸ ਵਿੱਚ 2025 ਦੇ ਦੌਰਾਨ ਚੋਣ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਲਈ ਕੀਤੇ ਗਏ 30 ਤੋਂ ਵੱਧ ਯਤਨਾਂ ਦਾ ਦਸਤਾਵੇਜ਼ੀਕਰਣ ਵੀ ਕੀਤਾ ਗਿਆ ਹੈ।






"ਅੱਜ ਦੇ ਵੋਟਰ, ਭਾਰਤ ਦੇ ਭਵਿੱਖ-ਨਿਰਮਾਤਾ ਵੀ ਹਨ। ਵੋਟ ਦਾ ਅਧਿਕਾਰ ਜਿੰਨਾ ਮਹੱਤਵਪੂਰਨ ਹੈ ਓਨਾ ਹੀ ਮਹੱਤਵਪੂਰਨ ਇਹ ਵੀ ਹੈ ਕਿ ਸਾਰੇ ਬਾਲਗ ਨਾਗਰਿਕ ਆਪਣੇ ਸੰਵਿਧਾਨਿਕ ਫਰਜ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ। ਮੈਂ ਉਮੀਦ ਕਰਦੀ ਹਾਂ ਕਿ ਸਾਡੇ ਸਾਰੇ ਵੋਟਰ, ਲਾਲਚ, ਅਗਿਆਨਤਾ, ਗਲਤ ਜਾਣਕਾਰੀ, ਪ੍ਰਚਾਰ ਅਤੇ ਪੱਖਪਾਤ ਤੋਂ ਮੁਕਤ ਹੋ ਕੇ, ਆਪਣੀ ਸੂਝ-ਬੂਝ ਦੀ ਸ਼ਕਤੀ ਦੇ ਜ਼ੋਰ 'ਤੇ ਸਾਡੀ ਚੋਣ ਪ੍ਰਣਾਲੀ ਨੂੰ ਮਜ਼ਬੂਤ ਬਣਾ ਕੇ ਰੱਖਣਗੇ। - **ਦ੍ਰੌਪਦੀ ਮੁਰਮੂ, ਭਾਰਤ ਦੇ ਰਾਸ਼ਟਰਪਤੀ**

ਨਿਰਮਾਣ 'ਤੇ ਸਮੂਹਿਕ ਤੌਰ 'ਤੇ ਕੰਮ ਕਰਨ ਦੀ ਵਚਨਬੱਧਤਾ ਵਿਅਕਤ ਕੀਤੀ। ਸਾਰੇ ਪ੍ਰਤੀਭਾਗੀਆਂ ਨੇ ਆਪਣੀ ਪ੍ਰਗਤੀ ਦੀ ਸਮੇਂ-ਸਮੇਂ 'ਤੇ ਸਮੀਖਿਆ ਕਰਨ ਦਾ ਵੀ ਸੰਕਲਪ ਲਿਆ। ਸੰਮੇਲਨ ਵਿੱਚ 3, 4 ਅਤੇ 5 ਦਸੰਬਰ 2026 ਨੂੰ ਨਵੀਂ ਦਿੱਲੀ ਸਥਿਤ ਭਾਰਤੀ ਅੰਤਰਰਾਸ਼ਟਰੀ ਲੋਕਤੰਤਰ ਅਤੇ ਚੋਣ ਪ੍ਰਬੰਧਨ ਸੰਸਥਾਨ (ਆਈਆਈਆਈਡੀਈਐੱਮ) ਵਿੱਚ ਬੈਠਕ ਆਯੋਜਿਤ ਕਰਨ ਦਾ ਪ੍ਰਸਤਾਵ ਰੱਖਿਆ ਗਿਆ। ▪

ਰਾਸ਼ਟਰਪਤੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।






ਨਿਯੁਕਤੀ ਪੱਤਰ

# ਰਾਸ਼ਟਰ ਨਿਰਮਾਣ ਦਾ ਸੱਦਾ ਪੱਤਰ

ਭਾਰਤ ਅੱਜ ਦੁਨੀਆ ਦੇ ਸਭ ਤੋਂ ਯੁਵਾ ਦੇਸ਼ਾਂ ਵਿੱਚੋਂ ਇੱਕ ਹੈ। ਅਜਿਹੇ ਵਿੱਚ ਕੇਂਦਰ ਸਰਕਾਰ ਦਾ ਨਿਰੰਤਰ ਯਤਨ ਹੈ ਕਿ ਭਾਰਤ ਦੀ ਯੁਵਾਸ਼ਕਤੀ ਦੇ ਲਈ ਦੇਸ਼-ਦੁਨੀਆ ਵਿੱਚ ਨਵੇਂ-ਨਵੇਂ ਮੌਕੇ ਬਣਨ। ਇਸੇ ਕੜੀ ਵਿੱਚ 24 ਜਨਵਰੀ ਨੂੰ 61 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਰੁਜ਼ਗਾਰ ਮੇਲੇ ਵਿੱਚ ਸਰਕਾਰੀ ਸੇਵਾ ਦੇ ਲਈ ਨਿਯੁਕਤੀ ਪੱਤਰ ਸੌਂਪੇ ਗਏ। ਨਿਯੁਕਤੀ ਪੱਤਰ ਵੰਡਣ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅੱਜ ਤੁਹਾਨੂੰ ਸਾਰਿਆਂ ਨੂੰ ਸਰਕਾਰੀ ਸੇਵਾਵਾਂ ਦੇ ਨਿਯੁਕਤੀ ਪੱਤਰ ਮਿਲ ਰਹੇ ਹਨ ਜੋ ਕਿ ਇੱਕ ਤਰ੍ਹਾਂ ਨਾਲ ਰਾਸ਼ਟਰ ਨਿਰਮਾਣ ਦਾ ਸੱਦਾ ਪੱਤਰ ਹੈ। ਇਹ ਵਿਕਸਿਤ ਭਾਰਤ ਦੇ ਨਿਰਮਾਣ ਨੂੰ ਗਤੀ ਦੇਣ ਦਾ ਵੀ ਹੈ ਸੰਕਲਪ ਪੱਤਰ ...

ਨੌਜਵਾਨਾਂ ਨੂੰ ਹੁਨਰ ਨਾਲ ਜੋੜਨਾ ਅਤੇ ਉਨ੍ਹਾਂ ਨੂੰ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਮੌਕੇ ਦੇਣਾ, ਕੇਂਦਰ ਸਰਕਾਰ ਦੀ ਤਰਜੀਹ ਰਹੀ ਹੈ। ਇਸੇ ਕੜੀ ਵਿੱਚ ਸਰਕਾਰੀ ਭਰਤੀਆਂ ਨੂੰ ਮਿਸ਼ਨ ਮੋਡ 'ਤੇ ਲਿਆਉਣ ਲਈ ਰੁਜ਼ਗਾਰ ਮੇਲੇ ਦੀ ਸ਼ੁਰੂਆਤ ਕੀਤੀ ਗਈ। ਇਹੀ ਕਾਰਨ ਹੈ ਕਿ ਬੀਤੇ ਵਰ੍ਹਿਆਂ ਵਿੱਚ ਰੁਜ਼ਗਾਰ ਮੇਲਾ ਇੱਕ ਸੰਸਥਾ ਬਣ ਗਿਆ ਹੈ। ਜਿਸ ਦੇ ਜ਼ਰੀਏ ਲੱਖਾਂ ਨੌਜਵਾਨਾਂ ਨੂੰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਨਿਯੁਕਤੀ ਪੱਤਰ ਮਿਲ ਚੁੱਕੇ ਹਨ। ਰੁਜ਼ਗਾਰ ਮੇਲੇ ਦੇ ਤਹਿਤ ਨਿਯੁਕਤੀ ਪੱਤਰ ਵੰਡਣ ਦੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਸਾਥੀ ਦੇਸ਼ ਦੀ ਸੁਰੱਖਿਆ ਨੂੰ ਮਜ਼ਬੂਤ ਕਰਨਗੇ। ਐਜੂਕੇਸ਼ਨ ਅਤੇ ਹੈਲਥ ਕੇਅਰ ਈਕੋਸਿਸਟਮ ਨੂੰ ਹੋਰ ਮਜ਼ਬੂਤ ਕਰਨਗੇ। ਕਈ ਸਾਥੀ ਵਿੱਤੀ ਸੇਵਾਵਾਂ ਅਤੇ ਐਨਰਜੀ ਸਕਿਓਰਿਟੀ ਨੂੰ ਮਜ਼ਬੂਤੀ ਦੇਣਗੇ ਤਾਂ ਕਈ ਨੌਜਵਾਨ ਸਰਕਾਰੀ ਕੰਪਨੀਆਂ ਦੀ ਗ੍ਰੋਥ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਮੈਂ ਤੁਹਾਨੂੰ ਸਾਰੇ ਨੌਜਵਾਨਾਂ ਨੂੰ ਬਹੁਤ-ਬਹੁਤ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦਾ ਹਾਂ।

ਰੁਜ਼ਗਾਰ ਮੇਲੇ ਵਿੱਚ 8 ਹਜ਼ਾਰ ਤੋਂ ਵੱਧ ਲੜਕੀਆਂ ਨੂੰ ਵੀ ਨਿਯੁਕਤੀ ਪੱਤਰ ਮਿਲੇ। ਬੀਤੇ 11 ਵਰ੍ਹਿਆਂ ਵਿੱਚ, ਦੇਸ਼ ਦੀ ਵਰਕਫੋਰਸ ਵਿੱਚ ਮਹਿਲਾ ਭਾਗੀਦਾਰੀ ਵਿੱਚ ਕਰੀਬ ਦੁੱਗਣਾ ਵਾਧਾ ਹੋਇਆ ਹੈ। ਸਰਕਾਰ ਦੀ ਮੁਦਰਾ ਅਤੇ ਸਟਾਰਟਅੱਪ ਇੰਡੀਆ ਜਿਹੀਆਂ ਯੋਜਨਾਵਾਂ ਦਾ ਬਹੁਤ ਵੱਡਾ ਫਾਇਦਾ ਮਹਿਲਾਵਾਂ ਨੂੰ ਹੋਇਆ ਹੈ। ਮਹਿਲਾ ਸਵੈ-ਰੁਜ਼ਗਾਰ ਦੀ ਦਰ ਵਿੱਚ ਲਗਭਗ 15 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।

## ਨੌਜਵਾਨਾਂ ਨੂੰ ਮਿਲ ਰਹੇ ਹਨ ਨਵੇਂ-ਨਵੇਂ ਮੌਕੇ

ਬੀਤੇ ਸਮੇਂ ਵਿੱਚ ਭਾਰਤ ਆਧੁਨਿਕ ਇਨਫ੍ਰਾਸਟ੍ਰਕਚਰ ਦੇ ਲਈ ਬੇਮਿਸਾਲ ਨਿਵੇਸ਼ ਕੀਤਾ ਹੈ। ਇਸ ਨਾਲ ਕੰਸਟ੍ਰਕਸ਼ਨ ਨਾਲ ਜੁੜੇ ਹਰ ਸੈਕਟਰ ਵਿੱਚ

# ਰੁਜ਼ਗਾਰ ਮੇਲਿਆਂ ਰਾਹੀਂ 11 ਲੱਖ ਤੋਂ ਵੱਧ ਨਿਯੁਕਤੀ ਪੱਤਰ ਜਾਰੀ

- ਰੁਜ਼ਗਾਰ ਮੇਲਾ ਦੀ ਸ਼ੁਰੂਆਤ ਦੇ ਬਾਅਦ ਤੋਂ, ਦੇਸ਼ ਭਰ ਵਿੱਚ ਆਯੋਜਿਤ ਰੁਜ਼ਗਾਰ ਮੇਲਿਆਂ ਰਾਹੀਂ 11 ਲੱਖ ਤੋਂ ਵੱਧ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ।
- ਦੇਸ਼ ਭਰ ਵਿੱਚ 45 ਸਥਾਨਾਂ 'ਤੇ 18ਵਾਂ ਰੁਜ਼ਗਾਰ ਮੇਲਾ ਆਯੋਜਿਤ ਕੀਤਾ ਗਿਆ।
- ਭਾਰਤ ਦੇ ਸਾਰੇ ਹਿੱਸਿਆਂ ਤੋਂ ਚੁਣੇ ਗਏ ਨਵ-ਨਿਯੁਕਤ ਉਮੀਦਵਾਰ ਗ੍ਰਹਿ ਮੰਤਰਾਲੇ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ, ਵਿੱਤੀ ਸੇਵਾ ਵਿਭਾਗ, ਉੱਚ ਸਿੱਖਿਆ ਵਿਭਾਗ ਆਦਿ ਸਮੇਤ ਭਾਰਤ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਵਿੱਚ ਸੇਵਾਵਾਂ ਨਿਭਾਉਣਗੇ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਅੱਜ ਭਾਰਤ 'ਤੇ ਜਿਸ ਤਰ੍ਹਾਂ ਦੁਨੀਆ ਦਾ ਭਰੋਸਾ ਵਧ ਰਿਹਾ ਹੈ, ਉਹ ਵੀ ਨੌਜਵਾਨਾਂ ਦੇ ਲਈ ਅਨੇਕ ਨਵੀਆਂ ਸੰਭਾਵਨਾਵਾਂ ਬਣਾ ਰਿਹਾ ਹੈ। ਭਾਰਤ ਨੇ ਇੱਕ ਦਹਾਕੇ ਵਿੱਚ ਜੀਡੀਪੀ ਨੂੰ ਦੁੱਗਣਾ ਕੀਤਾ ਹੈ। ਸਾਲ 2014 ਤੋਂ ਪਹਿਲਾਂ ਦੇ ਦਸ ਵਰ੍ਹਿਆਂ ਦੀ ਤੁਲਨਾ ਵਿੱਚ ਭਾਰਤ ਵਿੱਚ ਢਾਈ ਗੁਣਾ ਤੋਂ ਵੱਧ ਐੱਫਡੀਆਈ ਆਇਆ ਹੈ। ਜ਼ਿਆਦਾ ਵਿਦੇਸ਼ੀ ਨਿਵੇਸ਼ ਦਾ ਅਰਥ ਹੈ, ਭਾਰਤ ਦੇ ਨੌਜਵਾਨਾਂ ਦੇ ਲਈ ਰੁਜ਼ਗਾਰ ਦੇ ਅਣਗਿਣਤ ਮੌਕੇ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦੇਣ ਦੇ ਲਈ ਰੁਜ਼ਗਾਰ ਮੇਲਾ

| ਕਦੋਂ ਹੋਇਆ | ਨਿਯੁਕਤੀ ਪੱਤਰ ਦਿੱਤੇ |
|---|---|
| 22 ਅਕਤੂਬਰ, 2022 | 75 ਹਜ਼ਾਰ ਤੋਂ ਵੱਧ |
| 22 ਨਵੰਬਰ, 2022 | 71 ਹਜ਼ਾਰ ਤੋਂ ਵੱਧ |
| 20 ਜਨਵਰੀ, 2023 | 71 ਹਜ਼ਾਰ ਤੋਂ ਵੱਧ |
| 13 ਅਪ੍ਰੈਲ, 2023 | 71 ਹਜ਼ਾਰ ਤੋਂ ਵੱਧ |
| 16 ਮਈ, 2023 | 70 ਹਜ਼ਾਰ ਤੋਂ ਵੱਧ |
| 13 ਜੂਨ, 2023 | 70 ਹਜ਼ਾਰ ਤੋਂ ਵੱਧ |
| 22 ਜੁਲਾਈ, 2023 | 70 ਹਜ਼ਾਰ ਤੋਂ ਵੱਧ |
| 28 ਅਗਸਤ, 2023 | 51 ਹਜ਼ਾਰ ਤੋਂ ਵੱਧ |
| 26 ਸਤੰਬਰ, 2023 | 51 ਹਜ਼ਾਰ ਤੋਂ ਵੱਧ |
| 28 ਅਕਤੂਬਰ, 2023 | 51 ਹਜ਼ਾਰ ਤੋਂ ਵੱਧ |
| 30 ਨਵੰਬਰ, 2023 | 51 ਹਜ਼ਾਰ ਤੋਂ ਵੱਧ |
| 12 ਫਰਵਰੀ, 2024 | 1 ਲੱਖ ਤੋਂ ਵੱਧ |
| 29 ਅਕਤੂਬਰ, 2024 | 51 ਹਜ਼ਾਰ ਤੋਂ ਵੱਧ |
| 23 ਦਸੰਬਰ, 2024 | 71 ਹਜ਼ਾਰ ਤੋਂ ਵੱਧ |
| 26 ਅਪ੍ਰੈਲ, 2025 | 51 ਹਜ਼ਾਰ ਤੋਂ ਵੱਧ |
| 12 ਜੁਲਾਈ, 2025 | 51 ਹਜ਼ਾਰ ਤੋਂ ਵੱਧ |
| 24 ਅਕਤੂਬਰ, 2025 | 51 ਹਜ਼ਾਰ ਤੋਂ ਵੱਧ |
| 24 ਜਨਵਰੀ, 2026 | 61 ਹਜ਼ਾਰ ਤੋਂ ਵੱਧ |

ਰੁਜ਼ਗਾਰ ਬਹੁਤ ਵਧੇ ਹਨ। ਭਾਰਤ ਦੇ ਸਟਾਰਟਅੱਪ ਈਕੋਸਿਸਟਮ ਦਾ ਦਾਇਰਾ ਵੀ ਤੇਜ਼ ਗਤੀ ਨਾਲ ਅੱਗੇ ਵਧ ਰਿਹਾ ਹੈ।

ਅੱਜ ਦੇਸ਼ ਵਿੱਚ ਲਗਭਗ ਦੋ ਲੱਖ ਸਟਾਰਟਅੱਪਸ ਹਨ। ਇਨ੍ਹਾਂ ਵਿੱਚ 21 ਲੱਖ ਤੋਂ ਵੱਧ ਨੌਜਵਾਨ ਕੰਮ ਕਰ ਰਹੇ ਹਨ। ਇਸੇ ਤਰ੍ਹਾਂ, ਡਿਜੀਟਲ ਇੰਡੀਆ ਨੇ ਇੱਕ ਨਵੀਂ ਅਰਥਵਿਵਸਥਾ ਨੂੰ ਵਿਸਤਾਰ ਦਿੱਤਾ ਹੈ। ਐਨੀਮੇਸ਼ਨ, ਡਿਜੀਟਲ ਮੀਡੀਆ ਵਰਗੇ ਕਈ ਖੇਤਰਾਂ ਵਿੱਚ ਭਾਰਤ ਇੱਕ ਗਲੋਬਲ ਹੱਬ ਬਣਦਾ ਜਾ ਰਿਹਾ ਹੈ। ਭਾਰਤ ਦੀ ਕ੍ਰਿਏਟਰ ਇਕੋਨੌਮੀ ਬਹੁਤ ਤੇਜ਼ ਗਤੀ ਨਾਲ ਵਧ ਰਹੀ ਹੈ। ਇਸ ਵਿੱਚ ਵੀ ਨੌਜਵਾਨਾਂ ਨੂੰ ਨਵੇਂ-ਨਵੇਂ ਮੌਕੇ ਮਿਲ ਰਹੇ ਹਨ।

## ਵੱਡੀ ਮੈਨੂਫੈਕਚਰਿੰਗ ਪਾਵਰ ਬਣਦਾ ਜਾ ਰਿਹਾ ਹੈ ਭਾਰਤ

ਅੱਜ ਭਾਰਤ ਇੱਕ ਵੱਡੀ ਮੈਨੂਫੈਕਚਰਿੰਗ ਪਾਵਰ ਬਣਦਾ ਜਾ ਰਿਹਾ ਹੈ। ਇਲੈਕਟ੍ਰੌਨਿਕਸ, ਦਵਾਈਆਂ- ਵੈਕਸੀਨ, ਡਿਫੈਂਸ ਅਤੇ ਆਟੋਮੋਬਾਈਲ ਅਜਿਹੇ ਕਈ ਖੇਤਰਾਂ ਵਿੱਚ ਭਾਰਤ ਦੇ ਉਤਪਾਦਨ ਅਤੇ ਨਿਰਯਾਤ, ਦੋਨਾਂ ਵਿੱਚ ਬੇਮਿਸਾਲ ਵਾਧਾ ਹੋ ਰਿਹਾ ਹੈ। 2014 ਦੇ ਬਾਅਦ ਤੋਂ ਭਾਰਤ ਦੇ ਇਲੈਕਟ੍ਰੌਨਿਕਸ ਮੈਨੂਫੈਕਚਰਿੰਗ ਵਿੱਚ ਛੇ ਗੁਣਾ ਵਾਧਾ ਹੋਇਆ ਹੈ। ਅੱਜ ਇਹ 11 ਲੱਖ ਕਰੋੜ ਰੁਪਏ ਤੋਂ ਵੱਧ ਦੀ ਇੰਡਸਟ੍ਰੀ ਹੈ। ਇਲੈਕਟ੍ਰੌਨਿਕਸ ਨਿਰਯਾਤ ਵੀ ਚਾਰ ਲੱਖ ਕਰੋੜ ਰੁਪਏ ਨੂੰ ਪਾਰ ਕਰ ਚੁੱਕਿਆ ਹੈ। ਭਾਰਤ ਦੀ ਆਟੋਮੋਬਾਈਲ ਇੰਡਸਟ੍ਰੀ ਵੀ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਸੈਕਟਰਾਂ ਵਿੱਚੋਂ ਇੱਕ ਬਣ ਗਈ ਹੈ। ਵਰ੍ਹੇ 2025 ਵਿੱਚ ਟੂ-ਵ੍ਹੀਲਰਜ਼ ਦੀ ਵਿਕਰੀ ਦੋ ਕਰੋੜ ਦੇ ਪਾਰ ਪਹੁੰਚ ਚੁੱਕੀ ਹੈ।



ਪਰਾਕ੍ਰਮ ਦਿਵਸ

# ਰਾਸ਼ਟਰੀ ਚੇਤਨਾ ਦਾ ਉਤਸਵ

ਨੇਤਾਜੀ ਸੁਭਾਸ਼ ਚੰਦ੍ਰ ਬੋਸ ਦਾ ਨਾਮ ਅਜਿਹਾ ਹੈ, ਜਿਨ੍ਹਾਂ ਨੂੰ ਸਿਰਫ਼ ਯਾਦ ਕਰਨ ਨਾਲ ਹੀ ਮਨ ਵਿੱਚ ਦੇਸ਼ ਪ੍ਰੇਮ ਦਾ ਜਵਾਰ ਉਮੜ ਪੈਂਦਾ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਇਕੱਠਾ ਕਰਕੇ ਆਜ਼ਾਦ ਹਿੰਦ ਫੌਜ ਬਣਾ ਕੇ ਪਹਿਲਾ ਸੈਨਿਕ ਅਭਿਆਨ ਚਲਾਇਆ। ਅੰਡੇਮਾਨ- ਨਿਕੋਬਾਰ ਵਿੱਚ ਤਿਰੰਗਾ ਲਹਿਰਾ ਕੇ ਵਰ੍ਹੇ 1943 ਵਿੱਚ ਹੀ ਆਜ਼ਾਦ ਭਾਰਤ ਦਾ ਐਲਾਨ ਕਰ ਦਿੱਤਾ ਸੀ। ਉਨ੍ਹਾਂ ਦੀ ਜਯੰਤੀ 23 ਜਨਵਰੀ ਨੂੰ ਦੇਸ਼ ਵਰ੍ਹੇ 2021 ਤੋਂ ਪਰਾਕ੍ਰਮ ਦਿਵਸ ਦੇ ਰੂਪ ਵਿੱਚ ਮਨਾਉਂਦਾ ਹੈ। ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ ਵਿੱਚ ਪਰਾਕ੍ਰਮ ਦਿਵਸ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਪਰਾਕ੍ਰਮ ਦਿਵਸ, ਦੇਸ਼ ਦੀ ਰਾਸ਼ਟਰੀ ਭਾਵਨਾ ਅਤੇ ਰਾਸ਼ਟਰੀ ਚੇਤਨਾ ਦਾ ਬਣ ਗਿਆ ਹੈ ਇੱਕ ਅਨਿੱਖੜਵਾਂ ਪਰਵ ...

ਨੇਤਾਜੀ ਸੁਭਾਸ਼ ਚੰਦ੍ਰ ਬੋਸ ਆਜ਼ਾਦੀ ਦੀ ਲੜਾਈ ਦੇ ਮਹਾਨਾਇਕ ਹੀ ਨਹੀਂ ਸਨ, ਸਗੋਂ ਸੁਤੰਤਰ ਭਾਰਤ ਦੇ ਇੱਕ ਮਹਾਨ ਦੂਰਦਰਸ਼ੀ ਵੀ ਸਨ। ਉਨ੍ਹਾਂ ਨੇ ਇੱਕ ਅਜਿਹੇ ਆਧੁਨਿਕ ਭਾਰਤ ਦੀ ਕਲਪਨਾ ਕੀਤੀ ਸੀ, ਜਿਸ ਦਾ ਸਰੂਪ ਆਧੁਨਿਕ ਹੋਵੇ ਅਤੇ ਉਸ ਦੀ ਆਤਮਾ ਭਾਰਤ ਦੀ ਪ੍ਰਾਚੀਨ ਚੇਤਨਾ ਨਾਲ ਜੁੜੀ ਹੋਵੇ। ਨੇਤਾਜੀ ਦੇ ਇਸ ਦ੍ਰਿਸ਼ਟੀਕੋਣ ਨਾਲ ਅੱਜ ਦੀ ਪੀੜ੍ਹੀ ਨੂੰ ਜਾਣੂ ਕਰਵਾਉਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਕੇਂਦਰ ਸਰਕਾਰ ਇਸ ਜ਼ਿੰਮੇਵਾਰੀ ਨੂੰ ਬਹੁਤ ਵਧੀਆ ਢੰਗ ਨਾਲ ਨਿਭਾ ਰਹੀ ਹੈ। ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੁਆਰਾ ਕੀਤੇ ਗਏ ਵੱਖ- ਵੱਖ ਕਾਰਜ ਸਿਰਫ਼ ਨੇਤਾਜੀ ਸੁਭਾਸ਼ ਚੰਦ੍ਰ ਬੋਸ ਦੇ ਸਤਿਕਾਰ ਦਾ ਪ੍ਰਤੀਕ ਹੀ ਨਹੀਂ ਹਨ, ਸਗੋਂ ਨੌਜਵਾਨ ਪੀੜ੍ਹੀ ਅਤੇ ਭਵਿੱਖ ਦੇ ਵੀ ਪ੍ਰੇਰਨਾ ਦੇ ਅਮਰ ਸਰੋਤ ਹਨ। ਆਪਣੇ ਆਦਰਸ਼ਾਂ ਦਾ ਇਹ ਸਨਮਾਨ, ਉਨ੍ਹਾਂ ਤੋਂ ਪ੍ਰੇਰਣਾ, ਇਹੀ ਵਿਕਸਿਤ ਭਾਰਤ ਦੇ ਸਾਡੇ ਸੰਕਲਪ ਨੂੰ ਊਰਜਾ ਅਤੇ ਆਤਮ-ਵਿਸ਼ਵਾਸ ਨਾਲ ਭਰ ਰਿਹਾ ਹੈ।

ਇੱਕ ਕਮਜ਼ੋਰ ਰਾਸ਼ਟਰ ਦਾ ਆਪਣੇ ਟੀਚਿਆਂ ਤੱਕ ਪਹੁੰਚਣਾ ਮੁਸ਼ਕਲ ਹੁੰਦਾ ਹੈ। ਇਸ ਲਈ ਨੇਤਾਜੀ ਸੁਭਾਸ਼ ਨੇ ਹਮੇਸ਼ਾ ਮਜ਼ਬੂਤ ਰਾਸ਼ਟਰ ਦਾ ਸੁਪਨਾ ਦੇਖਿਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ 21ਵੀਂ ਸਦੀ ਦਾ ਭਾਰਤ ਵੀ ਇੱਕ ਮਜ਼ਬੂਤ ਅਤੇ ਦ੍ਰਿੜ੍ਹ ਸੰਕਲਪਿਤ ਰਾਸ਼ਟਰ ਦੇ ਤੌਰ 'ਤੇ ਆਪਣੀ ਪਛਾਣ ਬਣਾ ਰਿਹਾ ਹੈ। ਭਾਰਤ ਅੱਜ ਸ਼ਕਤੀ ਵਧਾਉਣਾ, ਸ਼ਕਤੀ ਸੰਭਾਲਣਾ ਅਤੇ ਉਸ ਦੀ ਵਰਤੋਂ ਕਰਨਾ ਵੀ ਜਾਣਦਾ ਹੈ। ਨੇਤਾਜੀ ਸੁਭਾਸ਼ ਦੇ ਸਮਰੱਥ ਭਾਰਤ ਦੇ ਦ੍ਰਿਸ਼ਟੀਕੋਣ 'ਤੇ ਚੱਲਦੇ ਹੋਏ, ਅੱਜ ਅਸੀਂ ਡਿਫੈਂਸ ਸੈਕਟਰ ਨੂੰ ਆਤਮ-ਨਿਰਭਰ ਬਣਾਉਣ ਵਿੱਚ ਲੱਗੇ ਹੋਏ ਹਾਂ। ਪਹਿਲਾਂ ਭਾਰਤ ਸਿਰਫ਼ ਵਿਦੇਸ਼ਾਂ ਤੋਂ ਮੰਗਵਾਏ ਹਥਿਆਰਾਂ ਦੇ



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

"

ਨੇਤਾ ਜੀ ਸੁਭਾਸ਼ ਚੰਦ੍ਰ ਬੋਸ ਦੀ ਜਯੰਤੀ 'ਤੇ ਅਸੀਂ ਉਨ੍ਹਾਂ ਦੇ ਅਟਲ ਸਾਹਸ, ਸੰਕਲਪ ਅਤੇ ਰਾਸ਼ਟਰ ਦੇ ਪ੍ਰਤੀ ਉਨ੍ਹਾਂ ਦੇ ਮਿਸਾਲੀ ਯੋਗਦਾਨ ਨੂੰ ਯਾਦ ਕਰਦੇ ਹਾਂ। ਉਨ੍ਹਾਂ ਨੇ ਨਿਡਰ ਅਗਵਾਈ ਅਤੇ ਅਟਲ ਦੇਸ਼ਭਗਤੀ ਦਾ ਪ੍ਰਤੀਕ ਪੇਸ਼ ਕੀਤਾ। ਉਨ੍ਹਾਂ ਦੇ ਆਦਰਸ਼ ਪੀੜ੍ਹੀਆਂ ਨੂੰ ਇੱਕ ਮਜ਼ਬੂਤ ਭਾਰਤ ਬਣਾਉਣ ਦੇ ਲਈ ਪ੍ਰੇਰਿਤ ਕਰਦੇ ਰਹਿੰਦੇ ਹਾਂ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਪਰਾਕ੍ਰਮ ਦਿਵਸ

- ਉਸ ਵਿਰਾਸਤ ਨੂੰ ਨਮਨ, ਜਿਸ ਨੇ ਅਸੰਭਵ ਨੂੰ ਚੁਣੌਤੀ ਦਿੱਤੀ।
- ਉਸ ਹਿੰਮਤ ਦੀ ਯਾਦ, ਜਿਸ ਨੇ ਇਤਿਹਾਸ ਦੀ ਧਾਰਾ ਬਦਲੀ।
- ਉਨ੍ਹਾਂ ਕਦਰਾਂ-ਕੀਮਤਾਂ ਦੀ ਮੁੜ ਪੁਸ਼ਟੀ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਨੂੰ ਆਕਾਰ ਦਿੱਤਾ।

# ਨੇਤਾਜੀ ਦੇ ਜੀਵਨ ਅਤੇ ਆਦਰਸ਼ਾਂ ਨੂੰ ਲੋਕਪ੍ਰਿਯ ਬਣਾਉਣ ਦੇ ਯਤਨ

- ਪ੍ਰਧਾਨ ਮੰਤਰੀ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਰਹਿੰਦੇ ਹੋਏ ਆਈਟੀ ਸੈਕਟਰ ਨੂੰ ਤਬਦੀਲ ਕਰਨ ਵਾਲੀ ਨੇਤਾਜੀ ਨਾਲ ਜੁੜੀ ਇੱਕ ਮੋਹਰੀ ਈ-ਗ੍ਰਾਮ ਵਿਸ਼ਵਗ੍ਰਾਮ ਯੋਜਨਾ 23 ਜਨਵਰੀ 2009 ਨੂੰ ਲਾਂਚ ਕੀਤੀ।
- ਪ੍ਰਧਾਨ ਮੰਤਰੀ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਰਹਿੰਦੇ ਹੋਏ 2012 ਵਿੱਚ ਆਜ਼ਾਦ ਹਿੰਦ ਫੌਜ ਦਿਵਸ 'ਤੇ ਅਹਿਮਦਾਬਾਦ ਵਿੱਚ ਇੱਕ ਵੱਡੇ ਪ੍ਰੋਗਰਾਮ ਦਾ ਆਯੋਜਨ ਕੀਤਾ ਸੀ।
- ਨੇਤਾਜੀ ਨਾਲ ਸਬੰਧਿਤ ਫਾਈਲਾਂ ਅਤੇ ਦਸਤਾਵੇਜ਼ਾਂ ਨੂੰ ਜਨਤਕ ਕੀਤਾ ਗਿਆ।
- ਵਰ੍ਹੇ 2018 ਵਿੱਚ ਆਜ਼ਾਦ ਹਿੰਦ ਸਰਕਾਰ ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਲਾਲ ਕਿਲ੍ਹੇ 'ਤੇ ਮਨਾਈ ਗਈ। ਉੱਥੇ ਪ੍ਰਧਾਨ ਮੰਤਰੀ ਮੋਦੀ ਨੇ ਤਿਰੰਗਾ ਫਹਿਰਾਇਆ।
- ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ ਦੇ ਸ਼੍ਰੀ ਵਿਜੈਪੁਰਮ (ਤਤਕਾਲੀ ਪੋਰਟ ਬਲੇਅਰ) ਵਿਖੇ ਨੇਤਾਜੀ ਦੁਆਰਾ ਉੱਥੇ ਰਾਸ਼ਟਰੀ ਝੰਡਾ ਲਹਿਰਾਉਣ ਦੀ 75ਵੀਂ ਵਰ੍ਹੇਗੰਢ ਦੇ ਮੌਕੇ 'ਤੇ ਤਿਰੰਗਾ ਫਹਿਰਾਇਆ ਗਿਆ।
- ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ ਦੇ ਤਿੰਨ ਪ੍ਰਮੁੱਖ ਦ੍ਵੀਪਾਂ ਦੇ ਨਾਮ ਬਦਲੇ ਗਏ। ਇਸ ਵਿੱਚ ਰੌਸ ਦ੍ਵੀਪ ਨੂੰ ਹੁਣ ਨੇਤਾਜੀ ਸੁਭਾਸ਼ ਚੰਦ੍ਰ ਬੋਸ ਦ੍ਵੀਪ ਦੇ ਨਾਮ ਨਾਲ ਜਾਣਿਆ ਜਾਂਦਾ ਹੈ।
- ਲਾਲ ਕਿਲ੍ਹੇ ਵਿੱਚ ਸਥਿਤ ਕ੍ਰਾਂਤੀ ਮੰਦਿਰ ਮਿਊਜ਼ੀਅਮ ਵਿੱਚ ਨੇਤਾਜੀ ਅਤੇ ਇੰਡੀਅਨ ਨੈਸ਼ਨਲ ਆਰਮੀ ਨਾਲ ਸਬੰਧਿਤ ਮਹੱਤਵਪੂਰਵ ਇਤਿਹਾਸਕ ਸਮੱਗਰੀ ਰੱਖੀ ਗਈ ਹੈ। ਇਸ ਵਿੱਚ ਨੇਤਾਜੀ ਦੁਆਰਾ ਪਾਈ ਗਈ ਟੋਪੀ ਵੀ ਸ਼ਾਮਲ ਹੈ।
- 2021 ਵਿੱਚ ਭਾਰਤ ਸਰਕਾਰ ਨੇ ਨੇਤਾਜੀ ਸੁਭਾਸ਼ ਚੰਦ੍ਰ ਬੋਸ ਦੀ ਜਯੰਤੀ ਨੂੰ ਪਰਾਕ੍ਰਮ ਦਿਵਸ ਦੇ ਰੂਪ ਵਿੱਚ ਐਲਾਨਿਆ।
- 13 ਸਤੰਬਰ, 2024 ਨੂੰ ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ ਦੀ ਰਾਜਧਾਨੀ ਪੋਰਟ ਬਲੇਅਰ ਦਾ ਨਾਮ ਬਦਲ ਕੇ 'ਸ਼੍ਰੀ ਵਿਜੈਪੁਰਮ' ਕਰਨ ਦਾ ਫੈਸਲਾ ਲਿਆ ਗਿਆ।
- ਬਸਤੀਵਾਦੀ ਮਾਨਸਿਕਤਾ ਨੂੰ ਛੱਡਣ ਅਤੇ ਨੇਤਾਜੀ ਸੁਭਾਸ਼ ਚੰਦ੍ਰ ਬੋਸ ਦੇ ਪ੍ਰਤੀ ਸ਼ਰਧਾਂਜਲੀ ਦੇ ਤੌਰ 'ਤੇ ਇੰਡੀਆ ਗੇਟ ਦੇ ਕੋਲ ਉਨ੍ਹਾਂ ਦੀ ਪ੍ਰਤਿਮਾ ਸਥਾਪਿਤ ਕੀਤੀ ਗਈ।

ਸਹਾਰੇ ਰਹਿੰਦਾ ਸੀ। ਜਦਕਿ ਅੱਜ ਰੱਖਿਆ ਨਿਰਯਾਤ 23 ਹਜ਼ਾਰ ਕਰੋੜ ਨੂੰ ਪਾਰ ਕਰ ਚੁੱਕਿਆ ਹੈ। ਭਾਰਤ ਵਿੱਚ ਬਣੀ ਬ੍ਰਹਿਮੋਸ ਅਤੇ ਦੂਜੀਆਂ ਮਿਜ਼ਾਈਲਾਂ, ਕਿੰਨੇ ਹੀ ਦੇਸ਼ਾਂ ਦਾ ਧਿਆਨ ਖਿੱਚ ਰਹੀਆਂ ਹਨ।

### ਸੁਭਾਸ਼ ਚੰਦ੍ਰ ਬੋਸ ਆਫਤ ਪ੍ਰਬੰਧਨ ਪੁਰਸਕਾਰ – 2026

ਸਿੱਕਿਮ ਰਾਜ ਆਫਤ ਪ੍ਰਬੰਧਨ ਅਥਾਰਿਟੀ ਨੂੰ ਸੰਸਥਾਗਤ ਸ਼੍ਰੇਣੀ ਅਤੇ ਲੈਫਟੀਨੈਂਟ ਕਰਨਲ ਸੀਤਾ ਅਸ਼ੋਕ ਸ਼ੇਲਕੇ ਨੂੰ ਵਿਅਕਤੀਗਤ ਸ਼੍ਰੇਣੀ ਵਿੱਚ ਸੁਭਾਸ਼ ਚੰਦ੍ਰ ਬੋਸ ਆਪਦਾ ਪ੍ਰਬੰਧਨ ਪੁਰਸਕਾਰ -2026 ਦੇ ਲਈ ਚੁਣਿਆ ਗਿਆ। ਭਾਰਤ ਸਰਕਾਰ ਨੇ ਆਫਤ ਪ੍ਰਬੰਧਨ ਦੇ ਖੇਤਰ ਵਿੱਚ ਭਾਰਤ ਵਿੱਚ ਵਿਅਕਤੀ ਅਤੇ ਸੰਗਠਨਾਂ ਦੁਆਰਾ ਦਿੱਤੇ ਗਏ ਵਡਮੁੱਲੇ ਯੋਗਦਾਨ ਅਤੇ ਨਿਰਸਵਾਰਥ ਸੇਵਾ ਨੂੰ ਪਛਾਣਨ ਅਤੇ ਸਨਮਾਨਿਤ ਕਰਨ ਦੇ ਲਈ ਸੁਭਾਸ਼ ਚੰਦ੍ਰ ਬੋਸ ਆਫਤ ਪ੍ਰਬੰਧਨ ਪੁਰਸਕਾਰ ਦੀ ਸਥਾਪਨਾ ਕੀਤੀ ਹੈ। ਨਾਲ ਹੀ, ਦੇਸ਼ ਵਿੱਚ ਆਫਤ ਪ੍ਰਬੰਧਨ ਦੀਆਂ ਪ੍ਰਣਾਲੀਆਂ, ਤਿਆਰੀਆਂ, ਆਪਦਾ ਘਟਾਉਣ ਅਤੇ ਆਫਤਾਂ ਨਾਲ ਨਜਿੱਠਣ ਦੇ ਤੌਰ -ਤਰੀਕਿਆਂ ਵਿੱਚ ਜ਼ਿਕਰਯੋਗ ਸੁਧਾਰ ਹੋਇਆ ਹੈ। ਇਸ ਦੇ ਸਿੱਟੇ ਵਜੋਂ ਕੁਦਰਤੀ ਆਫਤਾਂ ਦੇ ਦੌਰਾਨ ਮੌਤ ਦਰ ਵਿੱਚ ਕਾਫੀ ਕਮੀ ਆਈ ਹੈ।

### 13 ਸਥਾਨਾਂ 'ਤੇ ਪਰਾਕ੍ਰਮ ਦਿਵਸ ਦਾ ਆਯੋਜਨ

ਅੰਡੇਮਾਨ ਅਤੇ ਨਿਕੋਬਾਰ ਦ੍ਵੀਪ ਸਮੂਹ ਵਿੱਚ ਆਯੋਜਿਤ ਮੁੱਖ ਸਮਾਗਮ ਦੇ ਨਾਲ-ਨਾਲ, ਪਰਾਕ੍ਰਮ ਦਿਵਸ ਦੇਸ਼ ਭਰ ਦੇ 13 ਪ੍ਰਮੁੱਖ ਸਥਾਨਾਂ ਕਟਕ, ਕੋਡਾਲਿਆ, ਰਾਮਗੜ੍ਹ, ਹਰਿਪੁਰਾ, ਜਬਲਪੁਰ, ਕੋਲਕਾਤਾ, ਮੁਰਸ਼ਿਦਾਬਾਦ, ਡਲਹੌਜ਼ੀ, ਦਿੱਲੀ, ਮੋਇਰਾਂਗ, ਕੋਹਿਮਾ, ਗੋਮੋ ਅਤੇ ਮੇਰਠ ਵਿੱਚ ਵੀ ਮਨਾਇਆ ਗਿਆ। ਇਹ ਸਥਾਨ ਨੇਤਾਜੀ ਦੇ ਜੀਵਨ ਅਤੇ ਵਿਰਾਸਤ ਨਾਲ ਨੇੜਿਓਂ ਜੁੜੇ ਹਨ। ▪




ਨੈਸ਼ਨਲ ਕੈਡਿਟ ਕੋਰ

# ਆਤਮ-ਵਿਸ਼ਵਾਸੀ–ਅਨੁਸ਼ਾਸਿਤ ਯੁਵਾ ਸ਼ਕਤੀ

**ਨੈਸ਼ਨਲ ਕੈਡਿਟ ਕੋਰ (ਐੱਨਸੀਸੀ) ਇੱਕ ਅਜਿਹਾ ਸੰਗਠਨ, ਇੱਕ ਅਜਿਹਾ ਅੰਦੋਲਨ ਜੋ ਭਾਰਤ ਦੀ ਯੁਵਾ ਸ਼ਕਤੀ ਨੂੰ ਆਤਮ-ਵਿਸ਼ਵਾਸੀ, ਅਨੁਸ਼ਾਸਿਤ –ਸੰਵੇਦਨਸ਼ੀਲ ਅਤੇ ਰਾਸ਼ਟਰ ਦੇ ਲਈ ਸਮਰਪਿਤ ਨਾਗਰਿਕ ਬਣਾਉਂਦਾ ਹੈ। ਐੱਨਸੀਸੀ ਵਿੱਚ ਸ਼ਾਮਲ ਹੋਣ ਵਾਲੇ ਕੈਡਿਟਾਂ ਦੀ ਸੰਖਿਆ ਬੀਤੇ ਵਰ੍ਹਿਆਂ ਵਿੱਚ 14 ਲੱਖ ਤੋਂ ਵਧ ਕੇ 20 ਲੱਖ ਪਹੁੰਚ ਗਈ ਹੈ। ਐੱਨਸੀਸੀ ਗਣਤੰਤਰ ਦਿਵਸ ਕੈਂਪ 2026 ਦੀ ਸਮਾਪਤੀ 'ਤੇ ਦਿੱਲੀ ਦੇ ਕਰਿਯੱਪਾ ਪਰੇਡ ਗਰਾਊਂਡ ਵਿੱਚ ਆਯੋਜਿਤ ਸਲਾਨਾ ਐੱਨਸੀਸੀ ਪੀਐੱਮ ਰੈਲੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ–ਐੱਨਸੀਸੀ ਹਰ ਵਰ੍ਹੇ ਆਪਣੀ ਭੂਮਿਕਾ ਨੂੰ ਕਰ ਰਿਹਾ ਹੈ ਹੋਰ ਮਜ਼ਬੂਤ ...**

ਐੱਨਸੀਸੀ, ਨੌਜਵਾਨਾਂ ਦਾ ਮੰਚ ਹੈ। ਇਸ ਮੰਚ 'ਤੇ ਆਪਣੀ ਵਿਰਾਸਤ ਨੂੰ ਮਾਣ ਦੇ ਨਾਲ ਜੀਵਿਆ ਜਾਂਦਾ ਹੈ। ਜਿਵੇਂ ਇਸ ਵਰ੍ਹੇ ਵੰਦੇ ਮਾਤਰਮ ਦੇ 150 ਵਰ੍ਹੇ ਹੋਣ ਦਾ ਉਤਸਵ ਐੱਨਸੀਸੀ ਨੇ ਪੂਰੇ ਜੋਸ਼ ਨਾਲ ਮਨਾਇਆ। ਪਰਮਵੀਰ ਸਾਗਰ ਯਾਤਰਾ ਵੀ ਇਸੇ ਦੀ ਇੱਕ ਬਿਹਤਰੀਨ ਉਦਾਹਰਣ ਹੈ। ਐੱਨਸੀਸੀ ਰੈਲੀ ਵਿੱਚ ਪਰਮਵੀਰ ਸਾਗਰ ਯਾਤਰਾ ਨੂੰ ਲੈ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਕੁਝ ਵਰ੍ਹੇ ਪਹਿਲਾਂ ਸਰਕਾਰ ਨੇ ਅੰਡੇਮਾਨ –ਨਿਕੋਬਾਰ ਦੇ 21 ਦ੍ਵੀਪਾਂ ਨੂੰ ਪਰਮਵੀਰ ਚੱਕਰ ਜੇਤੂਆਂ ਦੇ ਨਾਮ ਦਿੱਤੇ ਸਨ। ਇਸ ਦੇ ਪਿੱਛੇ ਰਾਸ਼ਟਰ ਨਾਇਕਾਂ ਨੂੰ ਸਨਮਾਨ ਦੇਣ ਦੀ ਜੋ ਭਾਵਨਾ ਸੀ, ਉਸ ਨੂੰ ਸਮੁੰਦਰੀ ਜਹਾਜ਼ ਦੀ ਮੁਹਿੰਮ ਤੋਂ ਅੱਗੇ ਵਧਾਇਆ ਗਿਆ ਹੈ। ਇਸੇ ਤਰ੍ਹਾਂ, ਲਕਸ਼ਦ੍ਵੀਪ ਵਿੱਚ ਦ੍ਵੀਪ ਉਤਸਵ ਦੇ ਜ਼ਰੀਏ ਤੁਸੀਂ ਸਾਗਰ, ਸੱਭਿਆਚਾਰ, ਪ੍ਰਕਿਰਤੀ ਸਾਰਿਆਂ ਨੂੰ ਇਕੱਠੇ ਸੈਲੀਬ੍ਰੇਟ ਕੀਤਾ ਗਿਆ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਐੱਨਸੀਸੀ ਕੈਡਿਟਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਐੱਨਸੀਸੀ ਨੇ ਇਤਿਹਾਸ ਨੂੰ ਸਮਾਰਕਾਂ ਤੋਂ ਕੱਢ ਕੇ ਜਨ-ਜਨ ਦੇ ਦਿਲਾਂ ਵਿੱਚ ਜੀਵੰਤ ਬਣਾਇਆ ਹੈ। ਐੱਨਸੀਸੀ ਨੇ ਬਾਜੀਰਾਓ ਪੇਸ਼ਵਾ ਦੀ ਬਹਾਦਰੀ, ਮਹਾਯੋਧਾ ਲਚਿਤ ਬੋਰਫੁਕਨ ਦੀ ਕੁਸ਼ਲਤਾ ਅਤੇ ਭਗਵਾਨ ਬਿਰਸਾ ਮੁੰਡਾ ਦੀ ਅਗਵਾਈ ਨੂੰ ਆਪਣੀ ਸਾਈਕਲ ਰੈਲੀ ਦੇ ਮਾਧਿਅਮ ਨਾਲ ਜਨ ਚੇਤਨਾ ਜਗਾਉਣ ਦਾ ਕੰਮ ਕੀਤਾ। ਅੱਜ ਪੂਰੀ ਦੁਨੀਆ ਯੁਵਾ ਭਾਰਤ ਦੇ ਨੌਜਵਾਨਾਂ ਵੱਲ ਬਹੁਤ ਭਰੋਸੇ ਨਾਲ ਦੇਖ ਰਹੀ ਹੈ। ਇਸ ਭਰੋਸੇ ਦਾ ਕਾਰਨ ਹੈ, ਸਕਿੱਲ ਅਤੇ ਸੰਸਕਾਰ। ਭਾਰਤ ਦੇ ਨੌਜਵਾਨਾਂ ਕੋਲ ਲੋਕਤੰਤਰ ਦੇ ਸੰਸਕਾਰ ਹਨ, ਹਰ ਤਰ੍ਹਾਂ ਦੀ ਵਿਭਿੰਨਤਾ ਨੂੰ ਸਨਮਾਨ ਦੇਣ ਦੇ ਸੰਸਕਾਰ ਹਨ, ਨਾਲ ਹੀ ਪੂਰੀ ਦੁਨੀਆ ਨੂੰ ਇੱਕ ਪਰਿਵਾਰ ਮੰਨਣ ਦੇ ਸੰਸਕਾਰ ਹਨ। ਪ੍ਰਧਾਨ ਮੰਤਰੀ ਮੋਦੀ ਨੇ ਰੈਲੀ ਵਿੱਚ ਕਿਹਾ ਕਿ ਇਸੇ ਲਈ, ਭਾਰਤ ਦੇ ਯੁਵਾ ਕਿਤੇ ਵੀ ਜਾਂਦੇ ਹਨ ਤਾਂ ਉਸ ਦੇਸ਼ ਦੇ ਲੋਕਾਂ ਦੇ ਨਾਲ ਅਸਾਨੀ ਨਾਲ ਘੁਲ-ਮਿਲ ਜਾਂਦੇ ਹਨ, ਉਨ੍ਹਾਂ ਦੇ ਦਿਲਾਂ ਨੂੰ ਜਿੱਤ ਲੈਂਦੇ ਹਨ। ਅਸੀਂ ਆਪਣੀ ਸਮਰੱਥਾ ਨਾਲ ਉਸ ਦੇਸ਼ ਦੇ ਵਿਕਾਸ ਵਿੱਚ ਮਦਦ ਕਰਦੇ ਹਾਂ। ਇਹੀ ਸਾਡੇ ਸੰਸਕਾਰ ਹਨ, ਇਹੀ ਸਾਡਾ ਸੁਭਾਅ

# ਐੱਨਸੀਸੀ ਕੈਡੇਟਸ ਦੀ ਗਿਣਤੀ 20 ਲੱਖ

ਬੀਤੇ ਵਰ੍ਹਿਆਂ ਵਿੱਚ ਐੱਨਸੀਸੀ ਕੈਡੇਟਸ ਦੀ ਗਿਣਤੀ 14 ਲੱਖ ਤੋਂ ਵਧ ਕੇ 20 ਲੱਖ ਹੋ ਚੁੱਕੀ ਹੈ। ਖਾਸ ਕਰਕੇ ਸਰਹੱਦੀ ਇਲਾਕਿਆਂ ਅਤੇ ਤਟਵਰਤੀ ਖੇਤਰਾਂ ਵਿੱਚ ਐੱਨਸੀਸੀ ਕੈਡੇਟਸ ਦੀ ਗਿਣਤੀ ਵਿੱਚ ਕਾਫੀ ਵਾਧਾ ਹੋਇਆ ਹੈ। ਐੱਨਸੀਸੀ ਨੇ 'ਏਕ ਪੇੜ ਮਾਂ ਕੇ ਨਾਮ' ਦੇ ਅਭਿਆਨ ਦੇ ਤਹਿਤ ਲਗਭਗ 8 ਲੱਖ ਪੌਦੇ ਵੀ ਲਗਾਏ ਹਨ।



## ਰੈਲੀ ਦੀ ਥੀਮ

### 'ਰਾਸ਼ਟਰ ਪ੍ਰਥਮ – ਕਰਤਵਯ ਨਿਸ਼ਠ ਯੁਵਾ'

- ਸਲਾਨਾ ਐੱਨਸੀਸੀ ਪੀਐੱਮ ਰੈਲੀ 2026 ਦਾ ਵਿਸ਼ਾ 'ਰਾਸ਼ਟਰ ਪ੍ਰਥਮ –ਕਰਤਵਯ ਨਿਸ਼ਠ ਯੁਵਾ' ਰਿਹਾ, ਜੋ ਕਿ ਭਾਰਤ ਦੇ ਨੌਜਵਾਨਾਂ ਵਿੱਚ ਕਰਤੱਵ, ਅਨੁਸ਼ਾਸਨ ਅਤੇ ਰਾਸ਼ਟਰੀ ਵਚਨਬੱਧਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ।
- ਐੱਨਸੀਸੀ ਪੀਐੱਮ ਰੈਲੀ, ਮਹੀਨੇ ਭਰ ਤੱਕ ਚੱਲਣ ਵਾਲੇ ਐੱਨਸੀਸੀ ਗਣਤੰਤਰ ਦਿਵਸ ਕੈਂਪ 2026 ਦੀ ਸਮਾਪਤੀ ਦਾ ਪ੍ਰਤੀਕ ਹੈ।
- ਇਸ ਵਰ੍ਹੇ ਦੇਸ਼ ਭਰ ਤੋਂ 2,406 ਐੱਨਸੀਸੀ ਕੈਡੇਟਸ ਨੇ ਕੈਂਪ ਵਿੱਚ ਹਿੱਸਾ ਲਿਆ। ਇਨ੍ਹਾਂ ਵਿੱਚ 898 ਵਿਦਿਆਰਥੀ ਕੈਡੇਟ ਵੀ ਸ਼ਾਮਲ ਸਨ। ਰੈਲੀ ਵਿੱਚ 21 ਹੋਰ ਦੇਸ਼ਾਂ ਦੇ 207 ਨੌਜਵਾਨ ਅਤੇ ਅਧਿਕਾਰੀ ਵੀ ਸ਼ਾਮਲ ਹੋਏ।
- ਰੈਲੀ ਵਿੱਚ ਐੱਨਸੀਸੀ ਕੈਡੇਟ, ਰਾਸ਼ਟਰੀਯ ਰੰਗਸ਼ਾਲਾ ਅਤੇ ਰਾਸ਼ਟਰੀ ਸੇਵਾ ਯੋਜਨਾ ਦੇ ਮੈਂਬਰਾਂ ਨੇ ਸੱਭਿਆਚਾਰਕ ਪ੍ਰੋਗਰਾਮ ਦੇ ਨਾਲ ਰਾਸ਼ਟਰ ਨਿਰਮਾਣ, ਸਮਾਜਿਕ ਸੇਵਾ ਅਤੇ ਚਰਿੱਤਰ ਵਿਕਾਸ ਵਿੱਚ ਨੌਜਵਾਨਾਂ ਦੀ ਭੂਮਿਕਾ ਨੂੰ ਪ੍ਰਦਰਸ਼ਿਤ ਕੀਤਾ।

"

ਸਾਡੇ ਦੇਸ਼ ਵਿੱਚ ਨੌਜਵਾਨਾਂ ਦੀਆਂ ਜੋ ਪ੍ਰਾਪਤੀਆਂ ਹਨ, ਉਨ੍ਹਾਂ ਦੀ ਪੂਰੀ ਦੁਨੀਆ ਸ਼ਲਾਘਾ ਕਰ ਰਹੀ ਹੈ। ਇਨ੍ਹਾਂ ਨੌਜਵਾਨਾਂ ਦੇ ਕਾਰਨ ਹੀ ਭਾਰਤ ਦੁਨੀਆ ਵਿੱਚ ਇਨਫਰਮੇਸ਼ਨ ਟੈਕਨੋਲੋਜੀ ਦੀ ਰੀੜ੍ਹ ਦੀ ਹੱਡੀ ਬਣ ਗਿਆ ਹੈ। ਹੁਣ ਇਨ੍ਹਾਂ ਹੀ ਨੌਜਵਾਨਾਂ ਦੀ ਸ਼ਕਤੀ ਨਾਲ ਸਟਾਰਟਅੱਪ, ਸਪੇਸ, ਡਿਜੀਟਲ ਟੈਕਨੋਲੋਜੀ, ਹਰ ਡੋਮੇਨ ਵਿੱਚ ਇੱਕ ਨਵਾਂ ਰੈਵੋਲਿਊਸ਼ਨ ਸ਼ੁਰੂ ਹੋਇਆ ਹੈ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।


ਹੈ। ਮਾਤ੍ਰ ਭੂਮੀ ਦੇ ਪ੍ਰਤੀ ਅਪਾਰ ਸ਼ਰਧਾ ਅਤੇ ਕਰਮਭੂਮੀ ਦੇ ਪ੍ਰਤੀ ਅਨੰਤ ਸਮਰਪਣ, ਇਹ ਸਾਡੀ ਵਿਰਾਸਤ ਹੈ।

## ਨੌਜਵਾਨਾਂ ਨੂੰ ਫਿਟਨੈੱਸ ਦਾ ਮੰਤਰ

ਯੁਵਾ ਸ਼ਕਤੀ ਦਾ ਬਹੁਤ ਵੱਡਾ ਟੈਸਟ ਇਹ ਹੈ ਕਿ ਅਸੀਂ ਆਉਣ ਵਾਲੇ ਸਮੇਂ ਵਿੱਚ ਕਿੰਨਾ ਜ਼ਿਆਦਾ ਫਿਟ ਹੋਵਾਂਗੇ। ਫਿਟਨੈੱਸ ਸਿਰਫ਼ ਕੁਝ ਮਿੰਟਾਂ ਦੀ ਕਸਰਤ ਤੱਕ ਸੀਮਤ ਨਹੀਂ ਹੈ। ਇਹ ਸਾਡੇ ਸੁਭਾਅ ਵਿੱਚ ਵੀ ਆਉਣੀ ਚਾਹੀਦੀ ਹੈ। ਖਾਣ-ਪੀਣ ਤੋਂ ਲੈ ਕੇ ਰੋਜ਼ਾਨਾ ਜੀਵਨ ਤੱਕ ਇੱਕ ਅਨੁਸ਼ਾਸਿਤ ਜੀਵਨ ਸ਼ੈਲੀ ਵੀ ਲਾਜ਼ਮੀ ਹੈ। ਐੱਨਸੀਸੀ ਫਿਟ ਇੰਡੀਆ ਕੈਂਪੇਨ ਨੂੰ ਅੱਗੇ ਵਧਾ ਰਿਹਾ ਹੈ। ਐੱਨਸੀਸੀ ਦੇ ਕੈਡੇਟਸ ਨੇ ਸਪੋਰਟਸ ਵਿੱਚ ਵੀ ਵਧੀਆ ਪ੍ਰਦਰਸ਼ਨ ਕੀਤਾ ਹੈ। ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨੌਜਵਾਨਾਂ ਨੂੰ ਅਪੀਲ ਕੀਤੀ... ਆਪਣੇ ਖਾਣ ਵਾਲੇ ਤੇਲ ਵਿੱਚ ਕਮੀ ਲਿਆਉਣ ਦੀ ਕੋਸ਼ਿਸ਼ ਕਰੋ। ਮੈਂ ਕੁਝ ਸਮੇਂ ਪਹਿਲਾਂ ਖਾਣੇ ਵਿੱਚ ਤੇਲ ਦੀ ਮਾਤਰਾ 10 ਪ੍ਰਤੀਸ਼ਤ ਘੱਟ ਕਰਨ ਦੀ ਤਾਕੀਦ ਕੀਤੀ ਸੀ। ਅੱਜ ਤੁਹਾਨੂੰ ਸਾਰੇ ਨੌਜਵਾਨਾਂ ਨੂੰ ਮੈਂ ਫਿਰ ਤੋਂ ਅਪੀਲ ਦਹੁਰਾਉਂਦਾ ਹਾਂ।

## ਪ੍ਰਧਾਨ ਮੰਤਰੀ ਮੋਦੀ ਦੀ ਐੱਨਸੀਸੀ ਨਾਲ ਮਜ਼ਬੂਤ ਹੋਈ ਨੇਸ਼ਨ ਫਸਟ ਦੀ ਭਾਵਨਾ

ਰਾਸ਼ਟਰੀ ਸੁਰੱਖਿਆ ਨਾਲ ਜੁੜੀਆਂ ਆਪ੍ਰੇਸ਼ਨ ਸਿੰਦੂਰ ਦੇ ਮਹੱਤਵਪੂਰਨ ਸਮੇਂ ਵਿੱਚ ਐੱਨਸੀਸੀ ਕੈਡੇਟਸ ਨੇ ਆਪਣੀਆਂ ਜ਼ਿੰਮੇਵਾਰੀਆਂ ਬਹੁਤ ਚੰਗੀ ਤਰ੍ਹਾਂ ਸੰਭਾਲੀਆਂ। ਕਿਸੇ ਨੇ ਸੈਨਾਵਾਂ ਦੀਆਂ ਤਿਆਰੀਆਂ ਵਿੱਚ ਸਹਿਯੋਗ ਦਿੱਤਾ, ਕਿਸੇ ਨੇ ਖੂਨਦਾਨ ਕੈਂਪ ਲਗਾਏ। ਕਿਸੇ ਨੇ ਮੁੱਢਲੇ ਸਿਹਤ ਕੈਂਪਸ ਰਾਹੀਂ ਸੇਵਾ ਕੀਤੀ। ਐੱਨਸੀਸੀ ਵਿੱਚ ਪਰੇਡ ਗਰਾਊਂਡ ਦੀ ਟ੍ਰੇਨਿੰਗ ਦੇ ਨਾਲ ਹੀ ਨੇਸ਼ਨ ਫਸਟ ਦੇ ਵਿਚਾਰ ਪ੍ਰਵਾਹ ਦੀ ਵੀ ਟ੍ਰੇਨਿੰਗ ਹੁੰਦੀ ਹੈ। ਐੱਨਸੀਸੀ ਤੋਂ ਮਿਲੀ ਇਹੀ ਦੇਸ਼ਭਗਤੀ ਅਤੇ ਅਗਵਾਈ ਮੁਸ਼ਕਲ ਸਮੇਂ ਵਿੱਚ ਦੇਸ਼ ਦੇ ਪ੍ਰਤੀ ਪੂਰੀ ਸ਼ਕਤੀ ਨਾਲ ਕੰਮ ਕਰਨ ਦੀ ਪ੍ਰੇਰਣਾ ਦਿੰਦੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਜਦੋਂ ਮੈਂ ਐੱਨਸੀਸੀ ਵਿੱਚ ਸੀ, ਤਾਂ ਮੇਰੀ ਵੀ ਨੇਸ਼ਨ ਫਸਟ ਦੀ ਭਾਵਨਾ ਇੰਝ ਹੀ ਮਜ਼ਬੂਤ ਹੋਈ ਸੀ। ਅੱਜ ਮੈਂ ਤੁਹਾਨੂੰ ਵੀ ਐੱਨਸੀਸੀ ਵਿੱਚ ਇਹੀ ਸਿੱਖਦੇ ਹੋਏ ਦੇਖ ਰਿਹਾ ਹਾਂ, ਮਾਣ ਮਹਿਸੂਸ ਕਰ ਰਿਹਾ ਹਾਂ।■




ਭਾਰਤ ਦਾ ਨਵਾਂ ਊਰਜਾ ਦ੍ਰਿਸ਼ਟੀਕੋਣ

# ਸਿਰਫ਼ ਊਰਜਾ ਸੁਰੱਖਿਆ ਨਹੀਂ ...
# ਆਤਮ-ਨਿਰਭਰਤਾ ਦਾ ਮਿਸ਼ਨ

ਭਵਿੱਖ ਦੀਆਂ ਜ਼ਰੂਰਤਾਂ ਅਤੇ ਚੁਣੌਤੀਆਂ ਨੂੰ ਦੇਖਦੇ ਹੋਏ ਭਾਰਤ ਹੁਣ ਸਿਰਫ਼ ਊਰਜਾ ਸੁਰੱਖਿਆ ਨਹੀਂ ਸਗੋਂ ਊਰਜਾ ਆਤਮ-ਨਿਰਭਰਤਾ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ। ਭਾਰਤ ਵਿੱਚ ਊਰਜਾ ਖੇਤਰ ਵਿੱਚ ਬੇਅੰਤ ਮੌਕੇ ਹਨ, ਇਹੀ ਕਾਰਨ ਹੈ ਕਿ 27-30 ਜਨਵਰੀ ਤੱਕ ਗੋਆ ਵਿੱਚ ਆਯੋਜਿਤ ਭਾਰਤ ਊਰਜਾ ਸਪਤਾਹ 2026 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਲਮੀ ਪ੍ਰਤੀਨਿਧੀਆਂ ਨੂੰ ਮੇਕ ਇਨ ਇੰਡੀਆ, ਇਨੋਵੇਟ ਇਨ ਇੰਡੀਆ, ਸਕੇਲ ਵਿਦ ਇੰਡੀਆ, ਇਨਵੈਸਟ ਇਨ ਇੰਡੀਆ ਦਾ ਦਿੱਤਾ ਸੱਦਾ ...

ਭਾਰਤ ਵਿੱਚ ਊਰਜਾ ਆਤਮ-ਨਿਰਭਰਤਾ ਹੁਣ ਕੋਈ ਵਿਕਲਪ ਨਹੀਂ ਸਗੋਂ ਇੱਕ ਆਰਥਿਕ, ਰਣਨੀਤਕ ਅਤੇ ਭੂ-ਰਾਜਨੀਤਕ ਜ਼ਰੂਰਤ ਬਣ ਗਈ ਹੈ। ਇਹੀ ਕਾਰਨ ਹੈ ਕਿ ਭਾਰਤ ਗ੍ਰੀਨ ਅਤੇ ਕਲੀਨ ਐਨਰਜੀ ਨੂੰ ਨਾ ਸਿਰਫ਼ ਤੇਜ਼ੀ ਨਾਲ ਅਪਣਾ ਰਿਹਾ ਹੈ ਸਗੋਂ ਉਤਪਾਦਨ ਸਮਰੱਥਾ ਦੇ ਵੱਡੇ ਟੀਚੇ ਰੱਖ ਕੇ, ਉਸ ਨੂੰ ਸਮੇਂ ਤੋਂ ਪਹਿਲਾਂ ਹਾਸਲ ਵੀ ਕਰ ਰਿਹਾ ਹੈ। ਭਾਰਤ ਊਰਜਾ ਖੇਤਰ ਵਿੱਚ ਆਤਮ-ਨਿਰਭਰ ਬਣਨ ਦੇ ਮਿਸ਼ਨ 'ਤੇ ਹੈ ਅਤੇ ਵਿਦੇਸ਼ੀ ਈਂਧਣ 'ਤੇ ਨਿਰਭਰਤਾ ਘੱਟ ਕਰ ਰਿਹਾ ਹੈ। ਊਰਜਾ ਦੇ ਖੇਤਰ ਵਿੱਚ ਸਾਂਝੇਦਾਰੀ ਅਤੇ ਨਿਵੇਸ਼ ਆਕਰਸ਼ਿਤ ਕਰਨ 'ਤੇ ਵੀ ਕੰਮ ਕੀਤਾ ਜਾ ਰਿਹਾ ਹੈ। ਭਾਰਤ ਊਰਜਾ ਖੇਤਰ ਦਾ ਇੱਕ ਅਜਿਹਾ ਈਕੋਸਿਸਟਮ ਵਿਕਸਿਤ ਕਰ ਰਿਹਾ ਹੈ ਜੋ ਦੇਸ਼ ਦੀ ਸਥਾਨਕ ਮੰਗ ਨੂੰ ਪੂਰਾ ਕਰ ਸਕੇ ਅਤੇ ਘੱਟ ਲਾਗਤ ਵਾਲੀਆਂ ਰਿਫਾਇਨਿੰਗ ਅਤੇ ਟ੍ਰਾਂਸਪੋਰਟੇਸ਼ਨ ਸਬੰਧੀ ਸਮੱਸਿਆਵਾਂ ਨੂੰ ਦੂਰ ਕਰਕੇ ਦੁਨੀਆ ਦੇ ਲਈ ਨਿਰਯਾਤ ਨੂੰ ਹੋਰ ਪ੍ਰਤੀਯੋਗੀ ਬਣਾ ਸਕੇ।


ਭਾਰਤ ਅੱਜ ਹਰ ਸੈਕਟਰ ਵਿੱਚ ਆਲਮੀ ਸਾਂਝੇਦਾਰੀ ਨੂੰ ਵਧਾਉਣ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਿਹਾ ਹੈ। ਇਸੇ ਸਾਂਝੇਦਾਰੀ ਨੂੰ ਵਧਾਉਣ ਦੀ ਦਿਸ਼ਾ ਵਿੱਚ ਆਯੋਜਿਤ ਭਾਰਤ ਊਰਜਾ ਸਪਤਾਹ 2026 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਭਾਰਤ ਵਿੱਚ ਐਨਰਜੀ ਵੈਲਿਊ ਚੇਨ ਨਾਲ ਜੁੜੇ ਹੋਏ ਵੱਖ-ਵੱਖ ਖੇਤਰਾਂ ਵਿੱਚ ਨਿਵੇਸ਼ ਦੀਆਂ ਬਹੁਤ ਸੰਭਾਵਨਾਵਾਂ ਹਨ। ਭਾਰਤ ਨੇ ਆਪਣੇ ਐਕਸਪਲੋਰੇਸ਼ਨ ਸੈਕਟਰ ਨੂੰ ਕਾਫੀ ਓਪਨ ਕਰ ਦਿੱਤਾ ਹੈ। ਡੀਪ-ਸੀ ਐਕਸਪਲੋਰੇਸ਼ਨ ਨਾਲ ਜੁੜਿਆ ਮਿਸ਼ਨ ਵੀ ਉਨ੍ਹਾਂ ਵਿੱਚ ਹੀ ਹੈ। ਭਾਰਤ ਇਸ



> ਭਾਰਤ ਅੱਜ ਰਿਫੌਰਮ ਐਕਸਪ੍ਰੈੱਸ ‘ਤੇ ਸਵਾਰ ਹੈ। ਹਰ ਸੈਕਟਰ ਵਿੱਚ ਤੇਜ਼ੀ ਨਾਲ ਰਿਫੌਰਮ ਕਰ ਰਿਹਾ ਹੈ। ਡੋਮੈਸਟਿਕ ਹਾਈਡ੍ਰੋਕਾਰਬਨ ਨੂੰ ਮਜ਼ਬੂਤ ਕਰਨ ਦੇ ਲਈ ਰਿਫੌਰਮ ਕੀਤੇ ਜਾ ਰਹੇ ਹਨ। ਗਲੋਬਲ ਕੋਲੈਬੋਰੇਸ਼ਨ ਦੇ ਲਈ ਟ੍ਰਾਂਸਪੇਰੈਂਟ ਅਤੇ ਇਨਵੈਸਟਰ ਫ੍ਰੈਂਡਲੀ ਇਨਵਾਇਰਮੈਂਟ ਤਿਆਰ ਕੀਤਾ ਜਾ ਰਿਹਾ ਹੈ। ਅਸੀਂ ਐਕਸਪਲੋਰੇਸ਼ਨ ਸੈਕਟਰ ਵਿੱਚ ਨੋ–ਗੋ ਏਰੀਆ ਬਹੁਤ ਘੱਟ ਕਰ ਦਿੱਤਾ ਹੈ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



## ਭਾਰਤ ਦੇ ਊਰਜਾ ਖੇਤਰ ਵਿੱਚ ਨਿਵੇਸ਼ ਫਾਇਦੇਮੰਦ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਊਰਜਾ ਸਪਤਾਹ 2026 ਵਿੱਚ ਸ਼ਾਮਲ ਹੋਏ 125 ਦੇਸ਼ਾਂ ਦੇ ਪ੍ਰਤੀਨਿਧੀਆਂ ਨੂੰ ਕਿਹਾ ਹੈ ਕਿ ਭਾਰਤ ਊਰਜਾ ਖੇਤਰ ਵਿੱਚ ਨਿਵੇਸ਼ ਨੂੰ ਬਹੁਤ ਫਾਇਦੇਮੰਦ ਬਣਾਉਂਦਾ ਹੈ। ਦੇਸ਼ ਵਿੱਚ ਬਹੁਤ ਵੱਡੀ ਸੋਧ ਸਮਰੱਥਾ ਮੌਜੂਦ ਹੈ, ਭਾਰਤ ਇਸ ਮਾਮਲੇ ਵਿੱਚ ਵਿਸ਼ਵ ਵਿੱਚ ਦੂਜੇ ਸਥਾਨ ‘ਤੇ ਹੈ ਅਤੇ ਜਲਦੀ ਹੀ ਪਹਿਲੇ ਸਥਾਨ ‘ਤੇ ਹੋਵੇਗਾ। ਅੱਜ ਭਾਰਤ ਦੀ ਰਿਫਾਇਨਿੰਗ ਸਮਰੱਥਾ ਲਗਭਗ 260 ਐੱਮਐੱਮਟੀਪੀਏ ਹੈ ਜਿਸ ਨੂੰ 300 ਐੱਮਐੱਮਟੀਪੀਏ ਤੋਂ ਉੱਪਰ ਲੈ ਜਾਣ ਦੇ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਭਾਰਤ ਨੇ ਕੁੱਲ ਊਰਜਾ ਮੰਗ ਦਾ 15 ਪ੍ਰਤੀਸ਼ਤ ਲਿਕੁਵੀਫਾਇਡ ਨੈਚੁਰਲ ਗੈਸ (ਐੱਲਐੱਨਜੀ) ਨਾਲ ਪੂਰਾ ਕਰਨ ਦਾ ਟੀਚਾ ਰੱਖਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਐੱਲਐੱਨਜੀ ਦੀ ਪੂਰੀ ਵੈਲਿਊ ਚੇਨ ‘ਤੇ ਕੰਮ ਕਰਨ ਦੀ ਜ਼ਰੂਰਤ ਹੈ। ਐੱਲਐੱਨਜੀ ਟ੍ਰਾਂਸਪੋਰਟੇਸ਼ਨ ਦੇ ਲਈ ਜਿਨ੍ਹਾਂ ਵੇਸਲਜ਼ ਦੀ ਜ਼ਰੂਰਤ ਹੈ, ਉਨ੍ਹਾਂ ਨੂੰ ਭਾਰਤ ਵਿੱਚ ਹੀ ਬਣਾਉਣ ‘ਤੇ ਕੰਮ ਕਰ ਰਹੇ ਹਾਂ। ਹਾਲ ਹੀ ਵਿੱਚ ਭਾਰਤ ਵਿੱਚ ਸ਼ਿਪ ਬਿਲਡਿੰਗ ਦੇ ਲਈ 70 ਹਜ਼ਾਰ ਕਰੋੜ ਰੁਪਏ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਐੱਲਐੱਨਜੀ ਦੇ ਟ੍ਰਾਂਸਪੋਰਟੇਸ਼ਨ ਦੇ ਲਈ ਭਾਰਤ ਵਿੱਚ ਬਹੁਤ ਵੱਡੀ ਪਾਈਪਲਾਈਨ ਦੀ ਵੀ ਹੁਣ ਜ਼ਰੂਰਤ ਹੈ।

## ਦੁਨੀਆ ਦੇ 150 ਤੋਂ ਵੱਧ ਦੇਸ਼ਾਂ ਤੱਕ ਭਾਰਤ ਦਾ ਨਿਰਯਾਤ ਕਵਰੇਜ

ਭਾਰਤ ਊਰਜਾ ਖੇਤਰ ਦੇ ਲਈ ਬਹੁਤ ਵੱਡੇ ਮੌਕਿਆਂ ਦੀ ਧਰਤੀ ਹੈ। ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧਦੀ ਹੋਈ ਵੱਡੀ ਅਰਥਵਿਵਸਥਾ ਹੈ ਜਿਸ ਨਾਲ ਊਰਜਾ ਉਤਪਾਦਾਂ ਦੀ ਮੰਗ ਲਗਾਤਾਰ ਵਧ ਰਹੀ ਹੈ। ਇਸ ਤੋਂ ਇਲਾਵਾ, ਭਾਰਤ ਦੁਨੀਆ ਦੀ ਮੰਗ ਪੂਰੀ ਕਰਨ ਦੇ ਲਈ ਵੀ ਬਿਹਤਰੀਨ ਮੌਕੇ ਉਪਲਬਧ ਕਰਵਾਉਂਦਾ ਹੈ। ਅੱਜ ਭਾਰਤ ਦੁਨੀਆ ਵਿੱਚ ਪੈਟਰੋਲੀਅਮ ਉਤਪਾਦ ਦੇ ਸ਼ਿਖਰਲੇ 5 ਨਿਰਯਾਤਕਾਂ ਵਿੱਚੋਂ ਇੱਕ ਹੈ। ਦੁਨੀਆ ਦੇ 150 ਤੋਂ ਵੱਧ ਦੇਸ਼ਾਂ ਤੱਕ ਨਿਰਯਾਤ ਕਵਰੇਜ ਹੈ। ਪ੍ਰਧਾਨ ਮੰਤਰੀ ਮੋਦੀ ਨੇ ਨਿਵੇਸ਼ਕਾਂ ਨੂੰ ਕਿਹਾ ਕਿ ਭਾਰਤ ਦੀ ਇਹ ਸਮਰੱਥਾ ਬਹੁਤ ਕੰਮ ਆਉਣ ਵਾਲੀ ਹੈ। ਭਾਰਤ ਊਰਜਾ ਸਪਤਾਹ 2026 ਦਾ ਮੰਚ ਸਾਂਝੇਦਾਰੀ ਨੂੰ ਐਕਸਪਲੋਰ ਕਰਨ ਦਾ ਉੱਤਮ ਸਥਾਨ ਹੈ।

ਦਹਾਕੇ ਦੇ ਅੰਤ ਤੱਕ ਆਪਣੇ ਤੇਲ ਅਤੇ ਗੈਸ ਦੇ ਖੇਤਰ ਵਿੱਚ ਨਿਵੇਸ਼ ਨੂੰ 100 ਅਰਬ ਡਾਲਰ ਤੱਕ ਲੈ ਜਾਣ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ ਦੇ ਦਾਇਰੇ ਨੂੰ 10 ਲੱਖ ਵਰਗ ਕਿਲੋਮੀਟਰ ਤੱਕ ਵਿਸਤਾਰ ਦਿੱਤੇ ਜਾਣ ਦਾ ਟੀਚਾ ਹੈ। ਇਸੇ ਸੋਚ ਦੇ ਨਾਲ ਸਾਡੇ 170 ਤੋਂ ਵੱਧ ਬਲਾਕ ਅਵਾਰਡ ਕੀਤੇ ਜਾ ਚੁੱਕੇ ਹਨ। ਅੰਡੇਮਾਨ ਅਤੇ ਨਿਕੋਬਾਰ ਦਾ ਬੇਸਿਨ ਵੀ ਦੇਸ਼ ਦੇ ਲਈ ਨੈਕਸਟ ਹਾਈਡ੍ਰੋਕਾਰਬਨ ਉਮੀਦ ਬਣ ਰਿਹਾ ਹੈ।




# ਰਣਨੀਤਕ ਸਾਂਝੇਦਾਰੀ ਨਾਲ ਵਿਕਾਸ ਨੂੰ ਰਫ਼ਤਾਰ

ਪਿਛਲੇ ਕੁਝ ਵਰ੍ਹਿਆਂ ਵਿੱਚ ਸੰਯੁਕਤ ਅਰਬ ਅਮੀਰਾਤ ਅਤੇ ਭਾਰਤ ਦੇ ਸਬੰਧ ਨਵੀਆਂ ਉਚਾਈਆਂ 'ਤੇ ਪਹੁੰਚ ਗਏ ਹਨ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੱਦੇ 'ਤੇ ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਸ਼ੇਖ ਮੋਹੰਮਦ ਬਿਨ ਜਾਇਦ ਅਲ ਨਾਹਯਾਨ 19 ਜਨਵਰੀ ਨੂੰ ਭਾਰਤ ਦੀ ਯਾਤਰਾ 'ਤੇ ਆਏ। ਕੁਝ ਘੰਟਿਆ ਦੀ ਇਸ ਯਾਤਰਾ ਵਿੱਚ ਦੋਨੋਂ ਦੇਸ਼ਾਂ ਦੇ ਦਰਮਿਆਨ ਹੋਏ ਕੁਝ ਮਹੱਤਵਪੂਰਨ ਸਮਝੌਤੇ ...

ਭਾਰਤ ਅਤੇ ਸੰਯੁਕਤ ਅਰਬ ਅਮੀਰਾਤ, ਰਣਨੀਤਕ ਸਾਂਝੇਦਾਰੀ, ਵਪਾਰ, ਨਿਵੇਸ਼, ਊਰਜਾ, ਰੱਖਿਆ ਅਤੇ ਨਵੀਨਤਾ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਲਗਾਤਾਰ ਮਜ਼ਬੂਤੀ ਦੇ ਰਹੇ ਹਨ। ਸੰਯੁਕਤ ਅਰਬ ਅਮੀਰਾਤ (ਯੂਏਈ) ਦੇ ਰਾਸ਼ਟਰਪਤੀ ਦੀ ਇਹ ਯਾਤਰਾ ਸਿਰਫ਼ ਰਸਮੀ ਸ਼ਿਸ਼ਟਾਚਾਰ ਨਹੀਂ, ਸਗੋਂ ਸਾਂਝੀ ਸਮ੍ਰਿੱਧੀ, ਤਕਨੀਕੀ ਸਹਿਯੋਗ ਅਤੇ ਨਾਗਰਿਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਫੈਸਲਾਕੁੰਨ ਕਦਮ ਹੈ। ਦੋਨਾਂ ਦੇਸ਼ਾਂ ਦੇ ਸਬੰਧਾਂ ਦੀ ਮਹੱਤਤਾ ਇਸ ਤੋਂ ਵੀ ਸਮਝ ਸਕਦੇ ਹਾਂ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਖੁਦ ਦਿੱਲੀ ਦੇ ਹਵਾਈ ਅੱਡੇ 'ਤੇ ਯੂਏਈ ਦੇ ਰਾਸ਼ਟਰਪਤੀ ਦਾ ਸੁਆਗਤ ਕਰਨ ਪਹੁੰਚੇ। ਇਹ ਯਾਤਰਾ ਦੋਨਾਂ ਦੇਸ਼ਾਂ ਦੀ ਮਜ਼ਬੂਤ ਦੋਸਤੀ ਦੇ ਪ੍ਰਤੀ ਮਹੱਤਵ ਨੂੰ ਦਰਸਾਉਂਦੀ ਹੈ। ਦੋਨਾਂ ਦੇਸ਼ਾਂ ਦੇ ਸਬੰਧਾਂ ਦੀ ਉਚਾਈ ਨੂੰ ਇਸ ਤੋਂ ਵੀ ਸਮਝ ਸਕਦੇ ਹਾਂ ਕਿ ਪਿਛਲੇ 10 ਵਰ੍ਹਿਆਂ ਵਿੱਚ ਸ਼ੇਖ ਮੋਹੰਮਦ ਬਿਨ ਜਾਇਦ ਅਲ ਨਾਹਯਾਨ ਦੀ ਭਾਰਤ ਦੀ ਇਹ ਪੰਜਵੀਂ ਯਾਤਰਾ ਸੀ, ਜਦਕਿ ਰਾਸ਼ਟਰਪਤੀ ਦੇ ਰੂਪ ਵਿੱਚ ਤੀਜੀ ਸਰਕਾਰੀ ਯਾਤਰਾ ਰਹੀ।

ਬੈਠਕ ਤੋਂ ਬਾਅਦ ਦੋਨਾਂ ਨੇਤਾਵਾਂ ਨੇ ਸਾਂਝੇ ਸੰਬੋਧਨ ਵਿੱਚ ਵਰ੍ਹੇ 2022 ਵਿੱਚ ਵਿਆਪਕ ਆਰਥਿਕ ਸਮਝੌਤੇ (ਸੀਈਪੀਏ) 'ਤੇ ਦਸਤਖਤ ਕਰਨ ਦੇ ਬਾਅਦ ਤੋਂ ਵਪਾਰ ਅਤੇ ਆਰਥਿਕ ਸਹਿਯੋਗ ਵਿੱਚ ਹੋਏ ਵਾਧੇ ਦਾ ਸੁਆਗਤ ਕੀਤਾ। ਦੁਵੱਲੇ ਵਪਾਰ ਵਿੱਚ ਹੋਈ ਪ੍ਰਗਤੀ ਨੂੰ ਰੇਖਾਂਕਿਤ ਵੀ ਕੀਤਾ। ਵਿੱਤੀ ਵਰ੍ਹੇ 2024-25 ਵਿੱਚ ਦੋਨਾਂ ਦੇਸ਼ਾਂ ਦੇ ਦਰਮਿਆਨ 100 ਬਿਲੀਅਨ ਡਾਲਰ ਤੱਕ ਦਾ ਵਪਾਰ ਹੋਇਆ ਹੈ, ਜਿਸ ਨੂੰ ਵਰ੍ਹੇ 2032 ਤੱਕ ਦੁੱਗਣਾ ਕਰਕੇ 200 ਬਿਲੀਅਨ ਡਾਲਰ ਤੱਕ ਪਹੁੰਚਾਉਣ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਹੈ। ਦੋਨਾਂ ਨੇਤਾਵਾਂ ਨੇ ਭਾਰਤ-ਯੂਏਈ ਮਿੱਤਰਤਾ ਦੇ ਸਥਾਈ ਪ੍ਰਤੀਕ ਦੇ ਰੂਪ ਵਿੱਚ ਆਬੂ ਧਾਬੀ ਵਿੱਚ ਇੱਕ ਹਾਊਸ ਆਫ ਇੰਡੀਆ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ।



## ਮਹੱਤਵਪੂਰਨ ਐਲਾਨ

- ਭਾਰਤ ਵਿੱਚ ਸੁਪਰ ਕੰਪਿਊਟਿੰਗ ਕਲਸਟਰ ਦੀ ਸਥਾਪਨਾ ਹੋਵੇਗੀ।
- 2032 ਤੱਕ ਦੁਵੱਲੇ ਵਪਾਰ ਨੂੰ 200 ਅਰਬ ਅਮਰੀਕੀ ਡਾਲਰ ਤੱਕ ਕਰਨ ਦਾ ਟੀਚਾ।
- ਦੁਵੱਲੇ ਸਿਵਿਲ ਨਿਊਕਲੀਅਰ ਸਹਿਯੋਗ ਨੂੰ ਹੁਲਾਰਾ ਦੇਣਾ।
- ਗੁਜਰਾਤ ਦੀ ਗਿਫਟ ਸਿਟੀ ਵਿੱਚ ਯੂਏਈ ਕੰਪਨੀਆਂ- ਫਸਟ ਆਬੂ ਧਾਬੀ ਬੈਂਕ (ਐੱਫਏਬੀ) ਅਤੇ ਡੀਪੀ ਵਰਲਡ ਦਫ਼ਤਰ ਅਤੇ ਸੰਚਾਲਨ ਦੀ ਸਥਾਪਨਾ।
- ਡਿਜੀਟਲ/ਡੇਟਾ ਐਂਬੈਸੀ ਦੀ ਸਥਾਪਨਾ ਦੀ ਸੰਭਾਵਨਾ ਦਾ ਪਤਾ ਲਗਾਉਣਾ।
- ਆਬੂ ਧਾਬੀ ਵਿੱਚ 'ਹਾਊਸ ਆਫ ਇੰਡੀਆ' ਦੀ ਸਥਾਪਨਾ।
- ਯੁਵਾ ਅਦਾਨ- ਪ੍ਰਦਾਨ ਨੂੰ ਉਤਸ਼ਾਹਿਤ ਕਰਨਾ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।





**ਸੰਯੁਕਤ ਅਰਬ ਅਮੀਰਾਤ ਨੇ 2026 ਵਿੱਚ ਭਾਰਤ ਦੀ ਬ੍ਰਿਕਸ ਪ੍ਰਧਾਨਗੀ ਦੀ ਸਫਲਤਾ ਦੇ ਲਈ ਆਪਣਾ ਪੂਰਨ ਸਮਰਥਨ ਵਿਅਕਤ ਕੀਤਾ। ਉੱਥੇ ਹੀ ਭਾਰਤੀ ਪੱਖ ਨੇ 2026 ਸੰਯੁਕਤ ਰਾਸ਼ਟਰ ਜਲ ਸੰਮੇਲਨ ਲਈ ਆਪਣਾ ਸਮਰਥਨ ਦਿੱਤਾ, ਜਿਸ ਦੀ ਸਹਿ-ਮੇਜ਼ਬਾਨੀ 2026 ਦੇ ਅੰਤ ਵਿੱਚ ਯੂਏਈ ਦੁਆਰਾ ਕੀਤੀ ਜਾਵੇਗੀ।**

ਸੱਭਿਆਚਾਰਕ ਸਮਝ ਨੂੰ ਹੋਰ ਡੂੰਘਾ ਕਰਨ ਦੇ ਉਦੇਸ਼ ਨਾਲ ਜਨ ਕੇਂਦ੍ਰਿਤ ਸਬੰਧਾਂ ਨੂੰ ਜਾਰੀ ਰੱਖਣ 'ਤੇ ਸਹਿਮਤੀ ਬਣੀ। ਭਾਰਤ- ਯੂਏਈ ਸਾਂਝੇਦਾਰੀ ਦੇ ਨੀਂਹ ਪੱਥਰ ਦੇ ਰੂਪ ਵਿੱਚ ਸਿੱਖਿਆ ਦੀ ਪਛਾਣ ਕੀਤੀ ਗਈ ਹੈ। ਸੰਯੁਕਤ ਅਰਬ ਅਮੀਰਾਤ ਵਿੱਚ ਭਾਰਤੀ ਟੈਕਨੋਲੋਜੀ ਸੰਸਥਾਨ, ਦਿੱਲੀ ਅਤੇ ਭਾਰਤੀ ਪ੍ਰਬੰਧਨ ਸੰਸਥਾਨ, ਅਹਿਮਦਾਬਾਦ ਦੇ ਔਫਸ਼ੋਰ ਕੈਂਪਸ ਦੇ ਖੁੱਲ੍ਹਣ ਅਤੇ ਅਕਾਦਮਿਕ ਸੰਸਥਾਨਾਂ ਦੇ ਦਰਮਿਆਨ ਸਬੰਧਾਂ ਨੂੰ ਹੁਲਾਰਾ ਦੇਣ ਨੂੰ ਉਤਸ਼ਾਹਿਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਵਿੱਚ ਸਕੂਲ ਅਤੇ ਕਾਲਜਾਂ ਵਿੱਚ ਨਵੀਨਤਾ ਅਤੇ ਟਿੰਕਰਿੰਗ ਲੈਬ ਦੇ ਵਿਸਤਾਰ ਵਿੱਚ ਸਹਿਯੋਗ ਵੀ ਸ਼ਾਮਲ ਹੋਵੇਗਾ।

ਦੋਨਾਂ ਨੇਤਾਵਾਂ ਨੇ ਦੁਵੱਲੀ ਊਰਜਾ ਸਾਂਝੇਦਾਰੀ ਦੀ ਮਜ਼ਬੂਤੀ 'ਤੇ ਤਸੱਲੀ ਪ੍ਰਗਟ ਕੀਤੀ । ਭਾਰਤ ਦੀ ਊਰਜਾ ਸੁਰੱਖਿਆ ਵਿੱਚ ਸੰਯੁਕਤ ਅਰਬ ਅਮੀਰਾਤ ਦੇ ਯੋਗਦਾਨ ਨੂੰ ਵੀ ਰੇਖਾਂਕਿਤ ਕੀਤਾ ਗਿਆ। ਹਿੰਦੁਸਤਾਨ ਪੈਟਰੋਲੀਅਮ ਕਾਪੋਰੇਸ਼ਨ ਲਿਮਿਟੇਡ ਅਤੇ ਏਡੀਐੱਨਓਸੀ ਗੈਸ ਦੇ ਵਿਚਕਾਰ 2028 ਤੋਂ ਸ਼ੁਰੂ ਹੋਣ ਵਾਲੇ 0.5 ਮਿਲੀਅਨ ਟਨ ਪ੍ਰਤੀ ਵਰ੍ਹੇ ਲਿਕਵਿਫਾਇਡ ਨੈਚੁਰਲ ਗੈਸ ਦੀ ਸਪਲਾਈ ਦੇ ਲਈ 10 ਵਰ੍ਹਿਆਂ ਦੇ ਸਮਝੌਤੇ 'ਤੇ ਦਸਤਖਤ ਕੀਤੇ ਗਏ। ਦੋਨਾਂ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੇ ਪ੍ਰਤੀ ਡੂੰਘੇ ਸਨਮਾਨ ਅਤੇ ਰਣਨੀਤਕ ਖੁਦ ਮੁਖਤਿਆਰੀ ਦੇ ਮਹੱਤਵ 'ਤੇ ਜ਼ੋਰ ਦਿੱਤਾ ਗਿਆ। ਨਿਰੰਤਰ ਅਤੇ ਮਜ਼ਬੂਤ ਦੁਵੱਲੇ ਰੱਖਿਆ- ਸਹਿਯੋਗ ਨੂੰ ਵਿਆਪਕ ਰਣਨੀਤਕ ਸਾਂਝੇਦਾਰੀ ਦੇ ਇੱਕ ਮੁੱਖ ਥੰਮ੍ਹ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ। ਸਰਹੱਦ ਪਾਰ ਅੱਤਵਾਦ ਸਮੇਤ ਸਾਰੇ ਰੂਪਾਂ ਅਤੇ ਪ੍ਰਗਟਾਵਿਆਂ ਵਿੱਚ ਅੱਤਵਾਦ ਦੀ ਸਪਸ਼ਟ ਤੌਰ 'ਤੇ ਨਿੰਦਾ ਕੀਤੀ ਗਈ ਅਤੇ ਕਿਹਾ ਗਿਆ ਕਿ ਕਿਸੇ ਵੀ ਦੇਸ਼ ਨੂੰ ਉਨ੍ਹਾਂ ਲੋਕਾਂ ਨੂੰ ਸੁਰੱਖਿਅਤ ਪਨਾਹ ਪ੍ਰਦਾਨ ਨਹੀਂ ਕਰਨੀ ਚਾਹੀਦੀ ਜੋ ਅੱਤਵਾਦੀ ਕਾਰਵਾਈਆਂ ਦੀ ਫੰਡਿੰਗ, ਯੋਜਨਾ, ਸਮਰਥਨ ਜਾਂ ਉਸ ਨੂੰ ਅੰਜਾਮ ਦਿੰਦੇ ਹਨ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

"ਮਦਰ ਆਫ ਔਲ ਡੀਲਜ਼"

# ਭਾਰਤ- ਯੂਰੋਪੀਅਨ ਯੂਨੀਅਨ ਰਿਸ਼ਤਿਆਂ ਵਿੱਚ ਨਵੇਂ ਯੁੱਗ ਦਾ ਸ਼ੰਖਨਾਦ

ਅੱਜ ਆਲਮੀ ਅਰਥਵਿਵਸਥਾ ਵਿੱਚ ਵੱਡੇ ਪੈਮਾਨੇ 'ਤੇ ਉਥਲ-ਪੁਥਲ ਹੋ ਰਹੀ ਹੈ, ਅਜਿਹੇ ਵਿੱਚ ਭਾਰਤ ਅਤੇ ਯੂਰੋਪੀਅਨ ਯੂਨੀਅਨ ਦਰਮਿਆਨ ਹੋਇਆ ਇਤਿਹਾਸ ਦਾ ਸਭ ਤੋਂ ਵੱਡਾ ਮੁਕਤ ਵਪਾਰ ਸਮਝੌਤਾ (ਐੱਫਟੀਏ) ਅੰਤਰਰਾਸ਼ਟਰੀ ਪੱਧਰ 'ਤੇ ਸਥਿਰਤਾ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਯੂਰੋਪੀਅਨ ਯੂਨੀਅਨ ਹੁਣ ਭਾਰਤ ਦੇ ਸਭ ਤੋਂ ਵੱਡੇ ਵਪਾਰਕ ਸਾਂਝੇਦਾਰਾਂ ਵਿੱਚੋਂ ਇੱਕ ਹੈ। ਭਾਰਤ ਅਤੇ ਯੂਰੋਪੀਅਨ ਯੂਨੀਅਨ ਦਾ ਦੁਵੱਲਾ ਵਪਾਰ ਨਿਰੰਤਰ ਵਾਧੇ ਦੇ ਨਾਲ 2024- 25 ਵਿੱਚ 11.5 ਲੱਖ ਕਰੋੜ ਰੁਪਏ ਦਾ ਰਿਹਾ ਹੈ। ਇਸ ਸਮਝੌਤੇ ਨਾਲ ਨਾ ਸਿਰਫ਼ ਦੁਵੱਲਾ ਵਪਾਰ ਅਸਾਨ ਅਤੇ ਪ੍ਰਤੀਯੋਗੀ ਹੋਵੇਗਾ ਸਗੋਂ ਨਿਵੇਸ਼, ਨਵੀਨਤਾ, ਸਪਲਾਈ ਚੇਨ ਅਤੇ ਰੁਜ਼ਗਾਰ ਦੇ ਵੀ ਖੁੱਲ੍ਹਣਗੇ ਨਵੇਂ ਮੌਕੇ ...

ਵਿਸ਼ਵ ਦੀ ਦੂਜੀ ਅਤੇ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਦੇ ਦਰਮਿਆਨ ਹੋਇਆ ਇਤਿਹਾਸਕ ਮੁਕਤ ਵਪਾਰ ਸਮਝੌਤਾ ਕਈ ਪੱਖੋਂ ਮਹੱਤਵਪੂਰਨ ਹੈ। ਇਸ ਸਮਝੌਤੇ ਨਾਲ ਭਾਰਤ ਅਤੇ ਯੂਰੋਪੀਅਨ ਯੂਨੀਅਨ ਦੀ ਦੋ ਅਰਬ ਆਬਾਦੀ ਨੂੰ ਤਾਂ ਲਾਭ ਮਿਲੇਗਾ ਹੀ ਪਰ ਵਿਸ਼ਵ ਦੇ ਦੂਜੇ ਦੇਸ਼ਾਂ 'ਤੇ ਵੀ ਇਸ ਦਾ ਵਿਆਪਕ ਅਸਰ ਹੋਵੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਯੂਰੋਪੀਅਨ ਕੌਂਸਲ ਦੇ ਪ੍ਰੈਜ਼ੀਡੈਂਟ ਐਨਟੋਨਿਓ ਕੋਸਟਾ ਅਤੇ ਯੂਰੋਪੀਅਨ ਕਮਿਸ਼ਨ ਦੇ ਪ੍ਰੈਜ਼ੀਡੈਂਟ ਉਰਸੁਲਾ ਵੌਨ ਡੇਰ ਲੇਯਨ ਦੀ ਮੌਜੂਦਗੀ ਵਿੱਚ ਇਹ ਇਤਿਹਾਸਕ ਸਮਝੌਤਾ ਹੋਇਆ। ਇਸ ਸਮਝੌਤੇ ਨਾਲ ਵਿਸ਼ਵ ਦੀਆਂ ਦੋ ਸਭ ਤੋਂ ਵੱਡੀਆਂ ਲੋਕਤੰਤਰੀ ਸ਼ਕਤੀਆਂ ਨੇ ਆਪਣੇ ਸਬੰਧਾਂ ਵਿੱਚ ਇੱਕ ਨਿਰਣਾਇਕ ਅਧਿਆਏ ਜੋੜਿਆ ਹੈ।

ਭਾਰਤ-ਯੂਰੋਪੀਅਨ ਯੂਨੀਅਨ ਐੱਫਟੀਏ ਨਾਲ ਆਰਥਿਕ ਅਤੇ ਰਣਨੀਤਕ ਸਬੰਧਾਂ ਨੂੰ ਮਜ਼ਬੂਤੀ ਮਿਲੇਗੀ। ਦੇਸ਼ ਦੇ ਕਿਸਾਨਾਂ ਅਤੇ ਲਘੂ ਉਦਯੋਗਾਂ ਦੇ ਲਈ ਯੂਰੋਪੀਅਨ ਮਾਰਕਿਟ ਤੱਕ ਪਹੁੰਚ ਅਸਾਨ ਹੋਵੇਗੀ। ਮੈਨੂਫੈਕਚਰਿੰਗ ਸੈਕਟਰ ਵਿੱਚ ਨਵੇਂ ਮੌਕਿਆਂ ਦਾ ਸਿਰਜਣ ਹੋਵੇਗਾ। ਸੇਵਾ ਖੇਤਰ

ਦੇ ਦਰਮਿਆਨ ਸਹਿਯੋਗ ਨੂੰ ਹੋਰ ਮਜ਼ਬੂਤੀ ਮਿਲੇਗੀ, ਰੁਜ਼ਗਾਰ ਪੈਦਾ ਹੋਣਗੇ, ਪੇਸ਼ੇਵਰ ਸ਼ਖਸੀਅਤਾਂ, ਵਿਦਿਆਰਥੀਆਂ ਅਤੇ ਖੋਜ ਕਰਤਾਵਾਂ ਦੇ ਲਈ ਗਤੀਸ਼ੀਲਤਾ ਵਧੇਗੀ। ਇਸ ਸਮਝੌਤੇ ਨਾਲ ਵਪਾਰ, ਨਿਵੇਸ਼ ਅਤੇ ਨਵੀਨਤਾ ਨੂੰ ਹੁਲਾਰਾ ਮਿਲੇਗਾ। ਨਾਲ ਹੀ ਭਾਰਤ ਦੇ ਵਿਦਿਆਰਥੀਆਂ, ਕਾਮਿਆਂ ਅਤੇ ਪੇਸ਼ੇਵਰਾਂ ਦੇ ਲਈ ਯੂਰੋਪੀਅਨ ਯੂਨੀਅਨ ਵਿੱਚ ਨਵੇਂ ਮੌਕੇ ਖੁੱਲ੍ਹਣਗੇ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਪਿਛਲੇ ਕੁਝ ਵਰ੍ਹਿਆਂ ਵਿੱਚ ਭਾਰਤ ਅਤੇ ਯੂਰੋਪੀਅਨ ਯੂਨੀਅਨ ਦੇ ਦਰਮਿਆਨ ਸਬੰਧਾਂ ਵਿੱਚ ਪ੍ਰਗਤੀ ਹੋਈ ਹੈ। ਇਸ ਵਿੱਚ ਯੂਰੋਪੀਅਨ ਯੂਨੀਅਨ ਵਿੱਚ ਰਹਿ ਰਹੇ 8 ਲੱਖ ਤੋਂ ਵੱਧ ਭਾਰਤੀ ਸਰਗਰਮ ਯੋਗਦਾਨ ਦੇ ਰਹੇ ਹਨ। ਮੌਜੂਦਾ ਸਮੇਂ ਦੋਨਾਂ ਦਰਮਿਆਨ 180 ਬਿਲੀਅਨ ਯੂਰੋ ਦਾ ਵਪਾਰ ਹੈ। ਦੋਨਾਂ ਦੇ ਵਿਚਕਾਰ ਸਟ੍ਰੈਟੇਜਿਕ ਟੈਕਨੋਲੋਜੀ, ਸਵੱਛ ਊਰਜਾ ਅਤੇ ਡਿਜੀਟਲ ਗਵਰਨੈਂਸ ਤੋਂ ਲੈ ਕੇ ਡਿਵੈਲਪਮੈਂਟ ਪਾਰਟਨਰਸ਼ਿਪ ਦੇ ਖੇਤਰ ਤੱਕ ਸਹਿਯੋਗ ਦੇ ਨਵੇਂ ਆਯਾਮ ਸਥਾਪਿਤ ਹੋਏ ਹਨ। ਭਾਰਤ ਨੇ ਆਪਣੇ ਇਤਿਹਾਸ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਮੁਕਤ ਵਪਾਰ ਸਮਝੌਤਾ ਕੀਤਾ ਹੈ। 27 ਜਨਵਰੀ ਦੀ ਇਹ ਮਿਤੀ ਸੁਖਦ ਸੰਜੋਗ ਹੈ ਕਿ ਭਾਰਤ ਨੇ ਯੂਰੋਪੀਅਨ ਯੂਨੀਅਨ ਦੇ 27 ਦੇਸ਼ਾਂ ਦੇ ਨਾਲ ਇਹ ਸਮਝੌਤਾ ਕੀਤਾ ਹੈ। ਇਹ ਇਤਿਹਾਸਕ ਸਮਝੌਤਾ ਕਿਸਾਨਾਂ, ਛੋਟੇ ਉਦਯੋਗਾਂ ਦੀ ਯੂਰੋਪੀਅਨ ਮਾਰਕਿਟ ਤੱਕ ਪਹੁੰਚ ਨੂੰ ਅਸਾਨ ਬਣਾਏਗਾ। ਮੈਨੂਫੈਕਚਰਿੰਗ ਵਿੱਚ ਨਵੇਂ ਮੌਕੇ ਅਤੇ ਸਰਵਿਸ ਸੈਕਟਰ ਦੇ ਦਰਮਿਆਨ ਸਹਿਯੋਗ ਨੂੰ ਮਜ਼ਬੂਤ ਕਰੇਗਾ। ਇਹੀ ਨਹੀਂ ਐੱਫਟੀਏ ਭਾਰਤ ਅਤੇ ਯੂਰੋਪੀਅਨ ਯੂਨੀਅਨ ਦੇ ਦਰਮਿਆਨ ਇਨਵੈਸਟਮੈਂਟ ਨੂੰ ਬੂਸਟ ਕਰੇਗਾ ਅਤੇ ਨਵੀਨਤਾ ਸਾਂਝੇਦਾਰੀ ਬਣਾਏਗਾ। ਆਲਮੀ ਪੱਧਰ ‘ਤੇ ਸਪਲਾਈ ਚੇਨ ਨੂੰ ਮਜ਼ਬੂਤ ਕਰਨ ਦੇ ਨਾਲ ਇਹ ਸਮਝੌਤਾ ਸਾਂਝੀ ਸਮ੍ਰਿੱਧੀ ਦਾ ਨਵਾਂ ਬਲੂ ਪ੍ਰਿੰਟ ਵੀ ਹੋਵੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਰੱਖਿਆ ਅਤੇ ਸੁਰੱਖਿਆ ਸਹਿਯੋਗ ਕਿਸੇ ਵੀ ਸਟ੍ਰੈਟੇਜਿਕ ਪਾਰਟਨਰਸ਼ਿਪ ਦੀ ਨੀਂਹ ਹੁੰਦੇ ਹਨ ਜਿਸ ਨੂੰ ਭਾਰਤ ਅਤੇ ਯੂਰੋਪੀਅਨ ਯੂਨੀਅਨ ਨੇ ਰਸਮੀ ਰੂਪ ਦਿੱਤਾ। ਇਸ ਨਾਲ ਕਾਊਂਟਰ ਟੈਰੇਰਿਜ਼ਮ, ਮੈਰੀਟਾਈਮ ਅਤੇ ਸਾਈਬਰ ਸਕਿਓਰਿਟੀ ਵਿੱਚ ਸਾਂਝੇਦਾਰੀ ਹੋਰ ਮਜ਼ਬੂਤ ਹੋਵੇਗੀ। ਇੰਡੋ- ਪੈਸਿਫਿਕ ਸੈਕਟਰ ਵਿੱਚ ਦੋਨੋਂ ਧਿਰਾਂ ਦੇ ਸਹਿਯੋਗ ਦਾ ਦਾਇਰਾ ਵਧੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਰਾਸ਼ਟਰਾਂ ਦੇ ਸਬੰਧਾਂ ਵਿੱਚ ਕਦੇ-ਕਦੇ ਅਜਿਹਾ ਪਲ ਆਉਂਦਾ ਹੈ, ਜਦੋਂ ਇਤਿਹਾਸ ਖੁਦ ਕਹਿੰਦਾ ਹੈ, ਇੱਥੋਂ ਹੀ ਦਿਸ਼ਾ ਬਦਲੀ, ਇੱਥੋਂ ਹੀ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਭਾਰਤ ਅਤੇ ਯੂਰੋਪੀਅਨ ਦੀ ਇਹ ਇਤਿਹਾਸਕ ਸਮਿਟ ਉਹੀ ਪਲ ਹੈ।

## 10 ਵਰ੍ਹਿਆਂ ਵਿੱਚ ਵਪਾਰ ਹੋਇਆ ਦੁੱਗਣਾ

ਯੂਰੋਪੀਅਨ ਯੂਨੀਅਨ ਭਾਰਤ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲਾਂ ਵਿੱਚੋਂ ਇੱਕ ਹੈ। ਪਿਛਲੇ 10 ਵਰ੍ਹਿਆਂ ਵਿੱਚ ਭਾਰਤ ਅਤੇ ਯੂਰੋਪੀਅਨ ਯੂਨੀਅਨ ਦਾ ਵਪਾਰ ਦੁੱਗਣਾ ਹੋ ਕੇ 180 ਬਿਲੀਅਨ ਯੂਰੋ ਤੱਕ ਪਹੁੰਚ ਗਿਆ ਹੈ। ਭਾਰਤ ਵਿੱਚ 6,000 ਤੋਂ ਵੱਧ ਯੂਰੋਪੀਅਨ ਕੰਪਨੀਆਂ ਕੰਮ ਕਰ ਰਹੀਆਂ ਹਨ। ਯੂਰੋਪੀਅਨ ਯੂਨੀਅਨ ਤੋਂ ਭਾਰਤ ਵਿੱਚ 120 ਬਿਲੀਅਨ ਯੂਰੋ ਤੋਂ ਵੱਧ ਦਾ ਨਿਵੇਸ਼ ਹੈ। ਭਾਰਤ ਦੀਆਂ 1,500 ਕੰਪਨੀਆਂ ਯੂਰੋਪੀਅਨ ਯੂਨੀਅਨ ਵਿੱਚ ਮੌਜੂਦ ਹਨ। ਹਾਲਾਂਕਿ ਭਾਰਤੀ ਨਿਵੇਸ਼ ਲਗਭਗ 40 ਬਿਲੀਅਨ ਯੂਰੋ ਤੱਕ ਪਹੁੰਚ ਚੁੱਕਿਆ ਹੈ।



## ਤਿੰਨ ਤਰਜੀਹਾਂ ‘ਤੇ ਪ੍ਰਧਾਨ ਮੰਤਰੀ ਮੋਦੀ ਦਾ ਫੋਕਸ

**ਪਹਿਲਾ :** ਅੱਜ ਵਿਸ਼ਵ ਵਿੱਚ ਵਪਾਰ, ਟੈਕਨੋਲੋਜੀ ਅਤੇ ਕ੍ਰਿਟੀਕਲ ਮਿਨਰਲਜ਼ ਨੂੰ ਵੇਪਨਾਈਜ਼ਡ ਕੀਤਾ ਜਾ ਰਿਹਾ ਹੈ। ਅਜਿਹੇ ਵਿੱਚ ਇਕੱਠੇ ਮਿਲ ਕੇ ਆਪਣੀਆਂ ਨਿਰਭਰਤਾਵਾਂ ਨੂੰ ਡੀ-ਰਿਸਕ ਕਰਨ ਦੀ ਜ਼ਰੂਰਤ ਹੈ।

**ਦੂਜਾ :** ਭਾਰਤ ਅਤੇ ਯੂਰੋਪੀਅਨ ਯੂਨੀਅਨ ਦੋਨਾਂ ਦਾ ਫੋਕਸ ਡਿਫੈਂਸ ਇੰਡਸਟ੍ਰੀਜ਼ ਅਤੇ ਫ੍ਰੰਟੀਅਰ ਟੈਕਨੋਲੋਜੀ ‘ਤੇ ਰਿਹਾ ਹੈ। ਪੀਐੱਮ ਮੋਦੀ ਨੇ ਬਿਜ਼ਨੇਸ ਫੋਰਮ ਵਿੱਚ ਡਿਫੈਂਸ, ਸਪੇਸ, ਟੈਲੀਕੌਮ ਅਤੇ ਏਆਈ ਜਿਹੇ ਖੇਤਰਾਂ ਵਿੱਚ ਸਾਂਝੇਦਾਰੀ ਵਧਾਉਣ ਦੀ ਤਾਕੀਦ ਕੀਤੀ ਹੈ।

**ਤੀਜਾ :** ਸਵੱਛ ਅਤੇ ਟਿਕਾਊ ਭਵਿੱਖ ਦੋਨਾਂ ਦੀ ਤਰਜੀਹ ਹੈ। ਗ੍ਰੀਨ ਹਾਈਡ੍ਰੋਜਨ ਤੋਂ ਲੈ ਕੇ ਸੋਲਰ ਐਨਰਜੀ ਅਤੇ ਸਮਾਰਟ ਗਰਿੱਡ, ਹਰ ਖੇਤਰ ਵਿੱਚ ਸਾਂਝੀ ਖੋਜ ਅਤੇ ਨਿਵੇਸ਼ ਵਧਾਉਣਾ ਚਾਹੀਦਾ ਹੈ।

### 22ਵਾਂ ਐੱਫਟੀਏ ਭਾਗੀਦਾਰ

ਯੂਰੋਪੀਅਨ ਯੂਨੀਅਨ ਭਾਰਤ ਦਾ 22ਵਾਂ ਐੱਫਟੀਏ ਭਾਗੀਦਾਰ ਬਣਿਆ ਹੈ। ਕੇਂਦਰ ਸਰਕਾਰ ਨੇ 2014 ਤੋਂ ਮਾਰੀਸ਼ਸ, ਸੰਯੁਕਤ ਅਰਬ ਅਮੀਰਾਤ, ਬ੍ਰਿਟੇਨ, ਈਐੱਫਟੀਏ, ਓਮਾਨ ਅਤੇ ਆਸਟ੍ਰੇਲੀਆ ਦੇ ਨਾਲ ਵਪਾਰ ਸਮਝੌਤੇ ‘ਤੇ ਹਸਤਾਖਰ ਕੀਤੇ ਹਨ। ਵਰ੍ਹੇ 2025 ਵਿੱਚ ਭਾਰਤ ਨੇ ਓਮਾਨ ਅਤੇ ਯੂਕੇ ਦੇ ਨਾਲ ਵਪਾਰ ਸਮਝੌਤੇ ‘ਤੇ ਹਸਤਾਖਰ ਕੀਤੇ ਅਤੇ ਨਿਊਜ਼ੀਲੈਂਡ ਦੇ ਨਾਲ ਵਪਾਰ ਸਮਝੌਤੇ ਦਾ ਐਲਾਨ ਕੀਤਾ।



## ਬਿਹਤਰ ਬਜ਼ਾਰ ਹੋਵੇਗਾ ਉਪਲਬਧ

**ਭਾਰਤ ਅਤੇ ਯੂਰੋਪੀਅਨ ਯੂਨੀਅਨ ਦੇ ਸੰਯੁਕਤ ਬਜ਼ਾਰ ਦਾ ਅਨੁਮਾਨਿਤ ਮੁੱਲ 2091.6 ਲੱਖ ਕਰੋੜ ਰੁਪਏ ਤੋਂ ਵੱਧ ਹੈ। ਵਪਾਰ ਮੁੱਲ ਦੇ ਹਿਸਾਬ ਨਾਲ ਭਾਰਤ ਦੇ 99 ਪ੍ਰਤੀਸ਼ਤ ਤੋਂ ਵੱਧ ਨਿਰਯਾਤ ਦੇ ਲਈ ਇਹ ਮੁਕਤ ਵਪਾਰ ਸਮਝੌਤਾ ਪਹਿਲਾਂ ਤੋਂ ਬਿਹਤਰ ਬਜ਼ਾਰ ਪਹੁੰਚ ਪ੍ਰਦਾਨ ਕਰੇਗਾ।**

## ਭਾਰਤ ਦੀ ਯੂਰੋਪੀਅਨ ਬਜ਼ਾਰਾਂ ਤੱਕ ਪਹੁੰਚ

- ਭਾਰਤ ਨੇ ਵਿਸ਼ੇਸ਼ ਤੌਰ ‘ਤੇ 99.5% ਵਪਾਰ ਮੁੱਲ ਨੂੰ ਕਵਰ ਕਰਦੇ ਹੋਏ 97% ਟੈਰਿਫ ਲਾਈਨਾਂ ‘ਤੇ ਯੂਰੋਪੀਅਨ ਬਜ਼ਾਰਾਂ ਵਿੱਚ ਤਰਜੀਹੀ ਪਹੁੰਚ ਬਣਾਈ ਹੈ।
- ਭਾਰਤ ਦੇ 90.7% ਨਿਰਯਾਤ ਦੇ ਤਹਿਤ ਆਉਣ ਵਾਲੀਆਂ 70.4% ਟੈਰਿਫ ਲਾਈਨਾਂ ਤੋਂ ਟੈਕਸਟਾਈਲ, ਲੈਦਰ ਅਤੇ ਫੁੱਟਵੇਅਰ, ਚਾਹ, ਕੌਫੀ, ਮਸਾਲੇ, ਖੇਡਾਂ ਦਾ ਸਮਾਨ, ਖਿਡੌਣੇ ਅਤੇ ਰਤਨ ਵਰਗੇ ਮਹੱਤਵਪੂਰਨ ਕਿਰਤ- ਪ੍ਰਧਾਨ ਖੇਤਰਾਂ ਦੇ ਲਈ ਤੁਰੰਤ ਟੈਕਸ ਹਟਾ ਦਿੱਤਾ ਜਾਵੇਗਾ।
- ਭਾਰਤ ਦੇ ਨਿਰਯਾਤ ਦੇ 2.9% ਹਿੱਸੇ ਦੇ ਤਹਿਤ ਆਉਣ ਵਾਲੀਆਂ 20.3% ਟੈਰਿਫ ਲਾਈਨਾਂ ‘ਤੇ ਕੁਝ ਸਮੁੰਦਰੀ ਉਤਪਾਦਾਂ, ਪ੍ਰੋਸੈੱਸਡ ਫੂਡ ਪ੍ਰੋਡਕਟਸ, ਹਥਿਆਰਾਂ ਅਤੇ ਗੋਲਾ- ਬਾਰੂਦ ਆਦਿ ਦੇ ਲਈ 3 ਅਤੇ 5 ਵਰ੍ਹਿਆਂ ਵਿੱਚ ਜ਼ੀਰੋ ਡਿਊਟੀ ਦੀ ਸੁਵਿਧਾ ਹੋਵੇਗੀ।
- ਭਾਰਤ ਦੇ ਨਿਰਯਾਤ ਦੇ 6% ਹਿੱਸੇ ਦੇ ਤਹਿਤ ਆਉਣ ਵਾਲੀਆਂ 6.1% ਟੈਰਿਫ ਲਾਈਨਾਂ ਨੂੰ ਕੁਝ ਪੋਲਟਰੀ ਉਤਪਾਦਾਂ, ਸੁਰੱਖਿਅਤ ਸਬਜ਼ੀਆਂ, ਬੇਕਰੀ ਉਤਪਾਦਾਂ ਆਦਿ ਦੇ ਲਈ ਟੈਰਿਫ ਵਿੱਚ ਕਮੀ ਦੇ ਜ਼ਰੀਏ ਜਾਂ ਕਾਰਾਂ, ਸਟੀਲ ਆਦਿ ਦੇ ਲਈ ਟੀਆਰਕਿਊ ਦੇ ਜ਼ਰੀਏ ਮੁੱਢਲੇ ਤੌਰ ‘ਤੇ ਪਹੁੰਚ ਪ੍ਰਾਪਤ ਹੋਵੇਗੀ।

“

ਭਾਰਤ ਅਤੇ European Union ਦਾ ਸਹਿਯੋਗ ਇੱਕ “ਪਾਰਟਨਰਸ਼ਿਪ ਫਾਰ global good” ਹੈ। ਇੰਡੋ-ਪੈਸਿਫਿਕ ਤੋਂ ਲੈ ਕੇ ਕੈਰੇਬੀਅਨ ਤੱਕ, trilateral projects ਨੂੰ ਵਿਸਤਾਰ ਦੇਣਗੇ। ਇਸ ਨਾਲ ਟਿਕਾਊ ਖੇਤੀਬਾੜੀ, ਸਵੱਛ ਊਰਜਾ ਅਤੇ ਮਹਿਲਾ ਸਸ਼ਕਤੀਕਰਣ ਨੂੰ ਠੋਸ ਸਮਰਥਨ ਮਿਲੇਗਾ। ਇਕੱਠੇ ਮਿਲ ਕੇ IMEC ਕੌਰੀਡੋਰ, ਆਲਮੀ ਵਪਾਰ ਅਤੇ ਟਿਕਾਊ ਵਿਕਾਸ ਦੀ ਇੱਕ ਪ੍ਰਮੁੱਖ ਕੜੀ ਦੇ ਰੂਪ ਵਿੱਚ ਸਥਾਪਿਤ ਕਰਨਗੇ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਵਸਤੂਆਂ ਅਤੇ ਸੇਵਾਵਾਂ ਵਿੱਚ ਦੁਵੱਲਾ ਵਪਾਰ ਪਿਛਲੇ ਕੁਝ ਵਰ੍ਹਿਆਂ ਵਿੱਚ ਲਗਾਤਾਰ ਵਧਿਆ ਹੈ। ਸਾਲ 2024- 25 ਵਿੱਚ ਯੂਰੋਪੀਅਨ ਯੂਨੀਅਨ ਦੇ ਨਾਲ ਭਾਰਤ ਦਾ ਦੁਵੱਲਾ ਵਪਾਰ 11.5 ਲੱਖ ਕਰੋੜ ਰੁਪਏ ਸੀ ਜਿਸ ਵਿੱਚ 6.4 ਲੱਖ ਕਰੋੜ ਰੁਪਏ ਦਾ ਨਿਰਯਾਤ ਅਤੇ 5.1 ਲੱਖ ਕਰੋੜ ਰੁਪਏ ਦਾ ਆਯਾਤ ਕੀਤਾ ਜਾ ਰਿਹਾ ਸੀ। ਯੂਰੋਪੀਅਨ ਯੂਨੀਅਨ ਨਾਲ ਭਾਰਤ ਨੂੰ ਹੋਣ ਵਾਲੇ ਨਿਰਯਾਤ ਵਿੱਚ ਮਸ਼ੀਨਰੀ, ਆਵਾਜਾਈ ਉਪਕਰਣ ਅਤੇ ਰਸਾਇਣ ਸ਼ਾਮਲ ਹਨ, ਹਾਲਾਂਕਿ ਭਾਰਤ ਤੋਂ ਹੋਣ ਵਾਲੇ ਆਯਾਤ ਵਿੱਚ ਮਸ਼ੀਨਰੀ, ਰਸਾਇਣ, ਬੇਸ ਮੈਟਲ, ਖਣਿਜ ਉਤਪਾਦ ਅਤੇ ਕੱਪੜਾ ਸ਼ਾਮਲ ਹੈ। ਸੇਵਾ ਖੇਤਰ ਵਿੱਚ ਭਾਰਤ-ਯੂਰੋਪੀਅਨ ਯੂਨੀਅਨ ਦਾ ਵਪਾਰ 2024 ਵਿੱਚ 7.2 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ।

## ਗੁਣਵੱਤਾ ਨਾਲ ਦਿਲ ਜਿੱਤੋ, ਲੰਬੇ ਸਮੇਂ ਤੱਕ ਰਹਿੰਦਾ ਹੈ ਇਸ ਦਾ ਪ੍ਰਭਾਵ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਾਰੇ ਤਰ੍ਹਾਂ ਦੇ ਉਤਪਾਦਕਾਂ ਨੂੰ ਕਿਹਾ ਹੈ ਕਿ ਭਾਰਤ ਯੂਰੋਪੀਅਨ ਯੂਨੀਅਨ ਦੇ ਦਰਮਿਆਨ ਇਤਿਹਾਸਕ ਸਮਝੌਤੇ ਨਾਲ ਦੇਸ਼ ਦੇ ਉਦਯੋਗ- ਧੰਦੇ ਵਿੱਚ ਸ਼ਾਮਲ, ਮੈਨੂਫੈਕਚਰਰ ਦੇ ਲਈ ਵੱਡਾ ਬਜ਼ਾਰ ਖੁੱਲ੍ਹ ਗਿਆ ਹੈ। ਹੁਣ ਸਸਤੇ ਵਿੱਚ ਮਾਲ ਪਹੁੰਚਾਇਆ ਜਾਵੇਗਾ। ਇਸ ਮੌਕੇ ਦਾ ਸਭ ਤੋਂ ਪਹਿਲਾ ਮੰਤਰ ਇਹੀ ਹੈ ਕਿ ਕੁਆਲਿਟੀ ‘ਤੇ ਜ਼ੋਰ ਦਿਓ। ਵਧੀਆ ਤੋਂ ਵਧੀਆ ਕੁਆਲਿਟੀ ਲੈ ਕੇ ਬਜ਼ਾਰ ਵਿੱਚ ਜਾਓ। ਚੰਗੀ ਤੋਂ ਚੰਗੀ ਕੁਆਲਿਟੀ ਲੈ ਕੇ ਜਾਣ ਨਾਲ ਯੂਰੋਪੀਅਨ ਯੂਨੀਅਨ ਦੇ 27 ਦੇਸ਼ਾਂ ਦੇ ਖਰੀਦਦਾਰਾਂ ਤੋਂ ਸਿਰਫ਼ ਪੈਸੇ ਨਹੀਂ ਕਮਾਉਂਦੇ ਸਗੋਂ ਕੁਆਲਿਟੀ ਕਰਕੇ ਉਨ੍ਹਾਂ ਦਾ ਦਿਲ ਵੀ ਜਿੱਤ ਲੈਂਦੇ ਹਨ। ਲੰਬੇ ਅਰਸੇ ਤੱਕ ਇਸ ਦਾ ਪ੍ਰਭਾਵ ਰਹਿੰਦਾ ਹੈ।

## ਹੋਲ ਆਫ ਦਿ ਸੋਸਾਇਟੀ ਪਾਰਟਨਰਸ਼ਿਪ

ਭਾਰਤ ਅਤੇ ਯੂਰੋਪੀਅਨ ਯੂਨੀਅਨ ਦੇ ਦਰਮਿਆਨ ਹੋਈ ਸਾਂਝੇਦਾਰੀ ਨੂੰ ‘ਹੋਲ ਆਫ ਦਿ ਸੋਸਾਇਟੀ ਪਾਰਟਨਰਸ਼ਿਪ’ ਬਣਾਉਣ ਦੀ ਗੱਲ ਕਹੀ ਗਈ ਸੀ। ਇਸੇ ਸੋਚ ਦੇ ਨਾਲ ਮੁਕਤ ਵਪਾਰ ਸਮਝੌਤਾ ਕੀਤਾ ਗਿਆ। ਇਸ ਨਾਲ ਭਾਰਤ ਦੇ ਲੇਬਰ ਇੰਟੈਂਸਿਵ ਉਤਪਾਦਾਂ ਨੂੰ ਯੂਰੋਪੀਅਨ ਯੂਨੀਅਨ ਦੇ ਬਜ਼ਾਰ ਵਿੱਚ ਅਸਾਨੀ ਨਾਲ ਪਹੁੰਚ ਮਿਲੇਗੀ। ਇਸ ਵਿੱਚ ਵਿਸ਼ੇਸ਼ ਤੌਰ ‘ਤੇ ਟੈਕਸਟਾਈਲ, ਰਤਨ ਅਤੇ ਗਹਿਣੇ, ਆਟੋ ਪਾਰਟਸ ਅਤੇ ਇੰਜੀਨੀਅਰਿੰਗ ਦਾ ਸਮਾਨ ਸ਼ਾਮਲ ਹੈ। ਫਲਾਂ, ਸਬਜ਼ੀਆਂ, ਪ੍ਰੋਸੈੱਸਡ ਫੂਡ ਅਤੇ ਮਰੀਨ ਪ੍ਰੋਡਕਟਸ ਨਾਲ ਨਵੇਂ ਮੌਕੇ ਬਣਨਗੇ। ਇਸ ਦਾ ਸਿੱਧਾ ਲਾਭ ਦੇਸ਼ ਦੇ ਕਿਸਾਨਾਂ, ਮਛੇਰਿਆਂ ਅਤੇ ਸਰਵਿਸ ਸੈਕਟਰ ਨੂੰ ਹੋਵੇਗਾ। ਆਈਟੀ, ਐਜੂਕੇਸ਼ਨ, ਟ੍ਰੈਡੀਸ਼ਨਲ ਮੈਡੀਸਿਨ ਅਤੇ ਬਿਜ਼ਨੇਸ ਸਰਵਿਸ ਨੂੰ ਵੀ ਲਾਭ ਹੋਣਗੇ। ▪



**Narendra Modi**
@narendramodi

The Union Budget reflects the aspirations of 140 crore Indians. It strengthens the reform journey and charts a clear roadmap for Viksit Bharat.

#ViksitBharatBudget



**Rajnath Singh**
@rajnathsingh

Under the visionary leadership of PM Shri @narendramodi, India's journey towards a Viksit Bharat continues to gather momentum. In this spirit, I congratulate Finance Minister Smt. @nsitharaman, for presenting a budget that seeks to "transform aspiration into achievement" and "potential into performance". This "Yuva Shakti–driven Budget" will further strengthen PM Modi's vision of an Aatmanirbhar and Viksit Bharat.



**Amit Shah**
@AmitShah

बजट 2026-27 के माध्यम से प्रधानमंत्री मोदी जी ने सिद्ध किया है कि आत्मनिर्भर और विकसित भारत केवल एक नारा नहीं, बल्कि हमारी सरकार का संकल्प है। इस बजट में न सिर्फ हर क्षेत्र, हर वर्ग और हर नागरिक को सशक्त बनाने का एक स्पष्ट ब्लूप्रिंट है, बल्कि उसे प्रोत्साहन देने का एक जमीनी विजन भी है, जो उसे हर कदम पर मदद करेगा। #ViksitBharatBudget एक ऐसे भारत के निर्माण का विजन है, जो विश्व में हर क्षेत्र में अग्रणी हो।



**Nitin Gadkari**
@nitin_gadkari

#UnionBudget2026 outlines a decisive roadmap centred on farmers, youth, and MSMEs, strengthening the foundations of inclusive growth, innovation, and capital investment as India progresses towards #ViksitBharat2047.



**Shivraj Singh Cho...**
@ChouhanShivraj

वित्त मंत्री श्रीमती @nsitharaman जी द्वारा प्रस्तुत बजट अमृत काल का वह अमृत-कलश है, जिससे समृद्धि की सरिता बहेगी और विकसित भारत के विराट संकल्प की सिद्धि होगी।

यह बजट अर्थ से सामर्थ्य तक, अंत्योदय से अभ्युदय तक और साधन से समाधान तक की एक स्वर्णिम यात्रा है। इससे खेतों में हरियाली, खलिहानों में खुशहाली और हर चेहरे पर लाली आएगी।



**Manohar Lal**
@mlkhattar

यह विकसित भारत के संकल्प का विजिनरी बजट है...

देश के संसाधनों, सामर्थ्य और समृद्धि को ध्यान में रखते हुए Ease of Doing Business और Ease of Living की दिशा में चलकर लोगो के जीवन को सरल, सहज और समृद्ध करने वाला बजट है।



**ਬੀਟਿੰਗ ਰਿਟ੍ਰੀਟ ਸਮਾਰੋਹ**

# ਵਿਜੈ ਚੌਕ ‘ਤੇ

## ਪਰੰਪਰਾ, ਪਰਾਕ੍ਰਮ ਅਤੇ ਟੈਕਨੋਲੋਜੀ ਦਾ ਸੰਗਮ



ਨਵੀਂ ਦਿੱਲੀ ਦੇ ਵਿਜੈ ਚੌਕ ‘ਤੇ 29 ਜਨਵਰੀ 2026 ਦੀ ਸ਼ਾਮ ‘ਬੀਟਿੰਗ ਰਿਟ੍ਰੀਟ’ ਸਮਾਰੋਹ ਵਿੱਚ ਮਧੁਰ ਭਾਰਤੀ ਸੁਰ ਅਤੇ ਸੈਨਿਕਾਂ ਦੇ ਲੈਅਬੱਧ ਕਦਮਤਾਲ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਮਾਣ ਮਹਿਸੂਸ ਕਰਵਾਇਆ। ਇਸ ਮੌਕੇ ‘ਤੇ ਆਪ੍ਰੇਸ਼ਨ ਸਿੰਦੂਰ, ‘ਵੰਦੇ ਮਾਤਰਮ’ ਦੇ 150 ਵਰ੍ਹੇ, ਭਾਰਤ ਦੀ ਨਾਰੀ ਸ਼ਕਤੀ ਦੀ ਕ੍ਰਿਕੇਟ ਉਪਲਬਧੀ, ਅਗਨੀ ਡਰੋਨ, ਭੈਰਵ ਬਟਾਲੀਅਨ ਅਤੇ ਪ੍ਰਾਚੀਨ ‘ਗਰੁੜ ਵਿਊਹ’ ਯੁੱਧ ਸੰਰਚਨਾ ਨੂੰ ਸਸ਼ਕਤ ਰੂਪ ਨਾਲ ਦਰਸਾਇਆ ਗਿਆ। ਬੀਟਿੰਗ ਰਿਟ੍ਰੀਟ ਦੀ ਇਹ ਪਰੇਡ, 77ਵੇਂ ਗਣਤੰਤਰ ਦਿਵਸ ਸਮਾਰੋਹ ਦੀ ਸਮਾਪਤੀ ਦਾ ਪ੍ਰਤੀਕ ਅਤੇ ਸਮ੍ਰਿੱਧ ਸੈਨਿਕ ਵਿਰਾਸਤ ਦਾ ਰਿਹਾ ਵਿਲੱਖਣ ਪ੍ਰਦਰਸ਼ਨ ...

ਬੀਟਿੰਗ ਰਿਟ੍ਰੀਟ ਸਮਾਰੋਹ ਪੂਰਾ ਦੇਖਣ ਦੇ ਲਈ QR ਕੋਡ ਸਕੈਨ ਕਰੋ।





> ਅਜਿਹੇ ਸਮੇਂ ਵਿੱਚ ਜਦੋਂ ਅਸੀਂ ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਮਨਾ ਰਹੇ ਹਾਂ, ਤਾਂ ਸਾਡੀਆਂ ਸੈਨਾਵਾਂ ਦੁਆਰਾ ਬੀਟਿੰਗ ਰਿਟ੍ਰੀਟ 2026 ਵਿੱਚ ਇਸ ਦੀ ਪੇਸ਼ਕਾਰੀ ਖਾਸ ਤੌਰ ‘ਤੇ ਵਿਸ਼ੇਸ਼ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਨਿਊ ਇੰਡੀਆ
**ਸਮਾਚਾਰ**
ਪਖਵਾੜਾ

**RNI Registered No.DELPUN/2020/78808, 16-28 February, 2026**

RNI Registered No DELPUN/2020/78808, Delhi Postal License No DL(S)-1/3550/2023-25, WPP NO U(S)-98/2023-25,posting at BPC, Market Road, New Delhi-110001 on 13-17 advance Fortnightly (Publishing Date: 5 February, 2026, Total Pages- 64)

Editor in Chief
Dhirendra Ojha
Principal Director General,
Press Information Bureau, New Delhi

Published & Printed by:
Smt. Kanchan Prasad, Director General, on behalf of Central Bureau of Communication

Published from:
Room No–278, Central Bureau of Communication, 2nd Floor, Soochna Bhawan, New Delhi -110003

Printed at Chandu Press, 469, Patparganj, Industrial Estate, Delhi-110092

